# ਸੰਪਾਦਕੀ

ਫਰਵਰੀ ਮਹੀਨਾ ਭਗਤ ਰਵੀਦਾਸ ਜੀ ਦੇ ਜਨਮ ਉਤਸਵ ਨਾਲ ਸੁਭਾਇਮਾਨ ਹੈ। ਗੁਰੂ ਮਹਾਰਾਜ ਸਰਬ ਮਨੁੱਖਤਾ ਨੂੰ ਪਿਆਰ ਕਰਨ ਵਾਲੇ, ਸਭ ਮਹਾਂਪੁਰਸ਼ਾਂ, ਸੰਤਾਂ, ਸਾਧੂਆਂ, ਨਾਮ ਅਭਿਆਸੀਆਂ, ਗੁਰੂ ਪਿਆਰਿਆਂ ਦਾ ਇਕੋ ਜਿਹਾ ਸਤਿਕਾਰ ਕਰਦੇ ਸਨ। ਜੋ ਭਗਤ ਜਨ ਸੱਚ ਦੀ ਕਸਵੱਟੀ ਤੇ ਪੂਰੇ ਉਤਰੇ, ਉਨ੍ਹਾਂ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਰਾਬਰ ਦਾ ਸਥਾਨ ਬਖਸ਼ਿਸ਼ ਕੀਤਾ। 'ਏਕ ਦ੍ਰਿਸਟਿ ਕਰਿ ਸਮਸਰਿ ਜਾਨੈ' ਅਨੁਸਾਰ ਆਪ ਖੁਦ ਸਮਦ੍ਰਿਸ਼ਟੀ ਦੇ ਮਾਲਕ ਪੂਰਨ ਬ੍ਰਹਮਗਿਆਨੀ ਸਨ। ਬ੍ਰਹਮਗਿਆਨੀ ਦਾ ਲੱਛਣ ਹੈ –

*ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨਿ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥*
*ਪੰਨਾ - 272*

*ਬ੍ਰਹਮਗਿਆਨੀ ਸਦਾ ਸਮ ਦਰਸੀ॥*
*ਬ੍ਰਹਮਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥*
*ਪੰਨਾ - 273*

ਐਸੀ ਬ੍ਰਹਮਦ੍ਰਿਸ਼ਟੀ ਦੇ ਮਾਲਕ ਸਤਿਗੁਰਾਂ ਨੇ ਸੰਸਾਰ ਦੇ ਧਰਮ-ਇਤਿਹਾਸ ਵਿਚ ਐਸਾ ਕਰਮ ਪਹਿਲੀ ਵਾਰੀ ਕੀਤਾ ਕਿ ਬਿਨਾਂ ਕਿਸੇ ਸਮਾਜਕ ਜਾਂ ਧਾਰਮਿਕ ਵਖੇਵਿਆਂ ਜਾਂ ਜਾਤ ਪਾਤ ਦੀ ਊਚਨੀਚਤਾ ਵਲ ਧਿਆਨ ਦਿੰਦਿਆਂ ਅਨੇਕ ਭਗਤਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਰਾਬਰ ਦਾ ਸਥਾਨ ਦਿਤਾ ਅਤੇ ਦਸਮ ਪਾਤਸ਼ਾਹ ਨੇ ਇਸ ਗ੍ਰੰਥ ਸਾਹਿਬ ਨੂੰ ਗੁਰਿਆਈ ਦੀ ਪਦਵੀ ਨਾਲ ਸਨਮਾਨਤ ਕੀਤਾ। ਐਸੇ ਮਹਾਨ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਵੀ ਸ਼ੁਸ਼ੋਭਤ ਹਨ ਅਤੇ ਉਨ੍ਹਾਂ ਦੀ ਬਾਣੀ ਨੂੰ ਪੂਰਨ ਸਤਿਕਾਰ ਪ੍ਰਾਪਤ ਹੋਇਆ ਹੈ। ਇਹ ਕਿੰਨੀ ਵਿਲੱਖਣ ਗੱਲ ਹੈ ਕਿ ਅੱਜ ਸੰਸਾਰ ਭਰਦੇ ਹਰੇਕ ਗੁਰਦੁਆਰੇ ਵਿਚ, ਸਮੇਤ ਸਿੱਖ ਧਰਮ ਦੇ ਸਰਵ-ਸ਼੍ਰੋਮਣੀ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ, ਗੁਰੂ ਮਹਾਰਾਜ ਜੀ ਦੀ ਬਾਣੀ ਦੇ ਨਾਲ-ਨਾਲ ਭਗਤਿ ਰਵਿਦਾਸ ਜੀ ਦੀ ਬਾਣੀ ਦਾ ਵੀ ਗਾਇਨ ਹੁੰਦਾ ਹੈ ਜਿਸ ਨੂੰ ਰੇਡੀਓ ਰਾਹੀਂ ਕ੍ਰੋੜਾਂ ਦੀ ਗਿਣਤੀ ਵਿਚ ਲੋਕ ਸੁਣਦੇ ਅਤੇ ਮਾਣਦੇ ਹਨ।

ਡਾ. ਗੋਬਿੰਦ ਤ੍ਰਿਗੁਣਾਸਤ ਨੇ ਭਗਤ ਰਵਿਦਾਸ ਦਾ ਸਮਾਂ 1491-1597 ਮਿਥਿਆ ਹੈ (ਹਿੰਦੀ ਕੀ ਨਿਰਗੁਣ ਕਾਵਿ-ਧਾਰਾ)। ਭਗਤ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਬਾਣੀ ਨੂੰ ਹੀ ਪਰਮਾਣੀਕ ਮੰਨਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 16 ਰਾਗਾਂ ਵਿਚ 40 ਪਦੇ ਪ੍ਰਾਪਤ ਹਨ। ਆਪ ਜੀ ਦੀ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਦੀ ਸਤਿ ਦੀ ਵਿਚਾਰਧਾਰਾ, ਭਗਤੀ ਦੀ ਵਿਚਾਰਧਾਰਾ, ਨਾਮ-ਮਾਰਗ ਦੀ ਵਿਚਾਰਧਾਰਾ ਨਾਲ ਸੁਮੇਲ ਰਖਦੀ ਹੈ। ਗੁਰੂ ਅਮਰਦਾਸ ਜੀ ਸੰਸਾਰ ਦੇ ਮਨੁੱਖਾਂ ਵਿਚ ਭਗਤ ਜਨ ਨੂੰ ਸਰਵੋਤਮ ਅਤੇ ਪਾਤਸ਼ਾਹੀਆਂ ਦਾ ਮਾਲਕ ਦਸਦੇ ਹਨ –

*ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ*
*ਆਪੇ ਲਇਅਨੁ ਜਨ ਲਾਇ॥*
*ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ*
*ਸਿਰਿ ਛਤੁ ਸਚਾ ਹਰਿ ਬਣਾਇ॥*
*ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ॥*
*ਪੰਨਾ - 590*

ਏਸੇ ਸੁਰ ਵਿਚ ਭਗਤ ਰਵਿਦਾਸ ਜੀ ਭਗਤ ਨੂੰ ਅਸਲ ਪੰਡਿਤ ਸੂਰਮਾ, ਛਤ੍ਰਪਤਿ ਰਾਜਾ ਅਤੇ ਸਮਦ੍ਰਿਸ਼ਟੀ ਦਾ ਮਾਲਕ ਦਸਦੇ ਹਨ –

*ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥*
*ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥*
*ਪੰਨਾ - 858*

ਜਿਸ ਅਭੇਦ ਅਵਸਥਾ ਦਾ ਜ਼ਿਕਰ ਗੁਰੂ ਅਰਜਨ ਪਾਤਸ਼ਾਹ ਨੇ ਕੀਤਾ ਹੈ –

*ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮੁ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮੁ॥ ਪੰਨਾ - 846*

ਐਸੀ ਹੀ ਅਭੇਦਤਾ ਨੂੰ ਭਗਤ ਜੀ ਮੰਨਦੇ ਹਨ। ਜਦੋਂ ਭਗਤ ਆਪਣੀ 'ਹਉਂ' ਤੋਂ ਮੁਕਤ ਹੋ ਜਾਂਦਾ ਹੈ, ਤਾਂ 'ਮੈਂ' ਭਾਵਨਾ 'ਤੂੰ' ਵਿਚ ਇਸ ਤਰ੍ਹਾਂ ਘੁਲ ਮਿਲ ਜਾਂਦੀ ਹੈ ਜਿਵੇਂ ਪਾਣੀ ਦੀ ਬੂੰਦ ਜਾਂ ਲਹਿਰ ਸਾਗਰ ਵਿਚ ਪਾਣੀ ਹੀ ਹੋ ਜਾਂਦੀ ਹੈ, ਉਸ ਦੀ ਵਖਰੀ ਹੋਂਦ ਨਹੀਂ ਰਹਿੰਦੀ –

*1. ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥*
*ਕਨਕ ਕਟਿਕ ਤਰੰਗ ਜੈਸਾ॥ ਪੰਨਾ - 93*
*2. ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥*
*ਪੰਨਾ - 657*

ਭਗਤ ਰਵਿਦਾਸ ਜੀ ਗੁਰਮਤਿ ਅਨੁਸਾਰੀ (ਨਾਨਕ ਗਾਵੀਐ ਗੁਣੀ ਨਿਧਾਨ) ਹੁੰਦਿਆਂ ਪਰਮਾਤਮਾ ਦੇ ਅਨੇਕ ਗੁਣਾਂ ਦਾ ਬਖਾਨ ਕਰਦੇ ਹਨ। ਉਸ ਨੂੰ ਰਾਮ, ਗੁਸਈਆਂ, ਹਰਿ, ਗੋਬਿੰਦ, ਪ੍ਰਭੂ, ਨਿਰੰਜਨ, ਮਾਧਵ, ਰਾਮਈਆ, ਮੁਕੰਦ ਅਤੇ ਨਾਰਾਇਣ ਆਦਿ ਨਾਵਾਂ ਨਾਲ ਯਾਦ ਕਰਦੇ ਹਨ। ਪਰਮਾਤਮਾ ਨੂੰ ਅਨੇਕਾਂ ਗੁਣਾਂ ਦਾ ਧਾਰਨੀ ਮੰਨ ਕੇ ਆਪਣੀ ਬਾਣੀ ਵਿਚ ਉਨ੍ਹਾਂ ਗੁਣਾਂ ਦਾ ਗਾਇਨ ਕਰਦੇ ਹਨ, ਪਰਮਾਤਮਾ ਨੂੰ ਪਤਿਤ ਪਾਵਨ ਸਰਬ ਗੁਣ ਨਾਇਕ, ਅੰਤਰਜਾਮੀ, ਜੀਅ ਕੇ ਜੀਵਨਾ, ਸਗਲ ਭਵਨ ਕੇ ਨਾਇਕਾ, ਅਨੰਤ, ਬਾਜੀਗਰ, ਸੁਆਮੀ, ਰਾਜਾ ਰਾਮ, ਸੁਖ-ਸਾਗਰ, ਦਇਆਲ, ਜਗਤ ਗੁਰਸੁਆਮੀ, ਰਘੁਨਾਥ, ਭਵਖੰਡਨ, ਅਕਥ, ਕਰਤਾ, ਗਰੀਬ ਨਿਵਾਜ, ਪਿਆਰੋ, ਪ੍ਰਾਨਨਾਥ, ਠਾਕੁਰ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਨ ਕੀਤਾ ਹੈ। ਨੌ ਨਿਧਾ ਭਗਤੀ ਵਿਚੋਂ ਆਪ ਜੀ ਨੇ ਪ੍ਰੇਮਾ-ਭਗਤੀ ਨੂੰ ਸਰਵੋਤਮ ਮੰਨਿਆ ਹੈ। ਸੰਸਾਰ ਨੂੰ ਅਸਥਿਰ ਕਿਹਾ ਹੈ, ਰਾਮ ਨਾਮ ਦੀ ਮਹਾਨਤਾ ਦੱਸੀ ਹੈ। 'ਹਰਿ ਕੇ ਨਾਮ ਬਿਨਾ ਝੂਠੇ ਸਗਲ ਪਸਾਰੇ' ਆਪ ਜੀ ਦਾ ਵਿਸ਼ਵਾਸ਼ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਮਾਇਆ ਦੇ ਅਨੇਕ ਰੂਪ ਮਨੁੱਖ ਨੂੰ ਪ੍ਰਮਾਤਮਾ ਤੋਂ ਦੂਰ ਲਿਜਾਉਂਦੇ ਹਨ, ਇਸ ਲਈ ਆਪ ਜੀ ਉਪਦੇਸ਼ ਦਿੰਦੇ ਹਨ –

*ਕਰਿ ਬੰਦਿਗੀ ਛਾਡਿ ਮੈ ਮੇਰਾ॥*
*ਹਿਰਦੈ ਨਾਮੁ ਸਮਾਰਿ ਸਵੇਰਾ॥ ਪੰਨਾ - 794*

ਆਪ ਜੀ ਆਪਣਾ ਦ੍ਰਿੜ੍ਹ ਵਿਸ਼ਵਾਸ਼ ਸੰਸਾਰ ਨਾਲ ਸਾਂਝਾ ਕਰਦੇ ਹਨ ਕਿ ਪਰਮਾਤਮਾ ਸਭ ਸ਼ਕਤੀਆਂ ਦਾ ਮਾਲਕ ਹੈ, ਉਹ ਛੋਟੇ ਤੋਂ ਛੋਟੇ ਕਹੇ ਜਾਂਦੇ ਮਨੁੱਖ ਨੂੰ, ਜੋ ਭਗਤੀ ਕਰਦਾ

ਹੈ, ਸਰਵੋਤਮ ਬਣਾ ਦਿੰਦੇ ਹਨ ਅਤੇ ਭਗਤਾਂ ਦੇ ਪਰਮਾਣ ਰਾਹੀਂ ਆਪਣੇ ਇਸ ਵਿਸ਼ਵਾਸ਼ ਦੀ ਪ੍ਰੋੜ੍ਹਤਾ ਕਰਦੇ ਹਨ –

*ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥*
*ਪੰਨਾ - 1106*

ਮਨੁੱਖ ਦੀ ਦਸ਼ਾ ਕਿੰਨੀ ਤਰਸਯੋਗ ਹੈ। ਜਦ ਕਿ ਬਹੁਤ ਸਾਰੇ ਜੀਵ ਇਕ ਦੋਖ ਕਾਰਨ ਬਰਬਾਦ ਹੋ ਜਾਂਦੇ ਹਨ ਜਿਵੇਂ ਹਰਨ ਸ਼ਬਦ ਕਰਕੇ, ਮੱਛੀ ਜੀਭ ਰਸ ਕਾਰਨ, ਭੰਵਰਾ ਸੁਗੰਧ ਕਾਰਨ, ਪਤੰਗਾ ਰੂਪ ਦੀ ਮਸਤੀ ਕਾਰਨ ਅਤੇ ਹਾਥੀ ਕਾਮ ਕਾਰਨ ਜੀਵਨ ਤੋਂ ਹੱਥ ਧੋ ਲੈਂਦੇ ਹਨ ਉਸ ਮਨੁੱਖ ਦਾ ਕੀ ਬਣੇਗਾ ਜੋ ਪੰਜਾ ਦਾ ਗੁਲਾਮ ਹੈ?

*ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥*
*ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥*
*ਪੰਨਾ - 486*

ਦੂਜੇ ਬੰਨੇ ਭਗਤੀ ਭਾਵ ਵਿਚ ਵਿਚਰਨ ਵਾਲੇ ਗੁਰੂ ਪਿਆਰੇ ਭਗਤ ਜਨ ਐਸੇ 'ਬੇਗਮਪੁਰੇ' ਦੇ ਵਾਸੀ ਹੋ ਜਾਂਦੇ ਹਨ ਜਿਥੇ ਡਰ, ਫਿਕਰ, ਚਿੰਤਾ, ਦ੍ਵੈਸ਼, ਈਰਖਾ, ਵੈਰ ਵਿਰੋਧ, ਵਿਕਾਰ ਆਦਿ ਦੀ ਕੋਈ ਭਾਵਨਾ ਨਹੀਂ; ਨਾ ਫੌਜ, ਨਾ ਪੁਲਿਸ, ਨਾ ਬੰਦਸ਼ਾਂ, ਨਾ ਥੁੜਾਂ, ਨਾ ਖੋਹਾ ਖਾਹੀ, ਨਾ ਕਲਜੁੱਗੀ ਨਿਘਾਰ (ਜ਼ਵਾਲ); ਸਭ ਪਾਸੇ ਖੁਸ਼ੀ ਤੇ ਸ਼ਾਂਤੀ ਤੇ ਖੇੜਾ ਹੈ। ਐਸੇ ਬੇਗਮਪੁਰੇ ਦਾ ਸ਼ਹਿਰੀ ਬਣਨ ਲਈ ਆਪਣੀ ਕਾਇਆਂ ਦੇ ਅੰਦਰਲੇ ਸੰਸਾਰ ਦੀ ਜੁਗਤਿ ਜਾਣਨੀ ਜ਼ਰੂਰੀ ਹੈ, ਇੰਦ੍ਰੀਆਂ ਅਤੇ ਵਾਸ਼ਨਾਵਾਂ ਤੇ ਕਾਬੂ ਪਾਉਣਾ, ਪੰਜ ਦੂਤਾਂ ਨੂੰ ਵਸ ਵਿਚ ਕਰਨਾ, ਮਾਇਆ ਦੇ ਛਲਾਵੇ ਤੋਂ ਮੁਕਤ ਹੋਣਾ ਅਤੇ ਨਾਮ ਸਿਮਰਨ ਵਿਚ ਸੁਰਤ ਜੋੜਨੀ ਜ਼ਰੂਰੀ ਹੈ ਤਾਂ ਹੀ ਸੰਸਾਰ ਤੇ ਐਸਾ ਸਵਰਗ ਸੰਭਵ ਹੋ ਸਕੇਗਾ।

*ਬੇਗਮਪੁਰਾ ਸਹਰ ਕੋ ਨਾਉ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਨਾਂ ਤਸਵੀਸ ਖਿਰਾਜੁ ਨ ਮਾਲੁ॥*
*ਖਉਫੁ ਨ ਖਤਾ ਨ ਤਰਸੁ ਜਵਾਲੁ॥*
*ਅਬ ਮੋਹਿ ਖੂਬ ਵਤਨ ਗਹ ਪਾਈ॥*
*ਊਹਾਂ ਖੈਰਿ ਸਦਾ ਮੇਰੇ ਭਾਈ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ॥*
*ਦੋਮ ਨ ਸੇਮ ਏਕ ਸੋ ਆਹੀ॥*
*ਆਬਾਦਾਨੁ ਸਦਾ ਮਸਹੂਰ॥*
*ਊਹਾਂ ਗਨੀ ਬਸਹਿ ਮਾਮੂਰ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ॥*
*ਮਹਰਮ ਮਹਲ ਨ ਕੋ ਅਟਕਾਵੈ॥*
*ਕਹਿ ਰਵਿਦਾਸ ਖਲਾਸ ਚਮਾਰਾ॥*
*ਜੋ ਹਮ ਸਹਰੀ ਸੁ ਮੀਤੁ ਹਮਾਰਾ॥ ਪੰਨਾ - 345*

'ਆਤਮ ਮਾਰਗ' ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਐਸੇ 'ਬੇਗਮਪੁਰੇ' ਦੀ ਸਥਾਪਨਾ ਦਾ ਹੀ ਸੰਕਲਪ ਰਖਦੀ ਹੈ। 'ਆਤਮ ਮਾਰਗ' ਦੇ ਪਾਂਧੀ ਐਸੇ 'ਬੇਗਮਪੁਰੇ' ਦੇ ਹੀ ਸੱਚੇ ਪਾਂਧੀ ਹਨ। ਸਰਬ-ਮਨੁਖਤਾ ਭਗਤ ਜੀ ਦੇ 'ਬੇਗਮਪੁਰੇ' ਦੀ ਵਾਸੀ ਹੋਵੇ, ਇਹ ਸਾਡੀ ਲੋਚਾ ਹੈ। ਆਤਮ ਮਾਰਗ ਵਿਚ ਪ੍ਰਾਪਤ ਮਹਾਂਪੁਰਸ਼ਾਂ ਦੇ ਪ੍ਰਵਚਨ ਹਰੇਕ ਮਨੁੱਖ ਨੂੰ 'ਬੇਗਮਪੁਰਾ' ਦਾ ਵਾਸੀ ਬਣਾ ਦੇਣ ਦੇ ਸਮਰੱਥ ਹਨ।


## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਵਰਿਆਮ ਸਿੰਘ ਜੀ ਵਲੋਂ

# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

## ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 30/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਹੋਵੈ ਅਨੰਦੁ ਘਣਾ | ਭੇਟਾ 25/- |
| 7. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 8. ਸੁਰਤਿਆਂ ਉਪਜੈ ਚਾਉ | ਭੇਟਾ 40/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 11. ਵਿਸਾਖੀ (ਇੰਗਲਿਸ਼ ਵਿਚ) | ਭੇਟਾ 5/- |
| ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| ਸਾਰੇ ਸੈਟ ਦੀ ਭੇਟਾ | 570/- |

## ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਛੇ ਭਾਗਾਂ ਵਿਚ | ਭੇਟਾ 185/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਹੋਵੈ ਅਨੰਦੁ ਘਣਾ | ਭੇਟਾ 30/- |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 10/– ਅਤੇ ਸਾਰਾ ਸੈਟ ਲੈਣ ਲਈ 25/– ਡਾਕ ਖਰਚਾ ਵੀ ਭੇਜਣ ਦੀ ਕਿਰਪਾਲਤਾ ਕਰੋ ਜੀ।

### - : ਮਿਲਣ ਦਾ ਪਤਾ : -

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
(ਪਬਲੀਕੇਸ਼ਨ ਬਰਾਂਚ)
**ਐਸ.ਸੀ.ਐਫ 72, ਫੇਸ 7, ਐਸ. ਏ. ਐਸ ਨਗਰ, ਮੋਹਾਲੀ - 160055**
**ਟੈਲੀਫੋਨ : (0172) 676608, 220972**

# ਅਗੰਮ ਅਗੋਚਰ ਦਾ ਮਾਰਗ - 13

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ***

ਸੋ ਮੈਂ ਗੱਲ ਕਰ ਰਿਹਾ ਸੀ ਕਿ ਸੰਤਾਂ ਨੇ ਕਿਹਾ, "ਪਿਆਰਿਓ! ਇਥੇ ਬਹੁਤ ਵਿਕਰਾਲ ਭਿਆਨਕ ਰੂਹਾਂ ਦਾ ਵਾਸਾ ਹੈ, ਇਹ ਆਏ ਗਏ ਨੂੰ ਬਹੁਤ ਨੁਕਸਾਨ ਪਹੁੰਚਾਉਂਦੀਆਂ ਹਨ, ਮੰਜੇ ਉਲਟਾ ਦਿੰਦੀਆਂ ਹਨ। ਇਥੋਂ ਤਕ ਕਿ ਜਾਨੋਂ ਵੀ ਮਾਰ ਦਿੰਦੀਆਂ ਹਨ। ਸੋ ਮਹਾਂਪੁਰਸ਼ਾਂ ਦੇ ਆਦੇਸ਼ ਅਨੁਸਾਰ ਕੀਰਤਨ ਸੋਹਿਲਾ ਪੜ੍ਹਿਆ ਗਿਆ। ਜੇ ਕੋਈ ਪ੍ਰੇਮੀ ਭੁਲਿਆ ਤਾਂ ਨਾਲ ਦੇ ਸਾਥੀ ਨੂੰ ਪੁਛ ਕੇ ਉਸ ਨੇ ਕੀਰਤਨ ਸੋਹਿਲੇ ਦਾ ਪਾਠ ਪੂਰਾ ਕਰ ਲਿਆ।

ਉਸ ਵੇਲੇ ਕਾਫੀ ਰਾਤ ਬੀਤ ਗਈ। ਸੰਤ ਅਜੇ ਜਾਗਦੇ ਸਨ, ਇਕ ਵਿਕਰਾਲ ਰੂਹ ਬਹੁਤ ਡਰਦੀ-ਡਰਦੀ ਅੱਗੇ ਵਧੀ ਅਤੇ ਅਨੁਭਵੀ ਮਹਾਂਪੁਰਸ਼ਾਂ ਦੇ ਸਾਮ੍ਹਣੇ ਦੋਵੇਂ ਹੱਥ ਜੋੜ ਕੇ ਬੇਨਤੀ ਕਰਨ ਲੱਗੀ ਕਿ ਮਹਾਰਾਜ! ਮੇਰੀ ਕਲਿਆਣ ਕਰੋ, ਮੈਂ ਬਹੁਤ ਦੁਖੀ ਹਾਂ। ਅਜਿਹਾ ਬਚਨ ਸੁਣ ਕੇ ਸੰਤਾਂ ਨੇ ਕਿਹਾ ਕਿ ਤੂੰ ਆਪਣਾ ਪਰੀਚਾ ਦੇਹ। ਉਸ ਰੂਹ ਨੇ ਕਿਹਾ ਕਿ ਮੈਂ ਇਸ ਕੋਠੀ ਦਾ ਮਾਲਕ ਸਾਂ ਇਹ ਬਹੁਤ ਵੱਡੀ ਕੋਠੀ ਮੈਂ ਬਹੁਤ ਰੀਝ ਨਾਲ ਬਣਾਈ। ਇਸ ਵਿਚ ਮੇਰਾ ਪਰਿਵਾਰ, ਜੋ ਕਾਫੀ ਜੀਅ ਸਨ ਮੇਰੇ ਸਮੇਤ ਰਿਹਾ ਕਰਦਾ ਸੀ। ਇਸ ਕੋਠੀ ਵਿਚ ਮੇਰਾ ਹਰ ਵੇਲੇ ਖਿਆਲ ਬਣਿਆ ਰਹਿੰਦਾ ਸੀ। ਮੈਂ ਇਸ ਦੇ ਇਰਧ ਗਿਰਦ ਭੰਨ—ਘੜ ਕਰਦਾ ਰਹਿੰਦਾ ਸੀ। ਬਹੁਤ ਵੱਡਾ ਬਗੀਚਾ ਲਾਇਆ, ਜਿਸ ਨੂੰ ਦੇਖਣ ਲਈ ਬੂਟਿਆਂ ਦੇ ਜਾਨਣ ਵਾਲੇ ਆਇਆ ਕਰਦੇ ਸਨ ਅਤੇ ਮੇਰੀ ਪ੍ਰਸੰਸਾ ਕਰਦੇ ਸਨ। ਅਖੀਰ ਮੈਂ ਇਕ ਦਿਨ ਬਿਮਾਰ ਹੋ ਗਿਆ, ਮੈਨੂੰ ਪਤਾ ਲਗ ਗਿਆ ਕਿ ਮੈਂ ਬਚਣਾ ਨਹੀਂ ਹੈ ਉਸ ਵੇਲੇ ਮੈਂ ਕੋਠੀ ਵਿਚ ਧਿਆਨ ਦੇਈ ਰੱਖਿਆ ਕਿ ਇਸ ਦੀ ਸੰਭਾਲ ਕੌਣ ਕਰੇਗਾ। ਇਹ ਕੋਠੀ ਬਹੁਤ ਸੋਹਣੀ ਹੈ, ਇਸ ਨੂੰ ਮੇਰੇ ਬਾਅਦ ਵਿਚ ਬੱਚੇ ਕਿਤੇ ਵੇਚ ਨਾ ਦੇਣ, ਫੇਰ ਇਹੋ ਜਿਹੀ ਕੋਠੀ ਨਹੀਂ ਮਿਲਣੀ। ਸੋ ਇਨ੍ਹਾਂ ਸੋਚਾਂ ਵਿਚ ਹੀ ਮੇਰੀ ਜਾਨ ਨਿਕਲ ਗਈ।

ਮੈਨੂੰ ਧਰਮਰਾਜ ਦੇ ਹਜ਼ੂਰ ਲਿਜਾਇਆ ਗਿਆ ਜਿਥੇ ਮੇਰੀ ਅੰਤਮ ਵਾਸ਼ਨਾ ਦੇ ਮੁਤਾਬਿਕ ਫੈਸਲਾ ਹੋਇਆ ਕਿ ਇਸ ਦੀ ਸੁਰਤ ਕੋਠੀ ਵਿਚ ਰਹਿ ਗਈ ਹੈ। ਇਸ ਨੂੰ ਪ੍ਰੇਤ ਬਣਾ ਕੇ ਉਸੇ ਕੋਠੀ ਵਿਚ ਛੱਡ ਆਓ। ਮਹਾਰਾਜ! ਮੈਂ ਉਸ ਸਮੇਂ ਤੋਂ ਇਸ ਕੋਠੀ ਵਿਚ ਹੀ ਰਹਿ ਰਿਹਾ ਹਾਂ। ਮੇਰੇ ਬੱਚਿਆਂ ਨੇ ਮੇਰੇ ਮਰਨ ਤੋਂ ਬਾਅਦ ਮੇਰਾ ਕੁਛ ਨਹੀਂ ਕਰਾਇਆ। ਉਹ ਆਪਣੀਆਂ ਮੌਜਾਂ ਵਿਚ ਰਹਿੰਦੇ ਰਹੇ। ਮੇਰਾ ਉਨ੍ਹਾਂ ਨਾਲ ਕੋਈ ਸੰਪਰਕ ਨਾ ਹੋ ਸਕਿਆ ਕਿਉਂਕਿ ਹੁਕਮ ਤੋਂ ਬਿਨਾਂ ਮੈਂ ਇਨ੍ਹਾਂ ਵਿਚ ਵੜ ਵੀ ਨਹੀਂ ਸੀ ਸਕਦਾ। ਇਹ ਮੈਨੂੰ ਭੁੱਲ ਗਏ ਕਿ ਮੈਂ ਇਨ੍ਹਾਂ ਦੇ ਕੋਲ ਹੀ ਪ੍ਰੇਤ ਪਿੰਜਰ ਵਿਚ ਰਹਿ ਕੇ ਦੁਖ ਭੋਗ ਰਿਹਾ ਹਾਂ। ਅਖੀਰ ਮੈਂ cruel (ਜ਼ਾਲਮ) ਬਿਰਤੀ ਧਾਰ ਲਈ ਸਭ ਤੋਂ ਪਹਿਲਾਂ ਮੈਂ ਆਪਣੇ ਪੋਤੇ, ਪੋਤਰੀਆਂ ਨੂੰ ਮਾਰਿਆ, ਫੇਰ ਘਰਵਾਲੀ ਨੂੰ ਮਾਰਿਆ ਫੇਰ ਬੱਚੇ ਮਾਰੇ ਜਿਸ ਕਰਕੇ ਕੋਠੀ ਨੂੰ ਸਾਂਭਣ ਵਾਲਾ ਕੋਈ ਵੀ ਨਹੀਂ ਰਿਹਾ। ਮੇਰੇ ਨਾਲ ਹੋਰ ਭਟਕ ਰਹੀਆਂ ਰੂਹਾਂ ਨੇ ਵਾਸਾ ਕਰ ਲਿਆ। ਮੇਰਾ ਸੁਭਾਅ ਬਹੁਤ ਹੀ cruel (ਜ਼ਾਲਮ) ਹੈ। ਮਹਾਰਾਜ! ਜੇ ਇਥੇ ਕੋਈ ਆ ਕੇ ਠਹਿਰ ਜਾਂਦਾ ਸੀ ਤਾਂ ਅਸੀਂ ਉਸ ਨੂੰ ਮਾਰ ਦਿੰਦੇ ਹਾਂ। ਜੇ ਕੋਈ ਤਕੜੇ ਇਰਾਦੇ ਦਾ ਬੰਦਾ ਹੋਵੇ ਤਾਂ ਉਸ ਦਾ ਮੰਜਾ ਮੂਧਾ ਮਾਰ ਦਿੰਦੇ ਹਾਂ। ਉਹ ਡਰਦਾ ਮਾਰਾ ਬਾਹਰ ਦੌੜ ਜਾਇਆ ਕਰਦਾ ਹੈ। ਇਹ ਰੋਜ਼ ਦਾ ਹੀ ਕੰਮ ਹੋ ਗਿਆ। ਉਹ ਲੜਕੇ ਜਿਹੜੇ ਸਾਮ੍ਹਣੇ ਬੈਠੇ ਸੀ ਜਿਨ੍ਹਾਂ ਨੇ ਤੁਹਾਨੂੰ ਭੇਜਿਆ ਹੈ ਉਹ ਇਸੇ ਤਰ੍ਹਾਂ ਨਾਲ ਯਾਤਰੂਆਂ ਨੂੰ ਭੇਜਦੇ ਹਨ ਤੇ ਇੰਤਜ਼ਾਰ ਕਰਦੇ ਹਨ ਕਿ ਕਦੋਂ ਉਹ ਮਾਰ ਲੇ ਓਏ, ਮਾਰ ਲੇ ਓਏ ਕਰਦੇ ਨੱਠੇ ਆਉਣਾ, ਫੇਰ ਅਸੀਂ ਤਾੜੀਆਂ ਮਾਰ ਕੇ ਹੱਸੀਏ। ਸੋ ਇਸ ਇਰਾਦੇ ਨਾਲ ਉਨ੍ਹਾਂ ਨੇ ਤੁਹਾਨੂੰ ਵੀ ਭੇਜਿਆ ਸੀ।

ਅੱਜ ਤੁਸੀਂ ਕੋਈ ਐਸਾ ਮੰਤਰ ਪੜ੍ਹਿਆ ਹੈ ਕਿ ਅਸਾਡਾ ਕਿਸੇ ਤਰ੍ਹਾਂ ਬਲ ਤਾਂ ਕੀ ਚਲਣਾ ਸੀ, ਅਸੀਂ ਕੋਠੀ ਵਿਚੋਂ ਬਾਹਰ ਵੀ ਨਾ ਨਿਕਲ ਸਕੇ। ਤੁਹਾਡੇ ਮੰਤਰ ਦਾ ਐਨਾ ਸੇਕ ਲਗ ਰਿਹਾ ਹੈ ਅਤੇ ਐਸਾ ਅਸਰ ਹੋ ਰਿਹਾ ਹੈ ਕਿ ਅਸੀਂ ਇਸ ਕੋਠੀ ਵਿਚੋਂ ਬਾਹਰ ਨਿਕਲਣ ਤੋਂ ਅਸਮਰਥ ਹਾਂ।

ਮਹਾਰਾਜ ਮੈਂ ਹੁਣ ਡਰਦਾ-ਡਰਦਾ ਕੋਠੀ ਵਿਚੋਂ ਆਇਆ, ਮੇਰੀ ਅਵੱਗਿਆ ਨੂੰ ਮਾਫ ਕਰੋ, ਮੇਰੀ ਗਤੀ ਦਾ ਕੋਈ ਉਪਰਾਲਾ ਕਰੋ, ਮੈਂ ਦੁਖੀ ਹਾਂ ਮੇਰੇ ਤੋਂ ਹੋਰ ਦੁੱਖ ਨਹੀਂ ਸਹਿਨ ਹੁੰਦਾ।

ਤਾਂ ਮਹਾਤਮਾ ਨੇ ਕਿਹਾ ਕਿ ਅਸੀਂ ਤਾਂ ਅਕਾਸ਼ ਬਿਰਤੀ ਵਾਲੇ ਸਾਧੂ ਹਾਂ, ਨਾ ਪੱਲੇ ਬੰਨ੍ਹਦੇ ਹਾਂ, ਨਾ ਅਸਾਡੀਆਂ ਗਿਲਟੀਆਂ ਨੂੰ ਜੇਬਾਂ ਲੱਗੀਆਂ ਹੋਈਆਂ ਹਨ, ਇਹ ਤਾਂ ਚਾਦਰਾਂ ਹੀ ਹਨ। ਜੇ ਕੋਈ ਪ੍ਰਸ਼ਾਦਾ ਦੇ ਜਾਵੇ ਤਾਂ ਠੀਕ ਹੈ ਜੇ ਨਾ ਦੇਵੇ ਤਾਂ ਹਰੀ-ਹਰੀ ਇਛਿਆ। ਸਾਡੇ ਪਾਸ ਕੋਈ ਪੈਸਾ ਨਹੀਂ ਹੈ, ਵਿਧੀਪੂਰਵਕ ਅਖੰਡਪਾਠ ਤੁਹਾਡੇ ਨਮਿਤ ਹੋ ਜਾਵੇ ਫੇਰ ਯੱਗ ਕੀਤਾ ਜਾਵੇ, ਅਰਦਾਸ ਹੋਵੇ ਤਾਂ ਹੋ ਸਕਦਾ ਹੈ ਤੁਹਾਡੀ ਗਤੀ ਹੋ ਜਾਵੇ। ਤਾਂ ਉਸ ਵੇਲੇ ਉਸ ਨੇ ਕਿਹਾ ਕਿ ਪੈਸੇ ਦਾ ਤਾਂ ਇਸ ਕੋਠੀ ਵਿਚ ਘਾਟਾ ਨਹੀਂ। ਤੁਸੀਂ ਕੋਈ ਵੀ ਦੇਹਲੀ ਪੁੱਟ ਲਵੋ ਉਸ ਹੇਠੋਂ ਧਨ ਮਿਲ ਜਾਵੇਗਾ। ਜੋ ਹਜ਼ਾਰਾਂ ਦੀ ਤਦਾਦ ਵਿਚ ਕੱਚੇ ਭਾਂਡਿਆਂ ਵਿਚ ਰੱਖਿਆ ਹੋਇਆ ਹੈ। ਉਨ੍ਹਾਂ ਨੂੰ ਬਾਹਰ ਕੱਢ ਕੇ ਉਸ ਉਪਰੋਂ ਚੱਪਣੀ ਚੁੱਕ ਕੇ ਵੇਖੋਂਗੇ ਤਾਂ ਚਾਂਦੀ ਦੇ ਚਮਕਦੇ ਰੁਪਏ ਨਿਕਲਣਗੇ। ਉਨ੍ਹਾਂ ਨੂੰ ਖਰਚ ਕੇ ਰਾਸ਼ਨ ਖਰੀਦ ਲਵੋ ਅਤੇ ਤੁਸੀਂ ਅਖੰਡਪਾਠ ਕਰਾ ਸਕਦੇ ਹੋਂ। ਉਸ ਵੇਲੇ ਸੰਤਾਂ ਨੇ ਇਕ ਦੇਹਲੀ ਹੇਠੋਂ ਧਨ ਕੱਢਿਆ, ਰਾਸ਼ਨ ਲਿਆ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲਿਆਂਦੀ ਅਤੇ ਆਪਣੇ ਸਾਥੀਆਂ ਨੂੰ ਦੇ ਕੇ ਕਿਹਾ ਕਿ ਬਹੁਤ ਹੀ ਵਿਧੀ ਪੂਰਵਕ ਅਖੰਡਪਾਠ ਕਰਨਾ ਹੈ ਅਤੇ ਇਸ ਦਾ ਫਲ ਅਵਿਅਕਤ ਰੂਹ ਨੂੰ ਦੇ ਕੇ ਉਨ੍ਹਾਂ ਦੀ ਗਤੀ ਕਰਾਉਣੀ ਹੈ। ਉਸ ਪ੍ਰੇਤ ਨਾਲ ਇਹ ਗੱਲ ਗਿਣ ਲਈ ਕਿ ਪਾਠ ਪਿਛੋਂ ਅਸੀਂ ਅਰਦਾਸ ਕਰਕੇ ਗੁਰੂ ਮਹਾਰਾਜ ਦਾ ਭੋਗ ਲੱਗੀ ਦੇਗ ਵਰਤਾਵਾਂਗੇ। ਤੇਰਾ ਛਾਂਦਾ ਕੱਢ ਕੇ ਅਸੀਂ ਨਿੱਚ (ਆਲੇ) ਵਿਚ

'ਆਤਮ ਮਾਰਗ', ਫਰਵਰੀ, 1998

ਰੱਖ ਦੇਵਾਂਗੇ। ਜੇ ਤਾਂ ਤੂੰ ਪ੍ਰਸ਼ਾਦ ਲੈ ਗਿਆ ਤਾਂ ਸਮਝਾਂਗੇ ਕਿ ਤੇਰੀ ਗਤੀ ਹੋ ਗਈ, ਜੇ ਨਾ ਲੈ ਕੇ ਗਿਆ ਤਾਂ ਸਾਨੂੰ ਆ ਕੇ ਮਿਲੀਂ, ਫੇਰ ਅਗਲੀ ਗੱਲਬਾਤ ਸੋਚਾਂਗੇ। ਇਸੇ ਤਰ੍ਹਾਂ ਨਾਲ ਅਖੰਡਪਾਠ ਸੰਪੂਰਨ ਹੋਇਆ, ਪਰ ਜਦੋਂ ਦੇਖਿਆ ਤਾਂ ਪ੍ਰਸ਼ਾਦ ਉਸੇ ਤਰ੍ਹਾਂ ਕੌਲੀ ਵਿਚ ਪਿਆ ਸੀ। ਸੰਤਾਂ ਨੇ ਕਿਹਾ ਕਿ ਗੁਰਮੁਖੋ! ਆਪਣੇ ਵਿਚੋਂ ਕਿਸੇ ਤੋਂ ਭੁੱਲ ਹੋ ਗਈ। ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਤਾਂ ਲਗਣਾ ਹੀ ਲਗਣਾ ਸੀ ਪਰ ਭੁੱਲ ਆਪਣੀ ਹੋਣ ਕਰਕੇ ਪਾਠ ਨੇ ਫਲ ਨਹੀਂ ਦਿਤਾ। ਅੱਜ ਫੇਰ ਇਥੇ ਹੀ ਠਹਿਰਾਂਗੇ। ਜਦੋਂ ਰਾਤ ਨੂੰ ਠਹਿਰੇ ਤਾਂ ਸੰਤਾਂ ਦੇ ਕਮਰੇ ਵਿਚ ਓਹੀ ਰੂਹ ਆਈ। ਪਰ ਅੱਗੇ ਨਾਲੋਂ ਬਹੁਤ ਸੋਹਣੀ ਹੋਈ ਹੋਈ ਸੀ। ਸੰਤਾਂ ਨੇ ਕਿਹਾ ਕਿ ਅਸੀਂ ਤਾਂ ਪਾਠ ਬੜੀ ਸਾਵਧਾਨੀ ਨਾਲ ਕਰਾਇਆ ਹੈ ਤੂੰ ਪ੍ਰਸ਼ਾਦ ਕਿਉਂ ਨਹੀਂ ਲੈ ਕੇ ਗਿਆ? ਉਸ ਨੇ ਕਿਹਾ ਕਿ ਉਸ ਪਾਠ ਦਾ ਫਲ ਤਾਂ ਮੈਨੂੰ ਮਿਲ ਗਿਆ ਪਰ ਦੇਖੋ, ਪਹਿਲਾਂ ਮੈਂ ਕਿਹੋ ਜਿਹਾ ਸੀ, ਵਿਕਰਾਲ ਸੀ ਹੁਣ ਕਿੰਨਾ ਸੁੰਦਰ ਹੋ ਗਿਆ। ਪਰ ਮਹਾਰਾਜ ਇਕ ਭੇਤ ਵਾਲੀ ਗੱਲ ਇਹ ਹੈ ਕਿ 12 ਤੋਂ 2 ਵਾਲਾ ਜੋ ਗ੍ਰੰਥੀ ਸੀ ਉਸ ਨੂੰ ਸੁਪਨ ਦੋਸ਼ ਹੋ ਗਿਆ। ਉਹ ਪਵਿੱਤਰ ਨਹੀਂ ਸੀ ਉਹ ਬਿਨਾਂ ਇਸ਼ਨਾਨ ਕੀਤੇ ਹੀ ਡਿਊਟੀ ਤੇ ਬੈਠ ਗਿਆ। ਇਸ ਕਰਕੇ ਪਾਠ ਖੰਡਤ ਹੋ ਗਿਆ। ਸੰਤਾਂ ਨੇ ਸਭ ਸੇਵਕਾਂ ਨੂੰ ਬੁਲਾਇਆ ਤਾਂ ਇਕ ਸੇਵਕ ਮੰਨ ਗਿਆ ਕਿ ਮੈਂ ਹੀ ਹਾਂ, ਜਿਸ ਤੋਂ ਇਹ ਭੁੱਲ ਹੋਈ ਹੈ। ਤਾਂ ਉਸ ਨੇ ਕਿਹਾ ਕਿ ਮੇਰੀ ਅਵੱਗਿਆ ਖਿਮਾ ਕਰੋ ਅਤੇ ਬਲ ਦੇਵੋ ਕਿ ਮੈਂ ਅੱਗੇ ਤੋਂ ਅਜਿਹੀ ਅਵੱਗਿਆ ਨਾ ਕਰਾਂ। ਤਾਂ ਸੰਤਾਂ ਨੇ ਕਿਹਾ ਕਿ ਤੂੰ ਅਸਾਡੇ ਨਾਲ ਰਹਿੰਦਾ ਹੈਂ ਅਤੇ ਅਸੀਂ ਆਪਣੀ ਸੰਗਤ ਨੂੰ ਸਦਾ ਹੀ ਸੁਚੇਤ ਕਰਦੇ ਰਹਿੰਦੇ ਹਾਂ ਕਿ ਕਾਮੁਕ ਬਿਰਤੀ ਬਹੁਤ ਹੀ ਖਤਰਨਾਕ ਹੋਇਆ ਕਰਦੀ ਹੈ। ਜੇ ਕਿਸੇ ਮਕਾਨ ਨੂੰ ਅੱਗ ਲਗ ਜਾਵੇ ਤਾਂ ਉਹ ਉਸ ਨੂੰ ਸਾੜ ਦਿਆ ਕਰਦੀ ਹੈ ਪਰ ਕਾਮ ਇਸ ਤੋਂ ਕਿਤੇ ਬੁਰੀ ਚੀਜ਼ ਹੈ। ਅਸੀਂ ਤੁਹਾਨੂੰ ਸਦਾ ਹੀ ਵਰਜਦੇ ਰਹਿੰਦੇ ਹਾਂ ਕਿ ਪਰ-ਇਸਤ੍ਰੀ ਨੂੰ ਆਪਣੇ ਮਨ ਵਿਚ ਲਿਜਾਉਣ ਤੋਂ ਬਚੋ ਅਤੇ ਸਦਾ ਹੀ ਸਾਵਧਾਨ ਰਹੋ। ਬਾਹਰਲੀ ਅਗਨ ਤਾਂ ਘਰ ਬਾਰ ਹੀ ਜਾਲ ਸਕਦੀ ਹੈ ਪਰ ਇਸਤ੍ਰੀ ਦਾ ਸੰਗ ਕਈ ਜਨਮਾਂ ਦੇ ਤਪ ਨੂੰ, ਬੈਰਾਗ ਨੂੰ ਸੁਆਹ ਬਣਾਉਣ ਦੀ ਸ਼ਕਤੀ ਰਖਦਾ ਹੈ। ਪਰ-ਇਸਤ੍ਰੀ ਰੂਪ ਅਗਨ ਸਭ ਅਗਨਾਂ ਤੋਂ ਸ਼ਕਤੀਸ਼ਾਲ ਹੈ। ਜੋ ਕਰਮ ਧਰਮ ਭ੍ਰਿਸ਼ਟ ਕਰ ਦਿੰਦੀ ਹੈ। ਅੱਖਾਂ, ਬੋਲ ਹਰ ਤਰਫ ਤੋਂ ਰਾਖ ਹੀ ਬਣਾ ਦਿੰਦੀ ਹੈ। ਜਿਵੇਂ ਨਿਓਲਾ ਸੱਪ ਨੂੰ ਖੁੱਡ ਵਿਚੋਂ ਕੱਢ ਕੇ ਮਾਰ ਦਿੰਦਾ ਹੈ ਇਸੇ ਤਰ੍ਹਾਂ ਇਸਤ੍ਰੀ ਵਿਚ ਸਮਰਥਾ ਹੈ ਕਿ ਉਹ ਆਤਮ ਅਨੰਦੀ ਜੋਗੀ ਨੂੰ ਆਤਮ ਅਨੰਦ ਵਿਚੋਂ ਕੱਢ ਕੇ ਉਸ ਨੂੰ ਆਪਣਾ ਸੰਗ ਕਰਵਾ ਕੇ ਨਰਕਾਂ ਵਿਚ ਸੁੱਟ ਦਿੰਦੀ ਹੈ। ਤੈਨੂੰ ਸੁਪਨੇ ਵਿਚ ਵੀ ਇਸਤ੍ਰੀ ਦਾ ਖਿਆਲ ਕਿਉਂ ਆਇਆ, ਇਹ ਬਹੁਤ ਬੁਰੀ ਗੱਲ ਹੈ। ਤੁਹਾਨੂੰ ਅਸੀਂ ਹਮੇਸ਼ਾਂ ਹੀ ਦਸਦੇ ਹਾਂ ਕਿ ਤੁਸੀਂ ਦੋਖ ਦ੍ਰਿਸ਼ਟੀ ਕਰਕੇ ਸੋਚਿਆ ਕਰੋ ਕਿ ਉਸ ਦੀ ਦੇਹ ਕੀ ਹੈ? ਮਾਸ ਹੈ, ਨੱਕ ਵਿਚ ਵੀ ਮੈਲ ਹੈ, ਅੱਖਾਂ ਵਿਚ ਵੀ ਮੈਲ ਹੈ, ਮੂੰਹ ਵਿਚ ਵੀ ਮੈਲ ਹੈ ਜੇ ਓਹੀ ਇਸਤ੍ਰੀ ਦੋ ਦਿਨ ਇਸ਼ਨਾਨ ਨਾ ਕਰੇ, ਉਸ ਤੋਂ ਦੁਰਗੰਧ ਆਉਂਦੀ ਹੈ। ਵਸਤਰ, ਗਹਿਣਿਆਂ ਕਰਕੇ ਹੀ ਉਹ ਸੁੰਦਰ ਲਗਦੀ ਹੈ ਉਸ ਵਿਚ ਐਸੀ ਕਸ਼ਿਸ਼ ਹੈ ਕਿ ਉਹ ਆਤਮ ਧਨ ਦਾ ਨਾਸ਼ ਕਰ ਦਿੰਦੀ ਹੈ। ਜਿਵੇਂ ਵਿਹੁ ਦੀਆਂ ਗੰਧਲਾਂ ਦੇਖਣ ਨੂੰ ਤਾਂ ਮਿੱਠੀਆਂ ਲਗਦੀਆਂ ਹਨ ਪਰ ਇਨ੍ਹਾਂ ਨੂੰ ਖਾ ਕੇ ਬੰਦਾ ਮਰ ਜਾਂਦਾ ਹੈ। ਅਗਿਆਨ ਰੂਪੀ ਹਾਥੀ ਕਾਮ ਵਸ ਹੋਇਆ ਹੋਇਆ ਸਾਰੀ ਜ਼ਿੰਦਗੀ ਦੁਖ ਭੋਗਦਾ ਹੈ। ਵਣ ਰੂਪੀ ਅਗਨ ਸਭ ਕੁਝ ਜਲਾ ਦਿੰਦੀ ਹੈ ਪਰ-ਇਸਤ੍ਰੀ ਰੂਪੀ ਅਗਨ ਸਭ ਕਰਮ ਧਰਮ ਭ੍ਰਿਸ਼ਟ ਕਰ ਦਿੰਦੀ ਹੈ। ਇਸ ਅਗਨ ਤੋਂ ਪੂਰੀ ਤਰ੍ਹਾਂ ਬਚਣਾ ਚਾਹੀਦਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਦਾ ਇਸ ਤਰ੍ਹਾਂ ਫੁਰਮਾਨ ਹੈ –

*ਨਿਜ ਨਾਰੀ ਕੇ ਸੰਗ ਨੇਹੁੰ ਤੁਮ ਨਿਤ ਬਢਯਹੁ।*
*ਪਰਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥*

*ਪਾਤਸ਼ਾਹੀ ੧੦*

ਗੁਰੂ ਮਹਾਰਾਜ ਜੀ ਦਾ ਐਸਾ ਵੀ ਫੁਰਮਾਨ ਕਰਦੇ ਹਨ –

*ਕਾਮੁ ਕ੍ਰੋਧੁ ਕਾਇਆ ਕਉ ਗਾਲੈ॥*
*ਜਿਉ ਕੰਚਨ ਸੋਹਾਗਾ ਢਾਲੈ॥* *ਪੰਨਾ - 932*

ਵਸ਼ਿਸ਼ਟ ਜੀ ਫੁਰਮਾਨ ਕਰਦੇ ਹਨ ਕਿ ਹੇ ਰਾਮ! ਜੇ ਪ੍ਰਮਾਰਥ ਨੂੰ ਸਿੱਧ ਕਰਨਾ ਹੈ ਤਾਂ ਪਰ-ਇਸਤ੍ਰੀ ਦੇ ਡੰਗ ਤੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਬਚਾ ਕੇ ਰੱਖੋ।

ਸੰਤਾਂ ਨੇ ਕਿਹਾ ਕਿ ਮੂਰਖਾ! ਤੇਰੇ ਮਨ ਵਿਚ ਇਸਤ੍ਰੀ ਦਾ ਖਿਆਲ ਕਿਉਂ ਆਇਆ? ਇਕ ਤਾਂ ਤੂੰ ਬਹੁਤ ਭਾਰੀ ਅਵਗਿਆ ਕੀਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਬਿਨਾਂ ਇਸ਼ਨਾਨ ਕੀਤੇ ਅਪਵਿੱਤਰ ਹੀ ਆ ਕੇ ਬੈਠ ਗਿਆ। ਜਿਸ ਬਾਣੀ ਦਾ ਮਹਾਨ-ਮਹਾਨ ਫਲ ਹੈ ਉਸ ਨੂੰ ਤੇਰੀ ਅਪਵਿੱਤਰਤਾ ਨੇ ਕਿੰਨਾ ਛੋਟਾ ਕਰ ਦਿਤਾ।

ਸੰਤਾਂ ਨੇ ਉਸ ਰੂਹ ਨੂੰ ਕਿਹਾ ਕਿ ਹੋਰ ਧਨ ਲਿਆ, ਫੇਰ ਪਾਠ ਕਰੀਏ। ਤਾਂ ਸੰਤਾਂ ਨੇ ਦੂਸਰਾ ਪਾਠ ਕਰਾਇਆ ਤਾਂ ਜਦੋਂ ਅਰਦਾਸ ਕੀਤੀ ਗਈ ਤਾਂ ਕੀ ਦੇਖਦੇ ਹਨ ਕਿ ਉਸ ਆਲੇ ਵਿਚ ਪ੍ਰਸ਼ਾਦ ਨਹੀਂ ਸੀ। ਬੜਾ ਭਾਰੀ ਲੰਗਰ ਚੱਲਿਆ। ਜੈ -ਜੈਕਾਰ ਹੋਈ, ਰਾਤ ਨੂੰ ਇਕਾਂਤ ਵਿਚ ਉਹ ਰੂਹ ਫੇਰ ਪ੍ਰਗਟ ਹੋਈ ਉਸ ਨੇ ਕਿਹਾ ਕਿ ਮਹਾਰਾਜ! ਮੈਂ ਆਪ ਦਾ ਕਿਵੇਂ ਧੰਨਵਾਦ ਕਰਾਂ, ਆਪ ਨੇ ਮੈਨੂੰ ਇਸ ਮਹਾਨ ਦੁੱਖ ਵਿਚੋਂ ਛੁਟਕਾਰਾ ਦਿਵਾਇਆ ਹੈ।

ਸੋ ਇਸ ਤਰ੍ਹਾਂ ਨਾਲ ਮਾਇਆ ਦੇ ਵਿਚ ਜਿਸ ਦੀ ਬਿਰਤੀ ਰਹਿ ਜਾਵੇ ਉਹ ਸੱਪ ਬਣ ਜਾਂਦਾ ਹੈ। ਜਿਸ ਦੀ ਬਿਰਤੀ ਜਾਇਦਾਦ ਵਿਚ ਰਹਿ ਜਾਵੇ ਤਾਂ ਉਸ ਨੂੰ ਪ੍ਰੇਤ ਬਣਨਾ ਪੈਂਦਾ ਹੈ। ਇਕ ਹੋਰ ਥਾਂ ਪੁਸਤਕਾਂ ਵਿਚ ਲਿਖਿਆ ਗਿਆ ਹੈ ਕਿ ਇਕ ਰਾਜਾ ਆਪਣੀ ਜ਼ਮੀਨ ਵਿਚ ਤਿੱਤਰ ਬਣ ਕੇ ਰਹਿ ਰਿਹਾ ਸੀ, ਜਿਸ ਦਾ ਉਧਾਰ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕੀਤਾ। ਧਨ ਦੀ ਵਾਸ਼ਨਾ ਬਹੁਤ ਹੀ ਖਤਰਨਾਕ ਹੈ।

ਜਦੋਂ ਕੁੱਤਾ ਹਲਕ ਜਾਂਦਾ ਹੈ ਤਾਂ ਉਸ ਨੂੰ ਆਪਣੇ ਪਰਾਏ ਦਾ ਕੋਈ ਵੀ ਗਿਆਨ ਨਹੀਂ ਰਹਿੰਦਾ। ਉਸ ਦੇ ਸਾਮ੍ਹਣੇ ਜੋ ਵੀ ਆਉਂਦਾ ਹੈ ਉਸ ਨੂੰ ਵੱਢ ਖਾਂਦਾ ਹੈ। ਇਸੇ ਤਰ੍ਹਾਂ ਨਾਲ ਲੋਭ ਲਹਿਰ ਵਿਚ ਆਇਆ ਹੋਇਆ ਬੰਦਾ ਧਨ ਹਾਸਲ ਕਰਨ ਦੀਆਂ, ਹਰੇਕ ਕਿਸਮ ਦੀਆਂ ਵਾਸ਼ਨਾਵਾਂ ਦੇ ਵਿਚ ਹਰ ਸਮੇਂ ਘੁਮਿਆਰ ਦੇ ਚੱਕ ਵਾਂਗੂੰ ਘੁੰਮਦਾ ਰਹਿੰਦਾ ਹੈ ਅਤੇ ਅਨੇਕ ਕਿਸਮ ਦੀਆਂ ਵਿਉਂਤਾਂ ਧਨ ਪ੍ਰਾਪਤੀ ਦੀਆਂ ਕਰਦਾ ਹੈ।

ਉਸ ਸਮੇਂ ਉਸ ਦਾ ਜੋ ਅਚਾਰ ਵਿਹਾਰ ਹੁੰਦਾ ਹੈ ਉਸ ਤੋਂ ਐਉਂ ਪ੍ਰਤੀਤ ਦਿੰਦਾ ਹੈ ਕਿ ਇਸ ਪ੍ਰਾਣੀ ਦਾ ਕੋਈ ਵੀ ਅਸੂਲ ਨਹੀਂ ਰਿਹਾ। ਧਰਮ ਇਮਾਨ ਸਭ ਚੰਗੇ ਆਚਰਣ ਦੇ ਗੁਣਾਂ ਨੂੰ ਛਿਕੇ ਤੇ ਟੰਗ ਦਿੰਦਾ ਹੈ। ਦੌੜਿਆ ਹੀ ਫਿਰਦਾ ਹੈ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥*
*ਪੰਨਾ - 50*

ਜਦੋਂ ਇਹ ਭੱਖ ਅਭੱਖ ਖਾਵੇਗਾ ਉਸ ਵੇਲੇ ਇਸ ਨੂੰ ਅਨੇਕ ਕਿਸਮ ਦੇ ਰੋਗ ਸਰੀਰ ਵਿਚ ਪੈਦਾ ਹੋਏ ਦਿਸਣਗੇ। ਉਹ ਕਿਸੇ ਤਰ੍ਹਾਂ ਵੀ ਪ੍ਰਭੂ ਭਗਤੀ ਦੇ ਮੰਡਲ ਵਿਚ ਪ੍ਰਵੇਸ਼ ਨਹੀਂ ਕਰ ਸਕਦਾ ਕਿਉਂਕਿ ਉਸਦੇ ਖਿਆਲ ਐਨੇ ਬਿਖਰ ਜਾਂਦੇ ਹਨ ਕਿ ਜੇ ਉਹ ਭੁੱਲ ਕੇ ਵੀ ਪ੍ਰਭੂ ਦਾ ਨਾਮ ਜਪਣ ਲਗ ਜਾਵੇ ਤਾਂ ਉਸ ਦੀ ਬਿਰਤੀ ਤਾਂ ਕੀ ਟਿਕਣੀ ਹੋਈ, ਉਸ ਸਮੇਂ ਵੀ ਉਸ ਨੂੰ ਲੋਭ ਦੇ ਖਿਆਲ ਆਉਣਗੇ। ਉਹ ਪ੍ਰਮੇਸ਼ਰ ਨੂੰ ਭੁੱਲਿਆ ਰਹੇਗਾ ਅਤੇ ਕੀਮਤੀ ਜੀਵਨ ਸੰਸਾਰ ਤੋਂ ਗੁਆ ਕੇ ਪਛਤਾਉਂਦਾ ਚਲਿਆ ਜਾਵੇਗਾ। ਜਿਸ ਤਰ੍ਹਾਂ ਕਿ ਪਹਿਲਾਂ ਬਹੁਤ ਵਿਸਥਾਰ ਨਾਲ ਲਿਖਿਆ ਜਾ ਚੁਕਿਆ ਹੈ –

*ਲੋਭ ਵਿਕਾਰ ਜਿਨਾ ਮਨੁ ਲਾਗਾ*
*ਹਰਿ ਵਿਸਰਿਆ ਪੁਰਖੁ ਚੰਗੇਰਾ॥*
*ਓਇ ਮਨਮੁਖ ਮੂੜ ਅਗਿਆਨੀ ਕਹੀਅਹਿ*
*ਤਿਨ ਮਸਤਕਿ ਭਾਗੁ ਮੰਦੇਰਾ॥* *ਪੰਨਾ - 711*

ਇਸ ਸਰੀਰ ਵਾਸਤੇ, ਪਰਿਵਾਰ ਵਾਸਤੇ, ਲੋਕ ਦਿਖਾਵੇ ਵਾਸਤੇ, ਅਨੇਕ ਕਿਸਮ ਦੀਆਂ ਲੋਭ ਲਹਿਰਾਂ ਵਿਚ, ਧਨ ਜੋੜਨ ਲਈ, ਜਾਇਦਾਦ ਖਰੀਦਣ ਲਈ, ਹੀਰੇ ਜਵਾਹਰਾਤ ਹਾਸਲ ਕਰਕੇ ਘਰ ਵਿਚ ਰੱਖਣ ਲਈ ਅਨੇਕਾਂ ਉਪਦ੍ਰਵ ਕਰੇਗਾ। ਕਿਤੇ ਸਰਕਾਰ ਦੇ ਟੈਕਸ ਛਪਾਵੇਗਾ, ਕਿਤੇ ਬਲੈਕਾਂ ਕਰੇਗਾ, ਕਿਤੇ ਨਕਲੀ ਚੀਜ਼ਾਂ ਬਣਾ ਕੇ ਵਰਤਣ ਵਾਲਿਆਂ ਦਾ ਪੂਰੀ ਤਰ੍ਹਾਂ ਨੁਕਸਾਨ ਕਰੇਗਾ, ਕਿਤੇ ਨਕਲੀ ਦਵਾਈਆਂ ਬਣਾ ਕੇ ਬਿਮਾਰ ਪੁਰਸ਼ਾਂ ਦੀ ਜਾਨ ਨਾਲ ਖੇਡੇਗਾ ਅਤੇ ਅਨੇਕ ਕਿਸਮ ਦੀਆਂ ਭਾਰੀਆਂ ਗਠੜੀਆਂ ਜੋ ਪਾਪਾਂ ਦੀਆਂ ਭਰੀਆਂ ਹੋਈਆਂ ਹਨ ਉਠਾ ਕੇ ਸੰਸਾਰ ਵਿਚੋਂ ਰੋਂਦਾ ਕੁਰਲਾਉਂਦਾ ਲੇਖੇ ਦੇਣ ਲਈ ਦਰਗਾਹ ਵਿਚ ਪੁਜ ਕੇ ਪਛਤਾਉਂਦਾ ਹੈ। ਜਿਸ ਸਰੀਰ ਵਾਸਤੇ ਇਸ ਨੇ ਐਨੇ ਘੋਰ ਪਾਪ ਕੀਤੇ ਹਨ, ਮਨ ਦੀਆਂ ਵਾਸ਼ਨਾਵਾਂ ਦੀ ਪੂਰਤੀ ਲਈ ਜਾਇਜ਼ ਨਜ਼ਾਇਜ਼ ਸਾਰੇ ਹਰਵੇ ਵਰਤੇ ਉਸ ਕਾਇਆ ਦਾ ਕੀ ਹਰਸ਼ ਹੁੰਦਾ ਹੈ। ਸਾਰਿਆਂ ਦੇ ਦੇਖਦੇ-ਦੇਖਦੇ ਇਹ ਜੀਵ ਆਤਮਾ ਸਰੀਰ ਛੱਡ ਕੇ ਚਲਿਆ ਜਾਂਦਾ ਹੈ ਅਤੇ ਪਿਛੋਂ ਇਹ ਦੇਹ ਰੁਲਦੀ ਰਹਿੰਦੀ ਹੈ। ਕੋਈ ਇਸ ਨੂੰ ਥੋੜ੍ਹਾ ਚਿਰ ਵੀ ਰੱਖਣਾ ਪਸੰਦ ਨਹੀਂ ਕਰਦਾ, ਰਿਸ਼ਤੇਦਾਰਾਂ, ਹਿਤੈਸ਼ੀਆਂ ਨੂੰ ਉਡੀਕਦੇ ਹਨ ਕਿ ਇਕੱਠੇ ਹੋ ਕੇ ਇਸ ਨੂੰ ਅਗਨ ਭੇਟ ਕਰੀਏ ਇਹ ਕਿਤੇ ਘਰ ਵਿਚ ਪਈ ਨਾ ਰਹਿ ਜਾਵੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਐ ਜੀਵ! ਤੂੰ ਸਾਡਾ ਬਚਨ ਮੰਨ ਕੇ ਕੁਝ ਤਾਂ ਸਮਝ, ਕਿਉਂ ਐਨੇ ਭਾਰ ਉਠਾ ਰਿਹਾ ਹੈਂ ਕਿ ਤੈਨੂੰ ਲੇਖਾ ਦੇਣਾ ਹੀ ਔਖਾ ਹੋ ਜਾਵੇ –

*ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ॥*
*ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ॥*
*ਪੰਨਾ - 154*

ਸੋ ਲੋਭ ਲਹਿਰ ਜਦੋਂ ਇਨਸਾਨ ਦੇ ਹਿਰਦੇ ਵਿਚ ਵਸ ਜਾਂਦੀ ਹੈ ਉਸ ਦੀ ਸਾਰੀ ਅਕਲ ਮਾਰੀ ਜਾਂਦੀ ਹੈ ਉਸ ਨੂੰ ਸੰਸਾਰ ਤੋਂ ਜਾਣਾ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ। ਤ੍ਰਿਸ਼ਨਾ ਦਾ ਰੋਗੀ ਹੋ ਜਾਂਦਾ ਹੈ ਤ੍ਰਿਸ਼ਨਾ ਦੀ ਅਗਨ ਉਸ ਨੂੰ ਜਲਾਉਂਦੀ ਰਹਿੰਦੀ ਹੈ ਉਹ ਕਦੇ ਵੀ ਦੋ ਘੜੀ ਸੁਰਤੀ ਨਾਲ ਬੈਠ ਨਹੀਂ ਸਕਦਾ। ਕਲੇਸ਼ ਹੀ ਕਲੇਸ਼ ਉਸਦੇ ਗਲ ਪਏ ਰਹਿੰਦੇ ਹਨ। ਗੁਰੂ ਮਹਾਰਾਜ ਜੀ ਤਾਂ ਲੋਭੀ ਨੂੰ ਹਲਕੇ ਹੋਏ ਕੁੱਤੇ ਦੀ ਤੁਲਨਾ ਦਿੰਦੇ ਹਨ। ਕਿੰਨੀ ਨੀਵੀਂ ਅਵਸਥਾ ਹੈ ਕਿ ਇਹ ਇਨਸਾਨ ਨਹੀਂ ਰਹਿੰਦਾ।

*ਲੋਭ ਲਹਰਿ ਸਭੁ ਸੁਆਨੁ ਹਲਕੁ ਹੈ*
*ਹਲਕਿਓ ਸਭਹਿ ਬਿਗਾਰੇ॥* *ਪੰਨਾ - 983*

ਹਲਕਿਆ ਹੋਇਆ ਕੁੱਤਾ ਜਿਸ ਨੂੰ ਕਟਦਾ ਹੈ ਉਸ ਨੂੰ ਵੀ ਹਲਕ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਜੀ ਇਸੇ ਤੱਥ ਨੂੰ ਸਾਮ੍ਹਣੇ ਰਖਦੇ ਹੋਏ ਫੁਰਮਾਨ ਕਰਦੇ ਹਨ ਕਿ ਪਿਆਰਿਓ! ਲੋਭੀ ਦਾ ਕਦੇ ਵੀ ਵਿਸਾਹ ਨਾ ਕਰੋ ਇਹ ਉਥੇ ਧੋਖਾ ਦਿੰਦਾ ਹੈ ਜਿਥੇ ਆਦਮੀ ਦਾ ਹੱਥ ਕਿਤੇ ਵੀ ਨਾ ਪੈ ਸਕੇ। ਇਹ ਲੋਭੀ ਜੀਵ ਪਿਆਰ ਪਾ ਕੇ ਮਾਰ ਵੀ ਦਿੰਦਾ ਹੈ, ਗੁੰਮ ਵੀ ਕਰ ਦਿੰਦਾ ਹੈ, ਕਈ ਕਿਸਮ ਦੀਆਂ ਦਵਾਈਆਂ ਖਵਾ ਕੇ ਪਾਗਲ ਵੀ ਬਣਾ ਦਿੰਦਾ ਹੈ ਆਪਣਾ ਮਤਲਬ ਸਿੱਧਾ ਕਰਦਾ ਹੈ।

ਕਈ ਗੱਲਾਂ ਐਸੀਆਂ ਹੁੰਦੀਆਂ ਹਨ ਜੋ ਕਾਨੂੰਨੀ ਤੌਰ ਤੇ ਸਾਬਤ ਕਰਨੀਆਂ ਬਹੁਤ ਹੀ ਮੁਸ਼ਕਲ ਹੁੰਦੀਆਂ ਹਨ ਪਰ ਅੱਖਾਂ ਸਾਮ੍ਹਣੇ ਬੀਤਣ ਕਰਕੇ ਲੋਕ ਰਾਇ ਕੋਈ ਨਾ ਕੋਈ ਨਿਰਣਾ ਕੱਢ ਲਿਆ ਕਰਦੀ ਹੈ। ਮੇਰੇ ਯਾਦ ਹੈ ਕਿ 1950 ਦੇ ਨੇੜੇ-ਤੇੜੇ ਪਤਨੀ ਅਤੇ ਪਤੀ ਦਾ ਜੁਆਇੰਟ ਬੀਮਾ ਹੋਇਆ ਕਰਦਾ ਸੀ। ਇਕ ਪ੍ਰੇਮੀ ਜਿਸ ਨੇ ਬਹੁਤ ਵੱਡੀ ਰਕਮ ਦਾ ਬੀਮਾ ਕਰਾਇਆ ਹੋਇਆ ਸੀ ਆਪਣੀ ਪਤਨੀ ਨਾਲ ਬਹੁਤ ਪਿਆਰ ਕਰਦਾ ਸੀ। ਉਸ ਨੂੰ ਪਿਕਨਿਕ ਲਈ ਸ੍ਰੀ ਨਗਰ Lake (ਝੀਲ) ਤੇ ਲੈ ਗਿਆ ਅਤੇ ਅਜਿਹੀ ਕਹਾਣੀ ਬਣਾਈ ਸਭ ਨੂੰ ਇਹ ਸੱਚ ਲਗਣ ਲਗ ਗਿਆ ਕਿ ਉਸਦੀ ਪਤਨੀ ਤਿਲਕ ਕੇ ਝੀਲ ਵਿਚ ਗਿਰ ਕੇ ਪ੍ਰਾਣ ਤਿਆਗ ਗਈ। ਉਸ ਦੇ ਪਤੀ ਨੇ ਵੀ ਅਜਿਹਾ ਮੂੰਹ ਬਣਾਇਆ ਕਿ ਸਾਰੇ ਹੀ ਉਸਦੇ ਪਾਸ ਅਫਸੋਸ ਕਰਨ ਜਾਂਦੇ ਸਨ। ਉਸ ਨੇ ਬੀਮਾ ਕੰਪਨੀ ਉਪਰ claim ਕਰ ਦਿਤਾ ਅਤੇ ਲੱਖਾਂ ਰੁਪਿਆ insurance (ਬੀਮਾ) ਦਾ ਹਾਸਲ ਕਰ ਲਿਆ। ਇਸ ਤਰ੍ਹਾਂ ਉਪਰਥਲੀ ਅਜਿਹੀਆਂ ਘਟਨਾਵਾਂ ਹੋਣ ਲੱਗੀਆਂ ਜਿਸ ਕਰਕੇ joint (ਸਾਂਝੇ) ਬੀਮੇ ਹੋਣੇ ਬੰਦ ਹੋ ਗਏ। ਹੁਣ ਤੁਸੀਂ ਦਸੋ ਕਿ ਲੋਭੀ ਦਾ ਕਿਵੇਂ ਵੇਸਾਹੁ ਕੀਤਾ ਜਾਵੇ।

*ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥*
*ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥*
*ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ॥*
*ਮੁਹ ਕਾਲੇ ਤਿਨਾ ਲੋਭੀਆਂ ਜਾਸਨਿ ਜਨਮੁ ਗਵਾਇ॥*
*ਪੰਨਾ - 1417*

ਮਹਾਰਾਜ ਕਹਿੰਦੇ ਨੇ ਕਿ ਲੋਭੀਆਂ ਦਾ ਕੀ ਵੇਸਾਹ

ਕਰਨਾ ਹੋਇਆ ਉਨ੍ਹਾਂ ਦਾ ਜਦੋਂ ਹਿਤ ਹੁੰਦਾ ਹੈ ਉਹ ਬਹੁਤ ਗੱਲਾਂ ਕਰਦੇ ਹਨ ਜਿਵੇਂ ਆਪਣਾ ਹੀ ਕੁੱਤਾ ਪਿਆਰ ਕਰਦਾ ਹੈ ਪਰ ਜਦੋਂ ਹਲਕ ਜਾਂਦਾ ਹੈ, ਫੇਰ ਉਸਦਾ ਕੀ ਵਸਾਹ ਕਿ ਕਿਹੜੇ ਵੇਲੇ ਉਹ ਚੱਕ ਵੱਢ ਕੇ ਜ਼ਹਿਰ ਆਪਣੇ ਮਾਲਕ ਦੇ ਅੰਦਰ ਦਾਖਲ ਕਰ ਦੇਵੇ। ਮਹਾਰਾਜ ਕਹਿੰਦੇ ਹਨ ਕਿ ਉਨ੍ਹਾਂ ਦਾ ਮਨ ਖੋਟੀ ਮਤ ਦੀ ਮੈਲ ਨਾਲ ਭਰ ਜਾਂਦਾ ਹੈ। ਗੱਲਾਂ-ਬਾਤਾਂ ਵਿਚ ਉਹ ਬਹੁਤ ਮਿੱਠੇ ਹੁੰਦੇ ਹਨ। ਐਉਂ ਲਗਦਾ ਹੈ ਕਿ ਇਨ੍ਹਾਂ ਵਰਗਾ ਤਾਂ ਕੋਈ ਚੰਗਾ ਬੰਦਾ ਹੋ ਹੀ ਨਹੀਂ ਸਕਦਾ।

ਮੈਂ ਆਪਣੇ ਜੀਵਨ ਵਿਚ ਗੁਰੂ ਮਹਾਰਾਜ ਦੇ ਬਚਨ ਤਾਂ ਚੰਗੀ ਤਰ੍ਹਾਂ ਜਾਣਦਾ ਸੀ ਪਰ ਮੇਰੇ ਵਿਚ ਇਕ ਬੜਾ ਭਾਰੀ ਨੁਕਸ ਸੀ ਕਿ ਮੈਂ ਕਿਸੇ ਉਪਰ ਸ਼ੱਕ ਨਹੀਂ ਸੀ ਕਰਦਾ। ਨਾ ਹੀ ਮੈਨੂੰ ਕੋਈ ਬੁਰਾ ਨਜ਼ਰ ਆਉਂਦਾ ਸੀ ਪਰ ਮੇਰੇ ਨਾਲ ਜੀਵਨ ਵਿਚ ਕਈ ਐਸੀਆਂ ਘਟਨਾਵਾਂ ਹੋਈਆਂ ਜੋ ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਜਿਨ੍ਹਾਂ ਪ੍ਰੇਮੀਆਂ ਨੇ ਬੇਵਿਸ਼ਵਾਸ਼ੀਆਂ ਕੀਤੀਆਂ ਉਹ ਸਚਮੁੱਚ ਹੀ ਕੁੱਤੇ ਵਾਂਗੂੰ ਹਲਕੇ ਹੋਏ ਸਨ। ਉਨ੍ਹਾਂ ਨੂੰ ਮੇਰੀਆਂ ਕੀਤੀਆਂ ਹੋਈਆਂ ਨੇਕੀਆਂ ਭੁੱਲ ਗਈਆਂ ਤੇ ਇਕੋ ਗੱਲ ਦਿਮਾਗ ਵਿਚ ਆ ਗਈ ਕਿ ਜੋ ਆਰਥਕ ਸਹਾਇਤਾ ਉਨ੍ਹਾਂ ਦੇ ਕੰਮ ਵਿਚ ਮੇਰੇ ਤੋਂ ਪ੍ਰਾਪਤ ਹੋਈ ਸੀ ਉਹ ਕਿਸੇ ਨਾ ਕਿਸੇ ਤਰ੍ਹਾਂ ਹਤਿਆ ਲਈ ਜਾਵੇ। ਰਿਣ ਹੱਤਿਆ 96 ਕਰੋੜ ਪਾਪ ਦੇ ਬਰਾਬਰ ਗਿਣੀ ਜਾਂਦੀ ਹੈ ਪਰ ਅਜਿਹੇ ਪੁਰਸ਼ ਨੂੰ ਨਾ ਕੋਈ ਦਰਗਾਹ ਦਾ ਪਤਾ ਹੁੰਦਾ ਹੈ, ਨਾ ਦੂਸਰੇ ਦੀ ਭਾਵਨਾ ਨੂੰ ਜਾਣਦੇ ਹਨ ਉਨ੍ਹਾਂ ਨੇ ਤਾਂ ਆਪਣਾ ਉਲੂ ਸਿੱਧਾ ਕਰਨਾ ਹੁੰਦਾ ਹੈ, ਨਾ ਚੰਗੇ ਚਰਿੱਤਰ ਦਾ ਉਨ੍ਹਾਂ ਨੂੰ ਕੋਈ ਧਿਆਨ ਹੁੰਦਾ ਹੈ, ਨਾ ਮਾੜੇ ਚਰਿੱਤਰ ਦਾ ਉਨ੍ਹਾਂ ਨੂੰ ਕੋਈ ਫਰਕ ਪੈਂਦਾ ਹੈ –

*ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ॥*
*ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ॥*
*ਪੰਨਾ - 1326*

ਪਰ ਲਾਲਚ ਦੇ ਵਸ ਵਿਚ ਪੈ ਕੇ ਜੋ ਜੋ ਵੀ ਕਰਮ ਆਦਮੀ ਕਰਦਾ ਹੈ ਉਸ ਵਿਚ ਆਪ ਹੀ ਬੰਨ੍ਹਿਆ ਜਾਂਦਾ ਹੈ। ਜਦੋਂ ਪੂਰੀ ਤਰ੍ਹਾਂ ਫਸ ਜਾਂਦਾ ਹੈ ਫੇਰ ਦੌੜਿਆ ਫਿਰਦਾ ਹੈ ਕਿ ਮੈਨੂੰ ਆਹ ਸਮੱਸਿਆ ਹੋ ਗਈ, ਮੈਨੂੰ ਆਹ ਹੋ ਗਿਆ। ਉਹ ਇਸ ਕਰਕੇ ਕਿ ਉਸ ਨੇ ਲਾਲਚ ਵਿਚ ਆ ਕੇ ਅਜਿਹਾ ਕੰਮ ਕੀਤਾ ਜਿਸ ਨਾਲ ਉਹ ਲਾਲਚ ਦੀਆਂ ਕੜੀਆਂ ਵਿਚ ਬੰਨ੍ਹਿਆ ਜਾਂਦਾ ਹੈ ਅਤੇ ਫਸ ਜਾਂਦਾ ਹੈ –

*ਭੂਲਿਓ ਮਨੁ ਮਾਇਆ ਉਰਝਾਇਓ॥*
*ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥*
*ਪੰਨਾ - 702*

ਗੁਰੂ ਮਹਾਰਾਜ ਜੀ ਬੜੇ ਪਿਆਰ ਦੇ ਨਾਲ ਸਮਝਾਉਂਦੇ ਹਨ ਕਿ ਲੋਭ ਦੇ ਵਿਚ ਪੈ ਕੇ ਕਿਉਂ ਤੁਸੀਂ ਆਪਣੀ ਦ੍ਰਿਸ਼ਟੀ ਅੰਨ੍ਹੀ ਕਰ ਲਈ ਅਤੇ ਫੁਰਮਾਨ ਕਰਦੇ ਹਨ –

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*
*ਪੰਨਾ - 918*

*ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ॥*
*ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥*
*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥*
*ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥*
*ਕਿਛੁ ਲਾਹੇ ਉਪਰਿ ਘਾਲੀਐ॥* *ਪੰਨਾ - 474*

ਇਸ ਕਰਕੇ ਮਹਾਰਾਜ ਜੀ ਕਹਿੰਦੇ ਹਨ ਕਿ ਤੁਸੀਂ ਕਿਉਂ ਆਪਣੇ ਆਪ ਨੂੰ ਅੰਨ੍ਹਿਆ ਦੇ ਵਿਚ ਸ਼ਾਮਲ ਕਰ ਲਿਆ। ਕਿਉਂ ਨਹੀਂ ਜਾਣਦੇ ਕਿ ਲਾਲਚ ਦਾ ਦੁਖ ਬਹੁਤ ਭਾਰੀ ਹੁੰਦਾ ਹੈ। ਕਿਉਂ ਨਹੀਂ ਮੰਨਦੇ ਕਿ ਦਰਗਾਹ ਵਿਚ ਉਸ ਦੀ ਹਾਰ ਹੁੰਦੀ ਹੈ। ਆਦਮੀ ਦੇ ਅੰਦਰ ਜੋ ਪੰਜ ਚੋਰ ਵਸਦੇ ਹਨ ਉਨ੍ਹਾਂ ਸਾਰਿਆਂ ਦਾ ਸਪਰਸ਼ ਆਦਮੀ ਨੂੰ ਬਹੁਤ ਨੀਵਾਂ ਲੈ ਜਾਂਦਾ ਹੈ ਜਿਵੇਂ ਕਾਮ ਆਦਮੀ ਦੇ ਸਭ ਕਰਮ ਧਰਮ ਨਸ਼ਟ ਕਰ ਦਿੰਦਾ ਹੈ, ਇਸੇ ਤਰ੍ਹਾਂ ਕ੍ਰੋਧ ਐਨਾ ਭਿਆਨਕ ਹੈ ਕਿ ਗੁਰੂ ਮਹਾਰਾਜ ਜੀ ਸਾਨੂੰ ਸੁਚੇਤ ਕਰਦੇ ਹਨ –

*ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥*
*ਪੰਨਾ - 40*

ਮੋਹ ਦੇ ਬੰਧਨਾਂ ਵਿਚ ਬੰਨ੍ਹਿਆ ਬੰਦਾ ਬਾਰ-ਬਾਰ ਜੰਮਦਾ, ਮਰਦਾ ਹੈ। ਅਭਿਮਾਨ ਵਿਚ ਆਇਆ ਬੰਦਾ ਕਿਸੇ ਨੂੰ ਵੀ ਨਿਗ੍ਹਾ ਥੱਲੇ ਨਹੀਂ ਲਿਆਂਦਾ। ਵਾਹਿਗੁਰੂ ਜੀ ਨੂੰ ਹੰਕਾਰ ਬਿਲਕੁਲ ਹੀ ਨਹੀਂ ਭਾਉਂਦਾ। ਸਾਰੇ ਧਰਮ ਗ੍ਰੰਥ ਉਚੀ-ਉਚੀ ਬੋਲ ਕੇ ਸਮਝਾਉਂਦੇ ਹਨ –

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥*
*ਪੰਨਾ - 1089*

ਇਸੇ ਤਰ੍ਹਾਂ ਨਾਲ ਲਾਲਚ ਬਾਰੇ ਦਸਦੇ ਹੋਏ ਫੁਰਮਾਨ ਕਰਦੇ ਹਨ –

*ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥*
*ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ॥*
*ਪੰਨਾ - 419*

ਕਿਉਂ ਤੁਸੀਂ ਇਹ ਵਿਹੁ ਦਾ ਵਪਾਰ ਕਰਦੇ ਹੋ, ਤੁਹਾਨੂੰ ਮਾਨਸ ਜਨਮ ਪ੍ਰਭੂ ਦੀ ਪ੍ਰਾਪਤੀ ਲਈ ਮਿਲਿਆ ਹੋਇਆ ਹੈ ਤੁਸੀਂ ਇਸ ਨੂੰ ਅਜਾਈਂ ਗੁਆ ਕੇ ਕਿੱਡੀ ਵੱਡੀ ਹਾਨੀ ਆਪਣੇ ਆਪ ਨਾਲ ਕਰ ਰਹੇ ਹੋਂ। ਮੁੜ ਕੇ ਇਹ ਜਨਮ ਹੱਥ ਨਹੀਂ ਆਉਣਾ। ਪਤਾ ਨਹੀਂ ਕੀਤੇ ਕਰਮਾਂ ਦਾ ਫਲ ਭੋਗਣ ਲਈ ਕਿਸ-ਕਿਸ ਜੂਨੀ ਵਿਚ ਜਾਣਾ ਪਵੇ। ਇਸ ਨੂੰ ਹਉਮੈ ਦਾ ਰੋਗ ਲੱਗਿਆ ਹੋਇਆ ਹੈ ਜਿਸ ਕਰਕੇ ਪ੍ਰਭੂ ਸਾਰੇ ਪਰੀਪੂਰਨ ਹੁੰਦਾ ਹੋਇਆ ਵੀ ਇਸ ਨੂੰ ਨਹੀਂ ਦਿਸਦਾ। ਇਹ ਐਨਾ ਗਿਰ ਗਿਆ ਕਿ ਇਹ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਹੀ ਮੰਨਦਾ ਹੈ। ਭਾਵੇਂ ਪੀ-ਐਚ. ਡੀ., ਡੀ. ਲਿਟ. ਕਰ ਲਈ, ਪੰਡਤ ਦੀ ਪਦਵੀ ਪ੍ਰਾਪਤ ਕਰ ਲਈ, ਹੋਰ ਪਤਾ ਨਹੀਂ ਕੀ-ਕੀ ਪਦਵੀਆਂ ਪ੍ਰਾਪਤ ਕਰਕੇ ਦੁਨੀਆਂ ਵਿਚ ਮਸ਼ਹੂਰ ਹੋ ਗਿਆ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਪਿਆਰਿਓ! ਕਿਉਂ ਫੋਕੀਆਂ ਗੱਲਾਂ ਵਿਚ ਪਏ ਹੋਂ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੇ ਤੂੰ ਇਕ ਗੱਲ ਨਾ ਬੁੱਝੀ ਤੁਹਾਡਾ ਦਰਜਾ ਪਸ਼ੂਆਂ ਦੇ ਬਰਾਬਰ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਤਾਂ ਧੁਰ ਦਰਗਾਹ ਦੀਆਂ ਗੱਲਾਂ ਦਸ ਰਹੇ ਹਨ। ਸਾਰੀ ਅਕਾਲ ਪੁਰਖ ਦੀ ਕ੍ਰਿਆ ਹੋ ਰਹੀ ਹੈ, ਇਹ ਬਾਣੀ ਵੀ ਧੁਰ ਦਰਗਾਹ ਤੋਂ ਆਈ ਹੋਈ ਹੈ। ਆਪ ਬਾਰ-ਬਾਰ ਇਸ ਜੀਵ ਨੂੰ ਸੁਚੇਤ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਇਹ ਮਾਨਸ ਜਨਮ

ਦੁਰਲਭ ਹੈ, ਇਹ ਤੁਹਾਡੇ ਇਕ ਵਾਰੀ ਹੱਥੋਂ ਨਿਕਲ ਗਿਆ ਫੇਰ ਮੁੜ ਕੇ ਹੱਥ ਨਹੀਂ ਆਉਣਾ। ਕੀਤੇ ਕਰਮਾਂ ਦਾ ਬਦਲਾ ਦੇਣ ਲਈ ਅਸਾਨੂੰ ਨਖਿੱਧ ਜੂਨਾਂ ਵਿਚ ਜਾਣਾ ਪਵੇਗਾ। ਬਾਣੀ ਵਿਚ ਆਉਂਦਾ ਹੈ ਕਿ ਪਿਆਰਿਆ! ਜੀਭ ਦੇ ਸੁਆਦ ਲਈ ਜੀਵਾਂ ਨੂੰ ਮਾਰ-ਮਾਰ ਕੇ ਖਾਂਦਾ ਹੈ ਪਰ ਜਦੋਂ ਲੇਖਾ ਦੇਣਾ ਪੈ ਗਿਆ ਫੇਰ ਅਕਾਲ ਪੁਰਖ ਦੇ ਨਿਯਮ ਅਨੁਸਾਰ ਤੈਨੂੰ ਵੀ ਉਸੇ ਤਰ੍ਹਾਂ ਉਹ ਖਾਵੇਗਾ ਕਿਉਂਕਿ ਕੀਤੇ ਹੋਏ ਕਰਮ ਭੋਗਣੇ ਹੀ ਪੈਂਦੇ ਹਨ -

*ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ॥*

ਪਰ ਅਸੀਂ ਗੁਰੂ ਮਹਾਰਾਜ ਜੀ ਦਾ ਕੋਈ ਵੀ ਹੁਕਮ ਮੰਨਣ ਵਾਸਤੇ ਤਿਆਰ ਨਹੀਂ ਹੁੰਦੇ। ਗੁਰਬਾਣੀ ਵਿਚ ਸਪਸ਼ਟ ਹੈ -

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥ ਪੰਨਾ-1374*

ਇਹ ਕਿਥੇ ਦੀ ਅਕਲਮੰਦੀ ਹੈ ਕਿ ਗਲੇ ਕੱਟ-ਕੱਟ ਕੇ ਜੀਵਾਂ ਦਾ ਮਾਸ ਖਾ ਕੇ ਪੇਟ ਵਧਾ ਲਵੇ। ਫੇਰ ਇਨ੍ਹਾਂ ਕਰਮਾਂ ਦਾ ਲੇਖਾ ਜਦੋਂ ਦੇਣਾ ਪਿਆ ਫੇਰ ਤੇਰਾ ਕੋਈ ਨਹੀਂ ਬੇਲੀ ਹੋਣਾ।

*ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ॥*
*ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥*
*ਕੋਏ ਨ ਬੇਲੀ ਹੋਏ ਤੇਰਾ ਸਦਾ ਪਛੋਤਾਵਹੇ॥*
*ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ॥*
*ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ॥*
*ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ ਸਦਾ ਫਿਰਤ ਦੁਹੇਲੀ॥*
*ਪੰਨਾ - 546*

ਸਰੀਰ ਨੇ ਤਾਂ ਨਾਸ ਹੋ ਹੀ ਜਾਣਾ ਹੈ। ਤਮੋ ਗੁਣੀ ਭੋਜਨ ਖਾ ਕੇ ਇਕ ਤਾਂ ਤੂੰ ਪ੍ਰਭੂ ਨੂੰ ਭੁੱਲਿਆ ਰਹਿੰਦਾ ਹੈਂ, ਅੰਦਰ ਤੇਰੇ ਪ੍ਰਭੂ ਦਾ ਵਾਸਾ ਹੈ ਜਿਸ ਦੇ ਦਰ ਤੇ ਪਹੁੰਚਣ ਨਾਲ ਸਾਰੇ ਦੁਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਸਾਰੀ ਦੁਨੀਆਂ ਦਾ ਮਾਲਕ ਮਿਤਰ ਬਣ ਜਾਂਦਾ ਹੈ ਉਸ ਨੂੰ ਭੁੱਲ ਕੇ ਤੂੰ ਇਨ੍ਹਾਂ ਨਖਿੱਧ ਕੰਮਾਂ ਵਿਚ ਪੈ ਕੇ ਆਪਣਾ ਜੀਵਨ ਬਰਬਾਦ ਕਰ ਲੈਂਦਾ ਹੈਂ ਤੇ ਗੁਰੂ ਦੇ ਬਚਨ ਨੂੰ ਬਿਲਕੁਲ ਨਹੀਂ ਮੰਨਦਾ।

*ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ॥*
*ਪੰਨਾ - 1191*

ਜਦੋਂ ਲੇਖਾ ਦੇਣਾ ਪੈਂਦਾ ਹੈ ਤਾਂ ਮੋਹਲਿਆਂ ਨਾਲ ਕੁੱਟਿਆ ਜਾਂਦਾ ਹੈ ਜਿਵੇਂ ਮੋਹਲੇ ਮਾਰ-ਮਾਰ ਕੇ ਧਾਨਾਂ ਦੀ ਛਿੱਲ ਲਾਹ ਦਿਤੀ ਜਾਂਦੀ ਹੈ ਅਤੇ ਲੱਕੜ ਦੀ ਥਾਪੀ ਮਾਰ-ਮਾਰ ਕੇ ਬਾਣ ਵੱਟਿਆ ਜਾਂਦਾ ਹੈ ਇਸੇ ਤਰ੍ਹਾਂ ਨਾਲ ਪਾਪ ਦੁੱਖ ਰੂਪ ਹੋ ਕੇ ਦਰਗਾਹ ਵਿਚ ਇਸ ਨੂੰ ਚਿੰਬੜਦੇ ਹਨ -

*ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋਟਵਾਰੀ॥*
*ਪੰਨਾ - 1191*

ਇਸ ਨੇ ਸਤਿਗੁਰੂ ਦੀ ਗੱਲ ਤਾਂ ਸੁਣੀ ਹੀ ਨਹੀਂ ਫੁਰਮਾਨ ਆਉਂਦਾ ਹੈ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥*
*ਓਥੇ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥*
*ਪੰਨਾ - 1281*

ਜੇ ਸਤਿਗੁਰੂ ਬਣਾਇਆ ਹੈ ਤਾਂ ਹੀ ਕੱਢੇਗਾ, ਨਿਗੁਰੇ ਦੀ ਰਾਖੀ ਕੌਣ ਕਰੇਗਾ। ਉਥੇ ਤਾਂ ਪਿਆਰਿਆ! ਤੈਨੂੰ ਕੀਤੇ ਹੋਏ ਕਰਮਾਂ ਦੀ ਸਜ਼ਾ ਭੁਗਤਣੀ ਹੀ ਪੈਣੀ ਹੈ। ਸੋ ਇਹ ਧਨ ਵਾਸ਼ਨਾ ਦੇ ਭਿਆਨਕ ਨਤੀਜੇ ਹਨ ਜਿਹੜੇ ਇਸ ਜੀਵ ਨੂੰ ਬੁਰੀ ਤਰ੍ਹਾਂ ਨਾਲ ਭਟਕਾਉਂਦੇ ਰਹਿੰਦੇ ਹਨ। ਮਨ ਵਾਹਿਗੁਰੂ ਦੇ ਚਰਨਾਂ ਵਿਚ ਲੀਨ ਹੋਣ ਦੀ ਥਾਂ ਅਨੇਕ ਕਿਸਮ ਦੀਆਂ ਚਿਤਵਨੀਆਂ ਕਰਦਾ ਉਡਾਰੀਆਂ ਮਾਰਦਾ ਰਹਿੰਦਾ ਹੈ ਅਤੇ ਫੇਰ ਦੁਖੀ ਹੁੰਦਾ ਹੈ -

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੂਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਪੰਨਾ - 66*

ਭੋਗਾਂ ਦੀ ਵਾਸ਼ਨਾ ਧਨ ਦੀ ਵਾਸ਼ਨਾ ਨਾਲੋਂ ਵੀ ਕਿਤੇ ਵਧ ਖਤਰਨਾਕ ਹੁੰਦੀ ਹੈ। ਆਦਮੀ ਜਦੋਂ ਭੋਗਾਂ ਵਿਚ ਗ੍ਰਸਤ ਹੁੰਦਾ ਹੈ ਤਾਂ ਉਸ ਤੋਂ ਪ੍ਰਾਪਤ ਹੋਈ ਛਿਨ ਭੰਗਰ ਖੁਸ਼ੀ ਬਾਰ-ਬਾਰ ਆਦਮੀ ਦੇ ਮਨ ਨੂੰ ਭੋਗਾਂ ਵਲ ਪ੍ਰੇਰਦੀ ਰਹਿੰਦੀ ਹੈ।

ਇਕ ਐਸੀ ਕਥਾ ਆਉਂਦੀ ਹੈ ਕਿ ਸ੍ਰੀ ਰਾਮ ਚੰਦਰ ਜੀ ਮਹਾਰਾਜ ਰੂਹਾਨੀ ਸਭਾ ਵਿਚ ਸਸ਼ੋਭਤ ਸਨ, ਵਸ਼ਿਸ਼ਟ ਜੀ ਕਥਾ ਕਰ ਰਹੇ ਸਨ। ਸ੍ਰੀ ਰਾਮ ਚੰਦਰ ਜੀ ਸਮੇਤ ਅਨੇਕ ਰਿਸ਼ੀ-ਮੁਨੀ ਉਨ੍ਹਾਂ ਮਹਾਂਪੁਰਸ਼ਾਂ ਦੇ ਬਚਨ ਸਰਵਣ ਕਰ ਰਹੇ ਸਨ। ਸ੍ਰੀ ਰਾਮ ਚੰਦਰ ਜੀ ਦਾ ਧਿਆਨ ਅਚਾਨਕ ਹੀ ਕੰਧ ਉਤੇ ਚੜ੍ਹ ਰਹੇ ਕੀੜੇ ਵਲ ਚਲਿਆ ਗਿਆ। ਆਪ ਨੇ ਉਸਦੇ ਅੰਦਰਲੇ ਫੁਰਨੇ ਜਾਣੇ ਅਤੇ ਆਪ ਤਾਲੀ ਮਾਰ ਕੇ ਉਚੀ-ਉਚੀ ਦੀ ਹਸ ਪਏ, ਇਸ ਅਚਾਨਕ ਹਾਸੇ ਨੇ ਸਾਰਿਆਂ ਦੀਆਂ ਸੁਰਤੀਆਂ ਬਿਰਤੀਆਂ ਸ੍ਰੀ ਰਾਮ ਚੰਦਰ ਜੀ ਵਲ ਕਰ ਦਿਤੀਆਂ।

ਵਸ਼ਿਸ਼ਟ ਜੀ ਨੇ ਕਥਾ ਬੰਦ ਕਰਕੇ ਸ੍ਰੀ ਰਾਮ ਚੰਦਰ ਜੀ ਨੂੰ ਕਿਹਾ ਆਪ ਦਸੋ ਕਿ ਇਸ ਕਥਾ ਦੇ ਦੌਰਾਨ ਆਪ ਦੇ ਹਸਣ ਦਾ ਕੀ ਕਾਰਨ ਸੀ? ਉਸ ਵੇਲੇ ਸ੍ਰੀ ਰਾਮ ਚੰਦਰ ਜੀ ਨੇ ਵਸ਼ਿਸ਼ਟ ਜੀ ਨੂੰ ਕਿਹਾ ਕਿ ਆਪ ਤਾਂ ਤ੍ਰਿਕਾਲਦਰਸ਼ੀ ਹੋਂ, ਭੂਤ, ਭਵਿੱਖਤ, ਵਰਤਮਾਨ ਆਪ ਤੋਂ ਛੁਪਿਆ ਨਹੀਂ, ਤੁਸੀਂ ਸਾਰੇ ਜੀਵ ਜੰਤੂਆਂ ਦੀ ਅੰਦਰਲੀ ਹਾਲਤ ਜਾਣਦੇ ਹੋਂ। ਉਸ ਵੇਲੇ ਵਸ਼ਿਸ਼ਟ ਜੀ ਨੇ ਕਿਹਾ ਕਿ ਆਪ ਦਾ ਸਭਾ ਵਿਚ ਜੋ ਹਸਣਾ ਹੋਇਆ ਹੈ ਬਹੁਤ ਸਾਰੇ ਸਰੋਤੇ ਅਜੇ ਉਚੀਆਂ ਅਵਸਥਾਵਾਂ ਵਿਚ ਨਹੀਂ ਪਹੁੰਚੇ ਹੋਏ ਉਨ੍ਹਾਂ ਦੇ ਅੰਦਰ ਜਗਿਆਸਾ ਪੈਦਾ ਹੋ ਗਈ ਕਿ ਉਹ ਆਪ ਦੇ ਹਸਣ ਦਾ ਕਾਰਨ ਜਾਨਣ। ਤਾਂ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਮੈ ਤਾਂ ਇਸ ਕੀੜੇ ਨੂੰ ਦੇਖ ਕੇ ਹੱਸਿਆਂ ਹਾਂ। ਵਸ਼ਿਸ਼ਟ ਜੀ ਕਹਿਣ ਲੱਗੇ ਕਿ ਮਹਾਰਾਜ! ਆਪ ਆਪਣਾ ਆਸ਼ਾ ਸਪਸ਼ਟ ਕਰਕੇ ਪ੍ਰਗਟ ਕਰੋ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਮਹਾਰਾਜ! ਦੇਖੋ, ਇਹ ਜੋ ਕੀੜਾ ਹੈ ਇਸ ਦੀਆਂ ਪਿਛਲੀਆਂ ਦੋ ਲੱਤਾਂ ਟੁਟੀਆਂ ਹੋਈਆਂ ਹਨ। ਕੰਧ ਉਪਰ ਚੜ੍ਹਦਾ ਹੈ ਗਿਰ ਪੈਂਦਾ ਹੈ, ਫੇਰ ਚੜ੍ਹਦਾ ਫੇਰ ਗਿਰ ਪੈਂਦਾ ਹੈ, ਪਰ ਇਸ ਅੰਦਰ ਹੁਣ ਜੋ ਫੁਰਨਾ ਚਲ ਰਿਹਾ ਸੀ ਉਹ ਇਹ ਹੈ ਕਿ 83 ਲੱਖ 99, 999 ਜੂਨਾਂ ਦਾ ਚੱਕਰ ਛੇਤੀ-ਛੇਤੀ ਪੂਰਾਂ ਕਰਾਂ ਅਤੇ ਮਨੁੱਖ ਦਾ ਜਾਮਾ ਪ੍ਰਾਪਤ ਕਰਾਂ। ਫੇਰ ਮੈਂ ਵਿਧੀਪੂਰਵਕ ਨਿਰਵਿਘਨਤਾ ਸਹਿਤ ਯੱਗ ਕਰਾਂ ਜਿਸ ਦੇ ਫਲ ਵਜੋਂ ਮੈਨੂੰ ਇੰਦਰ ਦਾ ਤਖਤ ਹਾਸਲ ਹੋ ਜਾਵੇ।

ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ ਪਿਆਰਿਓ! ਇਹ ਕੀੜਾ ਇਸ ਜੂਨੀ ਤੋਂ ਪਹਿਲਾਂ 14 ਵਾਰੀ ਇੰਦਰ ਦੇ ਤਖਤ ਉਪਰ ਸਵਰਗ ਦੇ ਰਾਜੇ ਦੇ ਰੂਪ ਵਿਚ ਬੈਠ ਚੁਕਿਆ ਹੈ ਇਸ ਨੂੰ ਇੰਦਰ ਲੋਕ ਦੇ ਭੋਗਾਂ ਦੀ ਸਿਮ੍ਰਿਤੀ ਅਜੇ ਨਹੀਂ ਭੁੱਲੀ। ਇਸ ਦੇ ਕਣ-ਕਣ ਵਿਚ ਉਹ ਸਿਮ੍ਰਿਤੀ ਸਮਾਈ ਹੋਈ ਹੈ, ਇਸ ਮੂਰਖ ਦੀ ਇਸ ਗੱਲ ਨੂੰ ਦੇਖ ਕੇ ਕਿ ਇਸ ਨੂੰ ਮਾਨਸ ਜਨਮ ਪ੍ਰਾਪਤ ਕਰਕੇ ਪਰਮ ਪਦ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ ਪਰ ਭੋਗਾਂ ਦੇ ਵਸ ਵਿਚ ਆਇਆ ਹੋਇਆ ਇਹ ਇੰਦਰ ਦੀ ਪਦਵੀ ਚਾਹੁੰਦਾ ਹੈ। ਜਿਥੇ ਕਿੰਨਰ ਤੇ ਗੰਧਰਭ ਸਾਜੀ ਹਨ, ਅਨੇਕ ਸੁੰਦਰ ਅਪਛਰਾਵਾਂ ਨ੍ਰਿਤਕਾਰੀ ਕਰਦੀਆਂ ਹਨ ਅਤੇ ਇਹ ਇੰਦਰ ਦੇ ਰੂਪ ਵਿਚ ਸਦਾ ਹੀ ਭੋਗਾਂ ਵਿਚ ਗੁਲਤਾਨ ਰਹਿੰਦਾ ਹੈ ਜਿਸ ਦੇ ਫਲ ਵਜੋਂ ਇਹ 83 ਲੱਖ 99,999 ਜੂਨਾਂ ਦਾ ਚੱਕਰ ਭੋਗਦਾ ਹੈ, ਫੇਰ ਸੌ ਯੱਗ ਕਰਕੇ ਇੰਦਰ ਦੀ ਪਦਵੀ ਪ੍ਰਾਪਤ ਕਰਦਾ ਹੈ। ਸੋ ਇਸ ਮੂੜ੍ਹ ਦੀ ਵਾਸ਼ਨਾ ਕਰਕੇ ਮੈਨੂੰ ਹਾਸਾ ਆਇਆ। ਇਕ ਵਾਸ਼ਨਾ ਨੇ ਇਸ ਨੂੰ ਕਿੰਨੇ ਚੱਕਰ ਵਿਚ ਪਾਇਆ ਹੋਇਆ ਹੈ।

ਸੰਸਾਰ ਦੇ ਜੀਵ ਵਾਸ਼ਨਾ ਦੇ ਚੱਕਰ ਨੇ ਘੁੰਮਾਏ ਹੋਏ ਜੰਮਣ ਮਰਨ ਦੀ ਲੜੀ ਵਿਚ ਪਰੋਏ ਹੋਏ ਹਨ। ਇਕ ਜਨਮ ਧਾਰਦੇ ਹਨ, ਮਰ ਜਾਂਦੇ ਹਨ ਅਤੇ ਫੇਰ ਹੋਰ ਜਨਮ ਧਾਰਦੇ ਹਨ। ਵਾਸ਼ਨਾਵਾਂ ਫੇਰ ਜਨਮ 'ਚ ਲੈ ਆਉਂਦੀਆਂ ਹਨ ਪਰ ਫੇਰ ਵੀ ਇਸ ਨੂੰ ਇਹ ਗਿਆਨ ਨਹੀਂ ਹੁੰਦਾ ਕਿ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਨਾਮ ਦੀ ਦਾਤ ਪ੍ਰਾਪਤ ਕਰਕੇ ਉਸਦੀ ਕਮਾਈ ਕਰਾਂ ਅਤੇ ਮਹਾਂਪੁਰਸ਼ਾਂ ਦੀ ਸੰਗਤਾਂ ਵਿਚ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੀਆਂ ਮੰਜ਼ਲਾਂ ਤਹਿ ਕਰਦਾ ਹੋਇਆ ਪਰਮ ਪਦ ਵਿਚ ਪਹੁੰਚ ਜਾਵਾਂ। ਪਰ ਇਹ ਖੋਟੀ ਬੁੱਧੀ ਵਾਲਾ ਜੀਵ ਇਸ ਗੱਲ ਨੂੰ ਨਹੀਂ ਜਾਣਦਾ। ਅਜਿਹੇ ਜੀਵਾਂ ਦਾ ਦਰਜਾ ਮਨੁੱਖਾਂ ਦੇ ਬਰਾਬਰ ਨਹੀਂ ਹੋਇਆ ਕਰਦਾ, ਉਹ ਤਾਂ ਪਸ਼ੂ ਤੋਂ ਵੀ ਨੀਵਾਂ ਢੋਰ ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੈ ਪਸੁ ਢੋਰ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥*
*ਪੰਨਾ - 251*

ਸੋ ਇਸ ਤਰ੍ਹਾਂ ਨਾਲ ਧਨ ਵਾਸ਼ਨਾ ਦਾ ਜ਼ਿਕਰ ਹੋ ਰਿਹਾ ਸੀ। ਇਹ ਇਕੋ ਵਾਸ਼ਨਾ ਜੀਵ ਨੂੰ ਕ੍ਰੋੜਾਂ ਜਨਮ ਵਿਚ ਘੁੰਮਾਉਣ ਦੀ ਸਮਰਥਾ ਰਖਦੀ ਹੈ। ਫੇਰ ਬਾਕੀ ਵਾਸ਼ਨਾਵਾਂ ਦਾ ਕੀ ਹਾਲ ਦਸਿਆ ਜਾਵੇ। ਭੋਗਾਂ ਦੇ ਵਿਚ ਪਿਆ ਹੋਇਆ ਆਦਮੀ ਆਪਣੇ ਕੰਚਨ ਵਰਗੇ ਸਰੀਰ ਨੂੰ ਰੋਗ ਗ੍ਰਸਤ ਕਰ ਦਿੰਦਾ ਹੈ, ਫੇਰ ਦਿਨ ਰਾਤ ਦੁਹਾਈਆਂ ਦਿੰਦਾ ਹੈ, ਇਕ ਬਿਮਾਰੀ ਹਟਦੀ ਹੈ, ਦੂਜੀ ਆ ਘੇਰਦੀ ਹੈ। ਮਨ ਵੀ ਰੋਗੀ, ਤਨ ਵੀ ਰੋਗੀ ਹੋ ਜਾਂਦਾ ਹੈ ਫੇਰ ਪ੍ਰਭੂ ਦਾ ਨਾਮ ਕਿਵੇਂ ਜਪੇਂਗਾ।

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ - 1256*

ਇਹ ਸਭ ਗੱਲਾਂ ਸਭ ਵਾਸ਼ਨਾਵਾਂ ਕਰਕੇ ਹੋਇਆ ਕਰਦੀਆਂ ਹਨ।

ਧਨ ਵਾਸ਼ਨਾ ਇਕ ਬਹੁਤ ਪ੍ਰਬਲ ਵਾਸ਼ਨਾ ਹੈ। ਪਹਿਲਾਂ ਤਾਂ ਧਨ ਇਕੱਠਾ ਕਰਨ ਵਾਸਤੇ ਬਹੁਤ ਪਾਪ ਕਰਮ ਕਰਨੇ ਪੈਂਦੇ ਹਨ, ਛਲ ਕਪਟ ਕਰਨੇ ਪੈਂਦੇ ਹਨ। ਜਦੋਂ ਧਨ ਇਕੱਠਾ ਹੋ ਜਾਵੇ ਤਾਂ ਫਿਰ ਇਸ ਦੀ ਰਾਖੀ ਕਰਨ ਦੀ ਹਰ ਸਮੇਂ ਚਿੰਤਾ ਰਹਿੰਦੀ ਹੈ। ਇਸ ਨੂੰ ਇਕੱਠਾ ਕਰਨ ਵਾਸਤੇ ਜੋ ਪਾਪ ਕੀਤੇ ਹਨ ਉਹ ਸਾਰੇ ਮਰਨ ਉਪਰੰਤ ਜੀਵ ਆਤਮਾ ਦੇ ਨਾਲ ਜਾਣਗੇ। ਜੋ ਧਨ ਜਾਇਦਾਦ ਇਕੱਠੀ ਕੀਤੀ ਹੈ ਉਹ ਇਥੇ ਹੀ ਰਹਿ ਜਾਵੇਗੀ ਜਿਵੇਂ ਕਿ ਫੁਰਮਾਨ ਹੈ -

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥ ਪੰਨਾ - 471*

ਜਿਸ ਦਾ ਮਨ ਧਨ ਇਕੱਠਾ ਕਰਨ ਦੇ ਚੱਕਰ ਵਿਚ ਪੈ ਜਾਵੇ ਉਹ ਨਾ ਪੁੰਨ ਕਰਦਾ ਹੈ, ਨਾ ਧਨ ਨੂੰ ਕਿਸੇ ਚੰਗੇ ਪਾਸੇ ਲਾਉਂਦਾ ਹੈ। ਵਗਾਰੀ ਬਣ ਕੇ ਆਪਣਾ ਜਨਮ ਸੰਸਾਰ ਤੋਂ ਬਿਰਥਾ ਗੁਆ ਕੇ ਖਾਲੀ ਹੱਥ ਸੰਸਾਰ ਤੋਂ ਰੋਂਦਾ ਚਲਿਆ ਜਾਂਦਾ ਹੈ।

*ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ॥*
*ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ॥*
*ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ॥*
*ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ॥*
*ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ॥*
*ਖੇਦੁ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ॥*
*ਪੰਨਾ - 712*

ਜਦੋਂ ਆਦਮੀ ਅੰਤਮ ਸਮੇਂ ਸਰੀਰ ਛੱਡ ਰਿਹਾ ਹੁੰਦਾ ਹੈ ਉਸ ਸਮੇਂ ਧਨ ਜੋੜਨ ਵੇਲੇ ਕੀਤੇ ਪਾਪ ਫਿਲਮ ਵਾਂਗੂੰ ਸਾਮ੍ਹਣੇ ਆ ਜਾਂਦੇ ਹਨ ਕਿਉਂਕਿ ਐਸਾ ਫੁਰਮਾਨ ਹੈ -

*ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥*
*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥*
*ਪੰਨਾ - 417*

ਮਾਇਆ ਓਹ ਹੀ ਸੁਖ ਦਿੰਦੀ ਹੈ ਜਿਸ ਨੂੰ ਸਹੀ ਥਾਂ ਤੇ ਖਰਚ ਦਿਤਾ ਜਾਵੇ ਲੋੜਵੰਦਾਂ ਦੀ ਮਦਦ ਕਰ ਦਿਤੀ ਜਾਵੇ ਅਤੇ ਇਨਸਾਨੀਅਤ ਦੇ ਭਲੇ ਵਾਸਤੇ ਖਰਚ ਕੇ ਬਹੁਤ ਸਾਰੇ ਸੁਖ ਦੇ ਸਾਧਨ ਪੈਦਾ ਕਰ ਦਿਤੇ ਜਾਣ -

*ਜਿਸ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥*
*ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥*
*ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥*
*ਪੰਨਾ - 1019*

ਐਸਾ ਵੀ ਬਾਣੀ ਵਿਚ ਫੁਰਮਾਨ ਆਉਂਦਾ ਹੈ -

*ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ॥*
*ਪੰਨਾ - 479*

ਸੂੰਮ ਜੋ ਮਾਇਆ ਜੋੜਦਾ ਹੀ ਚਲਿਆ ਜਾਵੇ ਅਤੇ ਖਰਚੇ ਨਾ, ਜੇ ਉਸ ਦਾ ਧਨ ਚਲਿਆ ਜਾਵੇ ਤਾਂ ਸਾਰੀ ਜ਼ਿੰਦਗੀ ਉਸਦੀ ਰੋਂਦੇ ਪਿਟਦੇ ਦੀ ਲੰਘ ਜਾਂਦੀ ਹੈ ਜਿਵੇਂ ਕਿ-

***ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ ਪੰਨਾ - 954***

ਵਿਅੰਗ ਭਾਵ ਵਿਚ ਦਾਨਿਆਂ ਨੇ ਸੂੰਮਾਂ ਦਾ ਜ਼ਿਕਰ ਕਰਦੇ ਹੋਏ ਬਹੁਤ ਸਿਖਿਆਦਾਇਕ ਅਲੰਕਾਰਕ ਬਚਨ ਲਿਖੇ ਹਨ ਜਿਸ ਤਰ੍ਹਾਂ ਕਿ ਇਕ ਸੂੰਮ ਆਪਣੇ ਮਨ ਵਿਚ ਕਹਿੰਦਾ ਹੈ ਕਿ ਮੇਰੇ ਕੋਲ ਬੇਅੰਤ ਧਨ ਹੋ ਜਾਵੇ ਪਰ ਮੇਰੇ ਜੇ ਇਸ ਧਨ ਵਿਚੋਂ ਇਕ ਪੈਸਾ ਵੀ ਕੋਈ ਲੈ ਜਾਵੇ ਤਾਂ ਮੈਂ ਅੰਦੇਸ਼ੇ ਵਿਚ ਪੈ ਕੇ ਮਰ ਜਾਵਾਂਗਾ।

***ਪੰਦਰਾਂ ਕ੍ਰੋੜ ਸਾਤ ਲਾਖ ਤੇ ਹਜ਼ਾਰ ਬਾਰਾਂ,***
***ਏਤਾ ਧਨ ਹੋਂਦੇ ਸੂਮ ਆਖੇ ਕਿਥੂੰ ਖਾਵਾਂਗੇ।***
***ਪੁਤ੍ਰਾਂ ਨੂੰ ਆਖੇ ਲੈ ਆਓ ਮੁੰਞ ਤੇ ਵੱਟੋ ਬਾਣ,***
***ਰਾਤਿ ਕੇ ਗੁਜ਼ਾਰੇ ਜੋਗੇ ਪੈਸੇ ਖਟ ਲਿਆਵਾਂਗੇ।***
***ਭੁਲ ਗਿਆ ਤੇਲ ਸੂਮ ਦਾੜ੍ਹੀ ਨੂੰ ਘਸਾਵੇ ਲੋਕੋ,***
***ਇਤਨਾ ਹਰਜਾ ਅਸੀਂ ਕਿਉਂ ਕਰ ਜਰ ਜਾਵਾਂਗੇ।***
***ਦਾਣਿਆਂ ਦੇ ਪੀਹਣ ਵਿਚੋਂ ਲੈ ਗਯਾ ਇਕ ਕੀੜਾ ਦਾਣਾ,***
***ਤਿਸਦੇ ਅੰਦੇਸੇ ਨਾਲ ਰੋਟੀ ਨ ਪਕਾਵਾਂਗੇ।***

ਇਕ ਹੋਰ ਸੂੰਮ ਮਾਇਆ ਨੂੰ ਕਹਿੰਦਾ ਹੈ ਕਿ ਮੈਂ ਤੇਰੇ ਨਾਲ ਐਨਾ ਪਿਆਰ ਪਾ ਲਵਾਂਗਾ ਜੇ ਕੋਈ ਮੇਰੀ ਚਮੜੀ ਵੀ ਲਾਹ ਦੇਵੇ ਤਾਂ ਵੀ ਮੈਂ ਤੈਨੂੰ ਨਹੀਂ ਦੇਵਾਂਗਾ। ਜੇ ਤੂੰ ਦਾਨ ਕਰਨ ਵਾਲਿਆਂ ਦੇ ਘਰ ਵਿਚ ਚਲੀ ਜਾਵੇਂ ਤਾਂ ਉਥੇ ਤੇਰੀ ਕਦਰ ਨਹੀਂ ਹੋਣੀ ਕਿਉਂਕਿ ਉਹ ਤੇਰੇ ਨਾਲ ਪ੍ਰੀਤ ਨਹੀਂ ਕਰਨਗੇ। ਜੇ ਤੂੰ ਮੇਰੇ ਘਰ ਵਿਚ ਹੋਵੇਂ ਮੈਂ ਤਾਂ ਤੈਨੂੰ ਸੰਭਾਲ ਕੇ ਰਖਾਂਗਾ। ਨਾ ਕੋਠੀਆਂ ਵਿਚ ਇਸ ਨੂੰ ਲਾਵਾਂਗਾ, ਨਾ ਆਪਣੇ ਪੁੱਤਰ, ਰਿਸ਼ਤੇਦਾਰਾਂ ਨੂੰ ਦੇਵਾਂਗਾ, ਨਾ ਆਪ ਕੁਝ ਖਾਵਾਂਗਾ ਅਤੇ ਨਾ ਕਿਸੇ ਨੂੰ ਖਾਣ ਦੇਵਾਂਗਾ। ਜੇ ਮੇਰੀ ਕੋਈ ਚਮੜੀ ਵੀ ਉਤਾਰ ਦੇਵੇ ਤਾਂ ਵੀ ਮੈਂ ਉਸ ਨੂੰ ਇਕ ਦਮੜੀ ਭੀ ਨਹੀਂ ਦੇਵਾਂਗਾ।

***ਦਾਤਾ ਗ੍ਰਿਹਿ ਜਾਤੀ ਤੋ ਕਦਰ ਹੂੰ ਨ ਪਾਤੀ,***
***ਕਬੀ ਮੇਰੇ ਘਰ ਆਈ ਤੋ ਵਧਾਈ ਗਾਊ ਬਾਵਰੀ।***
***ਖਾਨੇ ਦਰ ਖਾਨੇ ਤੁਇਖਾਨੇ ਦਰਵਾਸ ਦੇਉਂ***
***ਹੋਈਂ ਨ ਉਦਾਸ ਯੇਹ ਮਨ ਚਾਉਰੀ।***
***ਖਾਊਂ ਨ ਖਿਲਾਊਂ ਮਰ ਜਾਊਂ ਤੋ ਸਿਖਾਇ ਜਾਊਂ,***
***ਪੂਤ ਅਰ ਨਾਤੀ ਹੂੰ ਕੋ ਅਪਨੋ ਸੁਭਾਉਰੀ।***
***ਚਮਰੀ ਉਤਾਰੇ ਤੋ ਦਮੜੀ ਨ ਦੇਹੂੰ ਕਾਹੂੰ,***
***ਮਾਇਆ ਕੋ ਸੂਮ ਕਹੇ ਬੈਠੀ ਗੁਣ ਗਾਉਰੀ।***

ਯੋਗ ਵਿਸ਼ਿਸ਼ਟ ਵਿਚ ਵਸ਼ਿਸ਼ਟ ਜੀ ਕਹਿੰਦੇ ਹਨ ਹੇ ਰਾਮ! ਬੜੇ ਬੁੱਧੀਮਾਨ ਸੂਰਮੇ ਕ੍ਰਿਤਗਯ ਉਪਕਾਰ ਨੂੰ ਮੰਨ ਕੇ ਸਾਰਿਆਂ ਨਾਲ ਪ੍ਰੀਤ ਰੱਖਣ ਵਾਲੇ, ਕੋਮਲ ਮਨੁੱਖਾਂ ਨੂੰ ਭੀ ਇਹ ਮਾਇਆ ਇਸ ਤਰ੍ਹਾਂ ਮਲਨ ਕਰ ਦਿੰਦੀ ਹੈ ਜਿਵੇਂ ਮਿਟੀ ਦੀ ਮੁੱਠੀ ਜੇ ਰਤਨਾਂ ਦੇ ਉਤੇ ਸੁੱਟ ਦੇਈਏ ਤਾਂ ਰਤਨਾਂ ਦੀ ਚਮਕ ਇਕ ਦਮ ਫਿੱਕੀ ਪੈ ਜਾਂਦੀ ਹੈ ਅਤੇ ਉਹ ਮੈਲੇ ਲਗਦੇ ਹਨ। ਹੇ ਰਾਮ ਜੀ! ਇਹ ਮਾਇਆ ਸੁੱਖ ਦੇਣ ਵਾਸਤੇ ਨਹੀਂ ਆਉਂਦੀ ਇਸ ਦੇ ਆਇਆਂ ਦੁਖ ਵਧ ਜਾਇਆ ਕਰਦਾ ਹੈ। ਜੇ ਇਸ ਦੀ ਰੱਖਿਆ ਕਰੋ ਤਾਂ ਇਹ ਰੱਖਿਆ ਕਰਨ ਵਾਲੇ ਦਾ ਨਾਸ਼ ਇਸ ਪ੍ਰਕਾਰ ਕਰਦੀ ਹੈ ਜਿਵੇਂ ਵਿਹੁ ਦੀ ਗੰਦਲ ਖਾ ਕੇ ਆਦਮੀ ਦਾ ਨਾਸ਼ ਹੋ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਸੰਸਾਰ ਦਾ ਭ੍ਰਮਣ ਕਰਦੇ-ਕਰਦੇ ਜਦੋਂ ਫਾਰਸ ਵਿਚ ਗਏ ਤਾਂ ਉਥੇ ਆਪ ਨੇ ਦੇਖਿਆ ਕਿ ਲੋਕਾਂ ਦੇ ਘਰ ਟੁੱਟੇ ਹੋਏ ਹਨ, ਘਰ ਵਿਚ ਕੋਈ ਸਮਾਨ ਨਹੀਂ, ਬੈਲ ਭੁੱਖੇ ਮਰ ਚੁੱਕੇ ਹਨ, ਕਪੜੇ ਲੀੜੇ ਫਟੇ ਹੋਏ ਹਨ। ਜ਼ਮੀਨਾਂ ਬੰਜਰ ਪਈਆਂ ਹਨ, ਕੋਈ ਫਸਲਾਂ ਨਹੀਂ ਦੇ ਰਹੀਆਂ। ਕਿਸੇ ਦੇ ਮੂੰਹ ਤੇ ਖੁਸ਼ੀ ਨਹੀਂ ਹੈ, ਸਾਰੇ ਉਦਾਸ-ਉਦਾਸ ਫਿਰ ਰਹੇ ਹਨ। ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਸਿਆਣਿਆਂ ਬੰਦਿਆਂ ਨੂੰ ਬੁਲਾ ਕੇ ਪੁਛਿਆ ਕਿ ਤੁਹਾਡਾ ਹਾਲ ਤਾਂ ਇਸ ਤਰ੍ਹਾਂ ਹੈ ਜਿਵੇਂ ਕਿ ਭੂਤਾਂ-ਪ੍ਰੇਤਾਂ ਨੇ ਦੇਸ਼ ਵਿਚ ਉਜਾੜਾ ਪਾ ਦਿਤਾ ਹੋਵੇ। ਤੁਹਾਡੇ ਅੰਦਰੋਂ ਤਾਂ ਹਉਕੇ ਆਉਂਦੇ ਹਨ। ਦੇਖੋ ਸਾਰਾ ਦੇਸ਼ ਵੀਰਾਨ ਪਿਆ ਹੈ, ਜ਼ਮੀਨਾਂ ਦੀ ਵਹਾਈ ਨਹੀਂ ਹੋਈ, ਪਾਣੀ ਨਹੀਂ ਮਿਲਿਆ। ਥੋੜ੍ਹਾ ਬਹੁਤ ਅਨਾਜ ਤੁਸੀਂ ਸਖਤ ਮਿਹਨਤ ਨਾਲ ਪੈਦਾ ਕਰਦੇ ਹੋ ਉਸ ਨਾਲ ਪੇਟ ਦੀ ਅਗਨ ਬੁਝਾ ਲੈਂਦੇ ਹੋ। ਕੀ ਤੁਹਾਡਾ ਰਾਜਾ ਤੁਹਾਨੂੰ ਦੇਖ ਨਹੀਂ ਰਿਹਾ? ਕਿਉਂਕਿ ਰਾਜੇ ਦਾ ਇਹ ਫਰਜ਼ ਹੋਇਆ ਕਰਦਾ ਹੈ ਕਿ ਰਿਆਇਆ ਨੂੰ ਦੇਖੇ ਤੇ ਜਾਣੇ ਕਿ ਮੇਰੀ ਰਿਆਇਆ ਜੇ ਦੁੱਖ ਵਿਚ ਹੈ ਤਾਂ ਦੁੱਖ ਦਾ ਕਾਰਨ ਜਾਣ ਕੇ ਉਸ ਨੂੰ ਨਵਿਰਤ ਕਰੇ, ਰਾਜੇ ਦਾ ਕਰਮ ਦਇਆ ਕਰਨਾ ਹੁੰਦਾ ਹੈ -

***ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ॥***
***ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ॥***
***ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ॥***
***ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥***
***ਪੰਨਾ - 1240***

ਕੀ ਗੱਲ ਹੈ ਤੁਹਾਡੇ ਚਿਹਰੇ ਮਲੀਨ ਹੋ ਗਏ ਹਨ?

ਉਸ ਵੇਲੇ ਉਨ੍ਹਾਂ ਵਿਚੋਂ ਇਕ ਸਿਆਣੇ ਬੰਦੇ ਨੇ ਦਸਿਆ ਕਿ ਹੇ ਅੱਲਾਹ ਦੇ ਸਰੂਪ ਪੀਰ! ਅੱਜ ਤਕ ਕੋਈ ਬੰਦਾ ਅਜਿਹਾ ਨਹੀਂ ਆਇਆ ਜੋ ਅਸਾਡੇ ਦੁੱਖ ਤੋਂ ਜਾਣੂੰ ਹੋਣ ਲਈ ਅਸਾਥੋਂ ਕੁਝ ਪੁਛਦਾ। ਅਸੀਂ ਆਪ ਦੇ ਬਹੁਤ ਸ਼ੁਕਰ ਗੁਜ਼ਾਰ ਹਾਂ ਕਿ ਆਪ ਨੇ ਉਸੇ nerve (ਨਾੜੀ) ਤੇ ਹੱਥ ਰੱਖਿਆ ਹੈ ਜਿਥੇ ਅਸਲੀ ਬਿਮਾਰੀ ਨਿਵਾਸ ਰਖਦੀ ਹੈ। ਤੁਹਾਡੇ ਪਿਆਰ ਦੇ ਬਚਨ ਸੁਣ ਕੇ ਅਸਾਡੀਆਂ ਅੱਖਾਂ ਵਿਚੋਂ ਆਂਸੂ (ਹੰਝੂ) ਮੱਲੋ-ਮੱਲੀ ਬਾਹਰ ਆ ਰਹੇ ਹਨ।

ਗੁਰੂ ਮਹਾਰਾਜ ਨੇ ਕਿਹਾ ਤੁਸੀਂ ਆਪਣਾ ਦੁੱਖ ਦਸੋ ਕਿ ਕੀ ਹੈ? ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਮਹਾਰਾਜ! ਅਸਾਡਾ ਜੋ ਬਾਦਸ਼ਾਹ ਹੈ ਉਸ ਨੂੰ ਖਬਤ (ਦਿਮਾਗੀ ਬਿਮਾਰੀ) ਹੋਇਆ ਹੋਇਆ ਹੈ। ਉਹ ਚਾਂਦੀ ਅਤੇ ਸੋਨੇ ਦੇ ਸਿੱਕੇ ਇਕੱਠੇ ਕਰਕੇ ਜਮ੍ਹਾਂ ਕਰਨ ਦੇ ਚੱਕਰ ਵਿਚ ਪਿਆ ਹੋਇਆ ਹੈ। ਆਪਣੀ ਰਿਆਇਆ ਵਾਸਤੇ ਕੁਝ ਵੀ ਨਹੀਂ ਕਰ ਰਿਹਾ, ਖੇਤੀ ਉਗਾਉਣ ਵਾਸਤੇ ਸਾਨੂੰ ਖੂਹ ਲਾਉਣ ਦੀ ਲੋੜ ਹੈ, ਬੈਲ ਖਰੀਦਣ ਲਈ ਧਨ ਦੀ ਲੋੜ ਹੈ, ਨਾ ਹੀ ਧਨ ਕਿਸੇ ਸੇਠ ਤੋਂ ਮਿਲਦਾ ਹੈ ਕਿਉਂਕਿ ਰਾਜੇ ਨੇ ਸਾਰਾ ਧਨ ਆਪਣੇ ਕਾਬੂ ਵਿਚ ਕਰ ਲਿਆ ਹੈ। ਇਸ ਕਰਕੇ ਅਸੀਂ ਕੁਝ ਵੀ ਨਹੀਂ ਕਰ ਸਕਦੇ। ਅਸੀਂ ਆਪ ਹੀ ਜ਼ਮੀਨ ਖੋਦਦੇ ਹਾਂ ਅਤੇ ਆਪ ਹੀ ਉਸ ਨੂੰ ਬਰੀਕ ਕਰਕੇ ਉਸ ਵਿਚ ਬੀਜ ਪਾਉਂਦੇ ਹਾਂ। ਰੱਬ ਦੀ ਆਸ ਤੇ ਛੱਡ ਦਿੰਦੇ ਹਾਂ, ਚਾਰ ਕਣੀਆਂ ਪੈ ਜਾਣ ਤਾਂ ਅਸੀਂ ਜ਼ਮੀਨ ਨੂੰ ਗੁੱਡ-ਗੁੱਡ ਕੇ ਡਲੇ ਭੰਨ-ਭੰਨ ਕੇ ਜੜ੍ਹਾਂ ਦੀ

ਗਿੱਲ ਜਾਣ ਨਹੀਂ ਦਿੰਦੇ। ਇਸ ਤਰ੍ਹਾਂ ਸਾਡੀ ਖੇਤੀ ਚਾਰ-ਚਾਰ ਦਾਣੇ ਪੈਦਾ ਕਰਦੀ ਹੈ ਜਿਸ ਨਾਲ ਸਾਡਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਹੈ। ਅਸੀਂ ਕਪੜੇ ਪਹਿਨਣ ਲਈ ਕਪਾਹ ਆਦਿ ਨਹੀਂ ਪੈਦਾ ਕਰ ਸਕਦੇ। ਇਸ ਲਈ ਅਸੀਂ ਤਨ ਤੋਂ ਨਗਨ ਸੂਰਜ ਦੀ ਗਰਮੀ, ਸਰਦੀ ਸਹਿੰਦੇ ਹਾਂ। ਹੇ ਅੱਲਾਹ ਦੇ ਰੂਪ! ਸਾਡੀ ਕਹਾਣੀ ਬਹੁਤ ਦੁਖਦਾਈ ਹੈ। ਇਕ ਵਾਰੀ ਸਾਡੇ ਰਾਜੇ ਕਾਰੂੰ ਨੇ ਆਪਣੇ ਅਮੀਰਾਂ, ਵਜ਼ੀਰਾਂ ਅਤੇ ਕਰਮਚਾਰੀਆਂ ਨੂੰ ਇਕੱਠੇ ਕਰਕੇ ਪੁਛਿਆ ਕਿ ਕਿਸੇ ਬੰਦੇ ਕੋਲ ਕੋਈ ਪੈਸਾ ਤਾਂ ਨਹੀਂ ਹੈ? ਪੁਲਿਸ ਸਮੇਤ ਸਾਰਿਆਂ ਨੇ ਇਕ ਜ਼ੁਬਾਨ ਹੋ ਕੇ ਕਿਹਾ ਕਿ ਹੁਣ ਤਾਂ ਕਿਸੇ ਕੋਲ ਕੋਈ ਵੀ ਪੈਸਾ ਨਹੀਂ ਹੈ। ਜਿੰਨੇ ਧਾਤ ਨਾਲ ਸਿੱਕੇ ਬਣਾਏ ਸਨ ਉਹ ਆਪ ਦੇ ਖਜ਼ਾਨੇ ਵਿਚ ਜਮ੍ਹਾਂ ਹੋ ਗਏ ਹਨ ਅਤੇ ਆਪ ਦੇ ਧਨ ਦੀ ਗਿਣਤੀ 40 ਗੰਜ ਹੈ। ਬਾਦਸ਼ਾਹ ਨੇ ਕਿਹਾ ਕਿ ਨਹੀਂ-ਨਹੀਂ, ਇਹ ਗੱਲ ਨਹੀਂ ਅਜੇ ਲੋਕਾਂ ਕੋਲ ਪੈਸਾ ਹੈ। ਮੈਂ ਖੁਦ ਕਢਵਾ ਲਵਾਂਗਾ।

ਕਹਿਣ ਲੱਗੇ ਹੇ ਸੱਚੇ ਸਾਂਈ! ਉਸ ਨੇ ਆਪਣੀ ਲੜਕੀ ਨੂੰ ਬੱਘੀ ਉਪਰ ਬਿਠਾਇਆ ਅਤੇ ਸਾਰੇ ਨਗਰਾਂ ਵਿਚ ਘੁਮਾ ਕੇ ਐਲਾਨ ਕਰ ਦਿਤਾ ਕਿ ਮੇਰੀ ਸ਼ਹਿਜ਼ਾਦੀ ਇਕ ਰੁਪਏ ਨੂੰ ਵਿਕਦੀ ਹੈ ਜੋ ਵੀ ਖਰੀਦੇਗਾ ਉਹ ਬਾਦਸ਼ਾਹ ਦਾ ਦਾਮਾਦ ਬਣ ਜਾਵੇਗਾ। ਉਸ ਸਮੇਂ ਇਕ ਨੌਜੁਆਨ ਆਪਣੀ ਮਾਤਾ ਪਾਸ ਆਇਆ ਅਤੇ ਕਹਿਣ ਲੱਗਿਆ ਕਿ ਮਾਂ! ਮੈਨੂੰ ਇਕ ਰੁਪਿਆ ਦੇ, ਮੈਂ ਉਸ ਲੜਕੀ ਨਾਲ ਸ਼ਾਦੀ ਕਰਨੀ ਹੈ। ਉਸ ਦੀ ਮਾਤਾ ਨੇ ਕਿਹਾ ਕਿ ਬੇਟਾ! ਕਾਰੂੰ ਬਾਦਸ਼ਾਹ ਨੇ ਤਾਂ ਇਕ ਰੁਪਿਆ ਤਾਂ ਕੀ ਇਕ ਪੈਸਾ ਵੀ ਕਿਸੇ ਕੋਲ ਰਹਿਣ ਨਹੀਂ ਦਿਤਾ। ਤਾਂ ਉਸ ਲੜਕੇ ਨੇ ਕਿਹਾ ਕਿ ਫੇਰ ਤਾਂ ਮੇਰੇ ਜਿਉਂਦੇ ਰਹਿਣ ਦਾ ਕੋਈ ਧਰਮ ਹੀ ਨਹੀਂ। ਮੈਂ ਤਾਂ ਸ਼ਾਦੀ ਉਸੇ ਸ਼ਹਿਜ਼ਾਦੀ ਨਾਲ ਕਰਾਉਣੀ ਹੈ। ਤਾਂ ਉਸ ਦੀ ਮਾਂ ਨੇ ਮਜ਼ਬੂਰ ਹੋ ਕੇ ਕਿਹਾ ਕਿ ਜਾਹ! ਆਪਣੇ ਪਿਤਾ ਦੀ ਕਬਰ ਪੁੱਟ ਲੈ। ਜਦੋਂ ਉਹ ਫੌਤ ਹੋਇਆ ਸੀ ਤਾਂ ਉਸ ਦੇ ਕੱਫਣ ਦੇ ਨਾਲ ਉਸ ਦੇ ਮੁਖ ਵਿਚ ਇਕ ਰੁਪਿਆ ਵੀ ਪਾਇਆ ਸੀ। ਨੌਜੁਆਨ ਨੇ ਇਸੇ ਤਰ੍ਹਾਂ ਕੀਤਾ, ਕਬਰ ਪੁੱਟ ਲਈ ਅਤੇ ਰੁਪਿਆ ਆਪਣੇ ਮ੍ਰਿਤਕ ਪਿਤਾ ਦੇ ਮੁਖ ਵਿਚੋਂ ਕੱਢ ਲਿਆ।

ਜਦੋਂ ਉਸ ਨੇ ਰੁਪਿਆ ਕੋਤਵਾਲ ਨੂੰ ਦਿਤਾ ਤਾਂ ਉਸੇ ਵੇਲੇ ਉਨ੍ਹਾਂ ਨੇ ਇਸ ਨੂੰ ਗ੍ਰਿਫਤਾਰ ਕਰ ਲਿਆ। ਕਾਰੂੰ ਦੇ ਪਾਸ ਲਿਆ ਕੇ ਪੇਸ਼ ਕੀਤਾ ਅਤੇ ਕਿਹਾ ਕਿ ਮਹਾਰਾਜ! ਇਸ ਨੌਜੁਆਨ ਪਾਸੋਂ ਇਕ ਰੁਪਿਆ ਮਿਲਿਆ ਹੈ। ਆਪ ਦਾ ਹੁਕਮ ਸੀ ਕਿ ਕੋਈ ਬੰਦਾ ਇਕ ਧੇਲਾ ਵੀ ਆਪਣੇ ਪਾਸ ਨਾ ਰੱਖੇ। ਹੁਕਮ ਦੇਵੋਂ ਇਸ ਨੂੰ ਕੀ ਸਜ਼ਾ ਦਿਤੀ ਜਾਵੇ? ਤਾਂ ਬਾਦਸ਼ਾਹ ਨੇ ਕਿਹਾ ਕਿ ਇਸ ਨੂੰ ਤਾਂ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ ਕਿਉਂਕਿ ਇਸ ਨੇ ਸ਼ਾਹੀ ਹੁਕਮ ਦੀ ਹੁਕਮ ਅਦੂਲੀ ਕੀਤੀ ਹੈ। ਪਰ ਫੇਰ ਆਪ ਹੀ ਪੁਛਣ ਲੱਗਿਆ ਕਿ ਤੇਰੇ ਕੋਲ ਇਕ ਰੁਪਿਆ ਕਿਥੋਂ ਆਇਆ? ਤਾਂ ਉਸ ਲੜਕੇ ਨੇ ਆਪਣੀ ਸਾਰੀ ਕਹਾਣੀ, ਮਾਂ ਪਾਸ ਰੋਣ ਦੀ ਅਤੇ ਪਿਤਾ ਦੀ ਕਬਰ ਪੁੱਟਣ ਦੀ ਸੁਣਾਈ।

ਸਾਰੇ ਲੋਕ ਕਹਿਣ ਲੱਗੇ, "ਹੇ ਖੁਦਾਵੰਦ ਦੇ ਸਰੂਪ ਪੀਰ ਜੀ! ਜੇ ਤੁਸੀਂ ਅੱਲਾਹ ਤਾਲਾਹ ਦੀ ਜਾਤ-ਏ-ਖਾਸ ਹੋਂ ਤਾਂ ਅਸਾਡੇ ਦੁਖਾਂ ਦਾ ਜ਼ਰੂਰ ਕੋਈ ਇਲਾਜ ਸੋਚੋਂਗੇ।" ਸੋ ਉਸ ਬਾਦਸ਼ਾਹ ਨੇ ਸਾਰੀਆਂ ਕਬਰਾਂ ਪੁਟਵਾ ਦਿਤੀਆਂ ਅਤੇ ਹਜ਼ਾਰਾਂ ਸਾਲਾਂ ਦੇ ਮੁਰਦੇ ਹੋਏ ਸਰੀਰਾਂ 'ਚੋਂ ਰੁਪਏ ਕੱਢ ਲਏ।

ਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਦੀ ਹਕੀਕਤ ਸਰਵਣ ਕੀਤੀ ਅਤੇ ਆਪ ਵਾਹਿਗੁਰੂ ਜੀ ਦੇ ਧਿਆਨ ਵਿਚ ਅੰਤਰਲੀਨ ਹੋ ਗਏ। ਨੇਤਰ ਖੋਲ੍ਹੇ ਅਤੇ ਕਿਹਾ ਕਿ ਪ੍ਰੇਮੀਓ! ਤੁਸੀਂ ਫਿਕਰ ਨਾ ਕਰੋ ਅਸੀਂ ਬਾਦਸ਼ਾਹ ਨੂੰ ਮਿਲਦੇ ਹਾਂ। ਉਸ ਨੂੰ ਸਮਝਾਵਾਂਗੇ। ਤੁਹਾਡੇ ਘਰ ਪੈਸਾ, ਖੇਤੀਬਾੜੀ, ਸੜਕਾਂ, ਦਵਾਖਾਨੇ ਅਤੇ ਹੋਰ ਕੰਮਾਂ ਵਿਚ ਲਵਾਂਵਾਂਗੇ। ਤੁਸੀਂ ਮਿਹਨਤ ਕਰ ਲੈਣਾ ਅਤੇ ਅਮੀਰ ਹੋ ਜਾਵੋਂਗੇ। ਅੱਲਾਹ ਤਾਲਾ ਨੂੰ ਯਾਦ ਵਿਚੋਂ ਨਾ ਭੁਲਾਉਣਾ। ਉਹ ਸਦਾ ਆਪਣੇ ਬੰਦਿਆਂ ਨੂੰ ਰੋਜ਼ੀ ਦਿੰਦਾ ਹੈ, ਤੁਹਾਨੂੰ ਵੀ ਦੇਵੇਗਾ। ਤੁਹਾਡੀ ਵੀ ਅਰਦਾਸ ਸੁਣੀ ਜਾਵੇਗੀ। ਤੁਹਾਡੇ ਦੁਖ ਦੂਰ ਹੋ ਜਾਣਗੇ।

ਇਹ ਕਹਿ ਕੇ ਗੁਰੂ ਪਾਤਸ਼ਾਹ, ਭਾਈ ਬਾਲਾ ਤੇ ਮਰਦਾਨਾ ਸਮੇਤ, ਕਾਰੂੰ ਦੇ ਮਹਿਲਾਂ ਵਲ ਚਲੇ ਗਏ। ਦਿਨ ਕਾਫੀ ਚੜ੍ਹ ਚੁਕਿਆ ਸੀ ਤਾਂ ਗੁਰੂ ਮਹਾਰਾਜ ਜੀ ਨੇ ਕਾਰੂੰ ਦੇ ਦਰਵਾਜ਼ੇ ਉਪਰ ਪਹਿਰਾ ਦੇ ਰਹੇ ਪਹਿਰੇਦਾਰਾਂ ਨੂੰ ਕਿਹਾ ਕਿ ਆਪਣੇ ਬਾਦਸ਼ਾਹ ਨੂੰ ਕਹੋ ਤਿੰਨ ਦਰਵੇਸ਼ ਆਏ ਹਨ। ਉਹ ਤੇਰੇ ਨਾਲ ਗੱਲਬਾਤ ਕਰਨੀ ਚਾਹੁੰਦੇ ਹਨ। ਉਨ੍ਹਾਂ ਨੂੰ ਬਹੁਤ ਕਾਹਲੀ ਹੈ, ਫੁਰਸਤ ਨਹੀਂ ਹੈ। ਇਸ ਕਰਕੇ ਛੇਤੀ ਤੋਂ ਛੇਤੀ ਉਹ ਅਸਾਡੇ ਨਾਲ ਮੁਲਾਕਾਤ ਕਰੇ। ਸਾਂਈ ਦੇ ਦਰਵੇਸ਼ਾਂ ਦੀ ਖੁਸ਼ੀ ਉਸ ਉਪਰ ਹੋਵੇਗੀ ਨਹੀਂ ਤਾਂ ਖੁਦਾ ਵਲੋਂ ਕਹਿਰ ਨਾਜ਼ਲ ਹੋਣ ਵਾਲਾ ਹੈ ਉਸ ਦੀ ਜ਼ਿੰਮੇਵਾਰੀ ਉਸ ਬਾਦਸ਼ਾਹ ਦੇ ਸਿਰ ਹੋਵੇਗੀ। ਕਿਉਂਕਿ ਦਰਗਾਹ ਵਿਚ ਸਾਰੇ ਫਰਿਸ਼ਤੇ ਇਸਦੇ ਕਰਮਾਂ ਦਾ ਦੰਡ ਦੇਣ ਲਈ ਹੁਕਮ ਸ਼ਾਦਰ ਕਰਾਉਣ ਲਈ ਤਤਪਰ ਹਨ। ਜਾਓ ਆਪਣੇ ਬਾਦਸ਼ਾਹ ਨੂੰ ਕਹਿ ਦੇਵੋ।

ਇਸ ਜਲਾਲ ਭਰੇ ਬਚਨਾਂ ਦਾ ਅਸਰ ਪਹਿਰੇਦਾਰਾਂ ਉਪਰ ਬਹੁਤ ਪਿਆ ਉਨ੍ਹਾਂ ਨੇ ਬਾਦਸ਼ਾਹ ਨੂੰ ਕਹਿ ਦਿਤਾ ਕਿ ਕੋਈ ਰੱਬ ਰੂਪ ਦਰਵੇਸ਼ ਰੱਬ ਦੇ ਦਰਵਾਜ਼ੇ ਤੇ ਖੜ੍ਹੇ ਆਪ ਦਾ ਇੰਤਜ਼ਾਰ ਕਰ ਰਹੇ ਹਨ। ਉਨ੍ਹਾਂ ਨੇ ਜੋ ਬਚਨ ਕੀਤੇ ਹਨ ਉਹ ਵੀ ਹਜ਼ੂਰ ਦਸ ਦਿੰਦੇ ਹਾਂ। ਦਰਵੇਸ਼ਾਂ ਦੇ ਬਚਨ ਸੁਣ ਕੇ ਬਾਦਸ਼ਾਹ ਵੀ ਕੰਬ ਗਿਆ ਅਤੇ ਸੰਦੇਸ਼ਾ ਭੇਜ ਦਿਤਾ ਕਿ ਮੈਂ ਬਹੁਤ ਜਲਦੀ ਦਰਵੇਸ਼ਾਂ ਦੀ ਕਦਮਬੋਸੀ ਕਰਾਂਗਾ।

ਇਧਰ ਗੁਰੂ ਨਾਨਕ ਪਾਤਸ਼ਾਹ, ਭਾਈ ਬਾਲਾ ਤੇ ਮਰਦਾਨਾ ਸਮੇਤ ਕਿਲ੍ਹੇ ਦੇ ਬਾਹਰ ਜੋ ਠੀਕਰੀਆਂ ਪਈਆਂ ਸਨ ਉਹ ਚੁਗਣ ਲਗ ਗਏ। ਬਹੁਤ ਕਾਹਲੀ-ਕਾਹਲੀ ਚੁਗਦੇ ਹਨ ਅਤੇ ਥੈਲੀ ਭਰ ਲਈ। ਬਾਦਸ਼ਾਹ ਦਰਵਾਜ਼ੇ ਤੋਂ ਬਾਹਰ ਆਇਆ ਤਾਂ ਕੀ ਦੇਖਦਾ ਹੈ ਕਿ ਦਰਵੇਸ਼ ਸਾਂਈ ਟੁੱਟੇ ਹੋਏ ਘੜਿਆਂ ਦੀਆਂ ਠੀਕਰੀਆਂ ਦੇ ਢੇਰ ਲਾਈ ਜਾਂਦੇ ਹਨ। ਤਾਂ ਉਹ ਅੱਗੇ ਵਧਿਆ। ਗੁਰੂ ਨਾਨਕ ਪਾਤਸ਼ਾਹ ਦੀ ਕਦਮਬੋਸੀ ਕੀਤੀ। ਦਰਸ਼ਨ ਕੀਤਾ। ਅੱਜ ਪਹਿਲਾ ਦਿਨ ਸੀ ਕਿ ਉਸ ਦੇ ਮਨ ਵਿਚ ਸ਼ਾਂਤੀ ਆਈ, ਨਹੀਂ ਤਾਂ ਮਾਇਆ ਦੀ ਅਗਨ ਨਾਲ ਉਹ ਤਪਿਆ ਪਿਆ ਸੀ। ਤਾਂ ਉਸ ਨੇ ਪੁਛਿਆ ਕਿ ਦਰਵੇਸ਼ ਸਾਂਈ! ਤੁਸੀਂ ਕੀ ਕੌਤਕ ਕਰ ਰਹੇ ਹੋ ਤਾਂ ਆਪ ਬੋਲੇ ਨਹੀਂ। ਦੂਸਰੀ ਵਾਰੀ ਫੇਰ ਪੁਛਿਆ ਤਾਂ ਗੁਰੂ ਮਹਾਰਾਜ ਜੀ ਨੇ ਬਾਦਸ਼ਾਹ ਕਾਰੂੰ ਨੂੰ ਕਿਹਾ ਕਿ ਇਹ ਠੀਕਰੀਆਂ ਸਾਨੂੰ ਬਹੁਤ ਅਛੀਆਂ ਲੱਗੀਆਂ ਹਨ। ਅਸੀਂ ਇਹ ਚਾਹੁੰਦੇ ਹਾਂ ਕਿ ਜਦੋਂ

ਇਹ ਰੂਹ ਬਾਰ-ਏ-ਗਾਹ (ਦਰਗਾਹ) ਖੁਦਾ ਪਾਸ ਜਾਵੇਗੀ ਤਾਂ ਅਸੀਂ ਇਹ ਠੀਕਰੀਆਂ ਨਾਲ ਲਿਜਾਉਣੀਆਂ ਚਾਹੁੰਦੇ ਹਾਂ। ਤਾਂ ਬਾਦਸ਼ਾਹ ਨੇ ਕਿਹਾ ਕਿ ਦਰਵੇਸ਼ ਸਾਂਈ ਤੁਸੀਂ ਕੋਈ ਮਸਤਾਨੇ ਪੀਰ ਲਗਦੇ ਹੋਂ। ਪਰ ਜਦੋਂ ਮੈਂ ਤੁਹਾਡੇ ਚਿਹਰੇ ਦੇ ਜਲਾਲ ਦੇਖਦਾ ਹਾਂ ਤਾਂ ਮੈਂ ਇਸ ਯਕੀਨ ਵਿਚ ਆਉਂਦਾ ਹਾਂ ਕਿ ਤੁਸੀਂ ਖੁਦਾ ਦਾ ਰੂਪ ਹੀ ਹੋਂ। ਇਹ ਗੱਲ ਖੋਲ੍ਹ ਕੇ ਦੱਸੋ ਕਿ ਇਹ ਠੀਕਰੀਆਂ ਬਾਰ-ਏ-ਗਾਹ ਖੁਦਾ ਵਿਚ ਕਿਵੇਂ ਪਹੁੰਚਣਗੀਆਂ। ਤਾਂ ਗੁਰੂ ਮਹਾਰਾਜ ਜੀ ਨੇ ਸਹਿਜ ਨਾਲ ਹੀ ਕਿਹਾ ਕਿ ਜਿਥੇ ਤੇਰੇ 40 ਗੰਜ ਜੋੜੇ ਹੋਏ ਹਨ ਉਹ ਵੀ ਤਾਂ ਤੇਰੇ ਨਾਲ ਜਾਣਗੇ ਹੀ, ਉਥੇ ਸਾਡੀਆਂ ਇਹ ਠੀਕਰੀਆਂ ਵੀ ਨਾਲ ਲੈ ਜਾਈਂ। ਉਸ ਸਮੇਂ ਕਾਰੂੰ ਬਾਦਸ਼ਾਹ ਦੀਆਂ ਅੱਖਾਂ ਖੁਲ੍ਹ ਗਈਆਂ, ਮੌਤ ਸਾਮ੍ਹਣੇ ਦਿਸਣ ਲੱਗੀ, ਅਜ਼ਰਾਈਲ ਫਰੇਸਤਾ ਦੰਡ ਦਿੰਦਾ ਨਜ਼ਰੀਂ ਪਿਆ। ਕਹਿਣ ਲੱਗਿਆ, "ਦਰਵੇਸ਼ ਸਾਂਈ! ਤੁਸੀਂ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ। ਇਹ ਸਭ ਤਾਂ ਮੇਰੇ ਨਾਲ ਨਹੀਂ ਜਾਣਾ। ਮੈਂ ਇਕ ਬਹੁਤ ਭਾਰੀ ਭੁੱਲ ਕਰ ਚੁਕਿਆ ਹਾਂ। ਆਪ ਰਹਿਮ ਦੇ ਘਰ ਵਿਚ ਆਵੋ, ਬਖਸ਼ਿਸ਼ ਦੇ ਘਰ ਵਿਚ ਆਵੋ ਅਤੇ ਉਹ ਰਸਤਾ ਦਸੋ ਜਿਸ ਤੋਂ ਮੇਰੇ ਕੀਤੇ ਹੋਏ ਪਾਪਾਂ ਦਾ ਫਲ ਦੂਰ ਹੋ ਜਾਵੇ। ਉਸ ਸਮੇਂ ਗੁਰੂ ਮਹਾਰਾਜ ਜੀ ਨੇ ਨਸੀਹਤਨਾਮਾ ਉਚਾਰਨ ਕੀਤਾ ਜੋ ਜਨਮ ਸਾਖੀਆਂ ਵਿਚ ਪ੍ਰਚਲਤ ਹੈ -

*ਕੀਚੈ ਨੇਕਨਾਮੀ ਜੋ ਦੇਵੈ ਖੁਦਾਇ॥*
*ਜੋ ਦੀਸੈ ਜ਼ਿਮੀ ਪਰ ਸੋ ਹੋਸੀ ਫਨਾਹਿ॥*
*ਦਾਯਮ ਵ ਦੌਲਤ ਕਸੇ ਬੇਸ਼ੁਮਾਰ॥*
*ਨ ਰਹਿੰਗੇ ਕਰੋੜੀ ਨ ਰਹਿੰਗੇ ਹਜ਼ਾਰ॥*
*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥*
*ਕੀਜੈ ਤਵਾਜ਼ਿਆ ਨ ਕੀਜੈ ਗੁਮਾਨ॥*
*ਨ ਰਹਿਸੀ ਇਹ ਦੁਨੀਆਂ ਨ ਰਹਿਸੀ ਦੀਵਾਨ॥*
*ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ॥*
*ਹੋਵੇਂਗੇ ਗਰਕ ਕੁਛ ਲਾਗੈ ਨ ਬਾਰ॥*
*ਦੁਨੀਆ ਕਾ ਦੀਵਾਨਾ ਕਹੇ ਮੁਲਖਮੇਰਾ॥*
*ਆਈ ਮੌਤ ਸਿਰਪਰ ਨ ਤੇਰਾ ਨ ਮੇਰਾ॥*
*ਕੇਤੀ ਗਈ ਦੇਖ ਵਾਜੇ ਵਜਾਇ॥*
*ਵਹੀ ਏਕ ਰਹਿਸੀ ਜੋ ਸਾਚਾ ਖੁਦਾਇ॥*
*ਆਇਆ ਅਕੇਲਾ ਅਕੇਲਾ ਚਲਾਇਆ॥*
*ਚਲਤੇ ਵਕਤ ਕੋਈ ਕਾਮ ਨ ਆਯਾ॥*
*ਲੇਖਾ ਮੰਗੀਜੈ ਕਿਆ ਦੀਜੈ ਜਵਾਬ॥*
*ਤੋਬਾ ਪੁਕਾਰੈ ਤੋ ਪਾਵੇ ਅਜ਼ਾਬ॥*
*ਦੁਨੀਆ ਪੈ ਕਰ ਜ਼ੋਰ ਦਮੜਾ ਕਮਾਇਆ॥*
*ਖਾਇਆ ਹੰਢਾਇਆ ਅਜਾਈਂ ਗਵਾਇਆ॥*
*ਆਖਰ ਪਛੋਤਾਨਾ ਕਰੇ ਹਾਇ ਹਾਇ॥*
*ਦਰਗਹ ਗਇਆ ਤੇ ਤੂੰ ਪਾਵਹਿ ਸਜਾਇ॥*
*ਲਾਨਤ ਹੈ ਤੈਂਕੂ ਵ ਤੈਂਡੀ ਕਮਾਈ॥*
*ਦਗੇਬਾਜ਼ੀ ਕਰਕੇ ਦੁਨੀਆਂ ਲੂਟ ਖਾਈ॥*
*ਪੀਏ ਪਿਆਲੇ ਔ ਖਾਏ ਕਬਾਬ॥*
*ਦੇਖੋ ਰੇ ਲੋਕੋ ਜੋ ਹੋਤੇ ਖਰਾਬ॥*
*ਤਿਸ ਕਾ ਤੂੰ ਬੰਦਾ ਤਿਸੀ ਕਾ ਸਵਾਰਿਆ॥*
*ਦੁਨੀਆਂ ਕੇ ਲਾਲਚ ਤੂੰ ਸਾਹਿਬ ਵਿਸਾਰਿਆ॥*
*ਨ ਕੀਤੀ ਇਬਾਦਤ ਨ ਰਖਿਓ ਈਮਾਨ॥*
*ਨ ਕੀਤੀਆ ਹਿਕਮਤ ਪੁਕਾਰੈ ਜਹਾਨ॥*
*ਅੰਦਰ ਮਹਿਲ ਕੇ ਤੂੰ ਬੈਠਾ ਹੈਂ ਜਾਇ॥*
*ਹਰਮਾਂ ਸੇ ਖੇਲੇਂ ਖੁਸ਼ਬੋਈ ਹਵਾਇ॥*
*ਨ ਸੂਝੈ ਨ ਬੂਝੈ ਬਾਹਰ ਕਿਆ ਹੋਇ॥*
*ਹਰਾਮੀ ਗਰੀਬਾਂ ਕੋ ਮਾਰੇਂ ਬਿਗੋਇ॥*
*ਵਸਤੀ ਉਜਾੜੇਂ ਫਿਰ ਨ ਵਸਾਵੇਂ॥*
*ਕੂਕੇਂ ਪੁਕਾਰੇਂ ਤੌ ਦਾਦ ਨ ਪਾਵੇਂ॥*
*ਲਾਖੋਂ ਕਰੋੜੀ ਕਰੇ ਬੇਸ਼ੁਮਾਰ॥*
*ਕਈ ਕਿਸ਼ਨ ਬਪੁੜੈ ਮਰੀਵੇਂ ਹਜ਼ਾਰ॥*
*ਹਾਕਮ ਕਹਾਵੈਂ ਹਕੂਮਤ ਨ ਹੋਇ॥*
*ਦੁਨੀਆ ਕਾ ਦੀਵਾਨਾ ਫਿਰੈ ਮਸਤ ਲੋਇ॥*
*ਲੂਟੈ ਮੁਲਕ ਔਰ ਪਹਿਰੇ ਵ ਖਾਇ॥*
*ਦੋਜ਼ਕ ਕੀ ਆਤਸ਼ ਮਾਰੇਗੀ ਜਲਾਇ॥*
*ਗਰਬ ਸਿਉ ਨ ਦੇਖੋ ਦੁਨੀਆ ਕੇ ਦੀਵਾਨੇ॥*
*ਹਮੇਸ਼ਾਂ ਨ ਰਹਿਗੀ ਤੂੰ ਐਸੀ ਨ ਜਾਨੇ॥*
*ਉਠਾਵੇ ਸਭਾ ਉਸ ਕੋ ਲਾਗੇ ਨ ਬਾਰ॥*
*ਕਿਸਕੀ ਯਿਹ ਦੁਨੀਆਂ ਕਿਸ ਕੇ ਘਰ ਬਾਰ॥*
*ਚੰਦ ਰੋਜ਼ ਚਲਨਾ ਕਿਛ ਪਕੜੋ ਕਰਾਰ॥*
*ਨ ਕੀਚੈ ਹਿਰਸ ਬਹੁਤ ਦੁਨੀਆਂ ਕੇ ਯਾਰ॥*
*ਸ਼ਰਮਿੰਦਾ ਨਾ ਹੋ ਕੁਛ ਨੇਕੀ ਕਮਾਇ॥*
*ਲਾਨਤ ਕਾ ਜਾਮਾ ਤੂੰ ਪਹਰੇਂ ਨ ਜਾਇ॥*
*ਗਫਲਤ ਕਰੋਗੇ ਤੋ ਖਾਵੋਗੇ ਮਾਰ॥*
*ਬੇਟੀ ਵਾ ਬੇਟਾ ਕੋਈ ਲੇਗਾ ਨ ਸਾਰ॥*
*ਤੋਬਾ ਕਰੋ ਬਹੁਤ ਕੀਚੇ ਨ ਜ਼ੋਰ॥*
*ਦੋਜ਼ਕ ਕੀ ਆਤਸ਼ ਜਲਾਵੇਗੀ ਗੋਰ॥*
*ਮਸਾਇਕ ਪੈਕੰਬਰ ਕੇਤੇ ਸ਼ਾਹ ਖਾਨ॥*
*ਨ ਦੀਸੇਂ ਜ਼ਿੰਮੀਂ ਪਰ ਉਨੋਂ ਕੇ ਨਿਸ਼ਾਨ॥*
*ਚਲਤੇ ਕਬੂਤਰ ਜਨਾਵਰ ਕੀ ਛਾਉਂ॥*
*ਕੇਤੇ ਖਾਕ ਹੂਏ ਕੋਈ ਪੂਛੇ ਨ ਨਾਉਂ॥*
*ਚਾਲੀ ਗੰਜ ਜੋੜੇ ਨ ਰਖਿਓ ਈਮਾਨ॥*
*ਦੇਖੋ ਰੇ ਲੋਕੋ ਕਾਰੂ ਹੋਤਾ ਪਰੇਸ਼ਾਨ॥*
*ਨਦਾਨੀ ਯੇ ਦੁਨੀਆਂ ਵ ਫਾਨੀ ਮੁਕਾਮ॥*
*ਤੂੰ ਖੁਦ ਚਸ਼ਮਬੀਨੀ ਹੈ ਚਲਨਾ ਜਹਾਨ॥*
*ਹਰ ਵਕਤ ਬੰਦੇ ਨ ਖਿਦਮਤ ਵਿਸਾਰ॥*
*ਮਸਤੀ ਔ ਗਫਲਤ ਮੇਂ ਬਾਜ਼ੀ ਨ ਹਾਰ॥*
*ਤੋਬਾ ਨ ਕੀਤੀਆ ਕਰਦੇ ਗੁਨਾਹ॥*
*ਨਾਨਕ ਐਸੇ ਆਲਮ ਸੇ ਤੇਰੀ ਪਨਾਹ॥*

*(ਨਸੀਹਤਨਾਮਾ)*

ਮਹਾਰਾਜ ਜੀ ਨੇ ਕਿਹਾ ਕਿ ਕਾਰੂੰ ਇਹ ਧਨ ਲੋਕਾਂ ਦੇ ਭਲੇ ਵਾਸਤੇ ਖਰਚ ਦੇ, ਸੜਕਾਂ ਬਣਵਾ, ਖੂਹ ਲੁਆ, ਮਕਾਨ ਬਣਵਾ, ਹਿਕਮਤ ਖਾਨੇ ਬਣਾ ਦੇ, ਮਕਤਬ ਬਣਾ ਦੇ, ਪਰਜਾ ਨਾਲ ਪੂਰਾ ਇਨਸਾਫ ਕਰ, ਉਹ ਕਿਰਤ ਕਰਨਗੇ ਉਨ੍ਹਾਂ ਤੇ ਜਾਇਜ਼ ਮਾਲੀਆ ਲਗਾ ਅਤੇ ਆਪਣੇ ਖਰਚ ਉਸ ਵਿਚੋਂ ਪੂਰੇ ਕਰ। ਦੇਸ਼ਾਂ ਵਿਦੇਸ਼ਾਂ ਵਿਚ ਆਪਣੇ ਬੰਦਿਆਂ ਨੂੰ ਭੇਜ ਜੋ ਵੀ ਉਹ ਧਨ ਕਮਾਉਣਗੇ ਉਸ ਵਿਚ ਤੇਰਾ ਵੀ ਹਿੱਸਾ ਹੋਵੇਗਾ। ਤੇਰੇ ਤੇ ਜੋ ਕਹਿਰ ਨਾਜ਼ਲ ਹੋਣ ਵਾਲਾ ਹੈ ਫੇਰ ਉਹ ਟਲ ਜਾਵੇਗਾ। ਜੇ ਅੱਲਾਹ ਦੇ ਬੰਦਿਆਂ ਨੂੰ ਦੁੱਖ ਦਿਤਾ ਜਾਵੇ ਤਾਂ

(ਬਾਕੀ ਪੰਨਾ 15 ਤੇ)

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਈਸਾ ਜੀ ਦੇ ਦਰਸ਼ਨ

1947 ਵਿਚ ਆਜ਼ਾਦੀ ਮਿਲਣ ਤੋਂ ਬਾਅਦ ਤਿੱਬਤ ਤੋਂ ਆਉਂਦਿਆਂ ਮੈਂ ਸਿੱਕਮ ਠਹਿਰਿਆ, ਉਥੇ ਮੈਂ ਉਘੇ ਬੋਧੀ ਯੋਗੀਆਂ ਨੂੰ ਮਿਲਿਆ, ਉਥੋਂ ਮੈਂ ਸ਼ਿਲੌਂਗ ਗਿਆ, ਜੋ ਆਸਾਮ ਵਿਚ ਹੈ। ਸ਼ਿਲੌਂਗ ਵਿਚ ਈਸਾਈ ਮਤ ਦਾ ਬਹੁਤ ਜ਼ੋਰ ਹੈ। ਉਥੇ ਮੈਂ ਇਕ ਗੜਵਾਲੀ ਸਾਧੂ ਨੂੰ ਮਿਲਿਆ, ਉਹ ਬੜੇ ਮੰਨੇ ਹੋਏ ਈਸਾਈ ਅਧਿਆਤਮਵਾਦੀ ਸਨ। ਇਹ ਬਜ਼ੁਰਗ ਸੰਸਾਰਕ ਪ੍ਰਭਾਵ ਤੋਂ ਕਿਤੇ ਪਰ੍ਹੇ ਸਨ। ਇਨ੍ਹਾਂ ਨੇ ਹੀ ਮੈਨੂੰ ਬਾਈਬਲ ਵਿਚ Sermon on the Mount ਅਤੇ Book of Revelations ਦਾ ਪਾਤੰਜਲ ਦੇ ਯੋਗ ਦੀ ਤੁਲਨਾ ਕਰਕੇ ਦੱਸੀ। ਉਹ ਬਹੁਤ ਸਾਰੀਆਂ ਭਾਸ਼ਾਵਾਂ ਬੋਲ ਲੈਂਦੇ ਸਨ, ਉਹ ਮੈਨੂੰ ਆਪਣੇ ਨਾਲ ਨਾਗਾ, ਗਾਰੋ ਦੀਆਂ ਪਹਾੜੀਆਂ ਤੇ ਲੈ ਗਏ। ਓਥੇ ਬਹੁਤ ਸਾਰੇ ਪਰੋਟੈਸਟੈਂਟ ਰਹਿੰਦੇ ਸਨ। ਇਹ ਸਾਧੂ ਸਦਾ ਹੀ ਦੋਨੋਂ ਪਾਸਿਆਂ ਵਿਚ ਜੋੜਨ ਦਾ ਕੰਮ ਕਰਦੇ ਸਨ। ਉਹ ਲੋਕਾਂ ਨੂੰ ਈਸਾਈ ਮਤ ਦਾ ਪ੍ਰੈਕਟੀਕਲ ਪਾਸਾ ਦਸਦੇ ਸਨ ਅਤੇ ਕਰਕੇ ਦਿਖਾਉਂਦੇ ਸਨ। ਬਾਕੀ ਲੋਕਾਂ ਦੀ ਤਰ੍ਹਾਂ ਪ੍ਰਵਚਨ ਨਹੀਂ ਕਰਦੇ ਸਨ। ਉਹ ਕਹਿੰਦੇ ਸਨ ਮੈਂ ਈਸਾਈ ਮਤ ਨੂੰ ਪਿਆਰ ਕਰਦਾ ਹਾਂ, ਗਿਰਜਿਆਂ ਵਿਚ ਰਹਿੰਦੇ ਈਸਾਈ ਮਤ ਨੂੰ ਨਹੀਂ। 'I love christianity but not churchanity' ਇਹ ਗੱਲ ਪੱਕੀ ਹੈ ਕਿ ਕਈਆਂ ਨੂੰ ਇਹ ਗੱਲ ਚੰਗੀ ਨਹੀਂ ਲਗਦੀ ਸੀ। ਉਨ੍ਹਾਂ ਦਾ ਪੱਕਾ ਵਿਸ਼ਵਾਸ਼ ਸੀ, ਵਾਹਿਗੁਰੂ ਅੰਦਰ ਵਸਦਾ ਹੈ ਅਤੇ ਈਸਾ ਜੀ ਵਾਹਿਗੁਰੂ ਦੇ ਨਿਵਾਜਣ ਤੋਂ ਬਾਦ ਈਸਾ ਜੀ ਬਣੇ। ਉਹ ਦਸਦੇ ਸਨ ਕਿ ਈਸਾ ਤੋਂ ਭਾਵ ਹੈ ਸਰਬ ਵਿਆਪਕ ਚੇਤਨਤਾ ਅਤੇ ਕੋਈ ਵੀ ਅਸੀਮ ਤੋਂ ਅੰਤਿਮ ਸਤਿ ਤੋਂ ਬਿਨਾਂ ਸਰਬ ਵਿਆਪਕ ਚੇਤਨਤਾ ਤੇ ਨਹੀਂ ਪਹੁੰਚ ਸਕਦਾ। ਇਹ ਗੱਲ ਈਸਾਈ ਘੱਟ ਹੀ ਮੰਨਦੇ ਹਨ, ਭਾਵੇਂ ਈਸਾਈਆਂ ਦੇ ਅਧਿਆਤਮਵਾਦੀ ਤਾਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਇਨ੍ਹਾਂ ਈਸਾਈਆਂ ਦੇ ਬਾਰੇ ਮੇਰੇ ਬੜੇ ਭਰਮ ਦੂਰ ਕੀਤੇ ਭਾਵੇਂ ਮੈਂ ਬਹੁਤ ਦੇਰ ਤੋਂ ਈਸਾ ਜੀ ਤੇ ਉਨ੍ਹਾਂ ਦੇ ਪ੍ਰਵਚਨਾਂ ਨਾਲ ਪਿਆਰ ਕਰਦਾ ਸੀ ਪਰ ਮੈਨੂੰ ਇਹ ਗੱਲ ਨਹੀਂ ਸਮਝ ਆਉਂਦੀ ਸੀ ਕਿ ਕੇਵਲ ਈਸਾਈ ਬਣ ਕੇ ਹੀ ਕਿਵੇਂ ਮੁਕਤੀ ਪਾਈ ਜਾ ਸਕਦੀ ਹੈ। ਮੇਰੀ ਘੁੰਡੀ ਇਨ੍ਹਾਂ ਨੇ ਖੋਲ੍ਹ ਦਿਤੀ ਜਦੋਂ ਮੈਨੂੰ ਮਿਸਾਲ ਦੇ ਕੇ ਪਿਤਾ ਪੁੱਤਰ ਦੇ ਰਿਸ਼ਤੇ ਬਾਰੇ ਅਤੇ ਮਨੁੱਖ ਕਿੰਨਾ ਸੰਪੂਰਨ ਹੋ ਸਕਦਾ ਹੈ, ਇਸ ਬਾਰੇ ਸਪਸ਼ਟ ਕਰਕੇ ਦਸਿਆ।

ਇਸ ਸਾਧੂ ਨੂੰ ਮਿਲਣ ਤੋਂ ਦੋ ਦਿਨ ਬਾਦ ਸਰਕਾਰੀ ਬੰਦਿਆਂ ਨੇ ਫੇਰ ਮੈਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਸ਼ਿਲੌਂਗ ਵਿਚ ਕਮੇਟੀ ਦੀਆਂ ਚੋਣਾਂ ਹੋ ਰਹੀਆਂ ਸਨ, ਉਸ ਲਈ ਕਈ ਪਾਰਟੀਆਂ ਦੇ ਉਮੀਦਵਾਰ ਖੜ੍ਹੇ ਸਨ। ਜਦੋਂ ਮੇਰੀ ਰਾਏ ਪੁਛੀ ਗਈ, ਮੈਂ ਕਿਹਾ ਜੇ ਤੁਸੀਂ ਰਾਜ ਕਰ ਰਹੀ ਪਾਰਟੀ ਨੂੰ ਬੇਈਮਾਨ ਸਮਝਦੇ ਹੋ ਤਾਂ ਉਸ ਨੂੰ ਬਿਲਕੁਲ ਵੀ ਵੋਟ ਨਾ ਪਾਓ। ਮੈਂ ਇਕ ਪਰਦੇਸੀ ਸੀ, ਮੈਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ, ਮੇਰੇ ਤੇ ਉਨ੍ਹਾਂ ਨੇ ਇਲਜ਼ਾਮ ਲਗਾਇਆ ਕਿ ਮੈਂ ਅੱਜ ਦੀ ਸਰਕਾਰ ਦਾ ਅਨੁਆਈ ਨਹੀਂ ਹਾਂ, ਵਾਸਤਵ ਵਿਚ ਮੈਂ ਕੋਈ ਰਾਜਸਿਕ ਪ੍ਰੇਰਕ ਨਹੀਂ ਸੀ। ਉਸ ਵੇਲੇ ਭਾਰਤ ਵਿਚ ਲੋਕ ਰਾਜ ਬਿਲਕੁਲ ਨਵਾਂ-ਨਵਾਂ ਸੀ। ਲੋਕਾਂ ਨੇ ਹਾਲੇ ਬਹੁਤ ਕੁਝ ਸਿਖਣਾ ਸੀ ਕਿ ਲੋਕ ਰਾਜ ਕੀ ਹੈ, ਉਸ ਦੇ ਅੰਦਰ ਕੰਮ-ਕਾਜ ਅਤੇ ਬੰਦੋਬਸਤ ਕਿਵੇਂ ਚਲਦਾ ਹੈ।

ਮੈਂ ਇਕ ਵਾਰੀ ਫੇਰ ਘਬਰਾਇਆ, "ਮੈਂ ਕਿੰਨੀ ਦੇਰ ਤੋਂ ਕਿਸੇ ਨੂੰ ਵੀ ਕੋਈ ਦੁਖ ਪਹੁੰਚਾਉਣ ਤੋਂ ਡਰਦਾ ਰਹਿੰਦਾ ਹਾਂ, ਆਪਣੇ ਵਲੋਂ ਕੋਈ ਇਹੋ ਜਿਹਾ ਕੰਮ ਨਹੀਂ ਕਰਦਾ ਜਿਸ ਨਾਲ ਕਿਸੇ ਨੂੰ ਦੁਖ ਪਹੁੰਚੇ, ਫੇਰ ਮੇਰੇ ਨਾਲ ਇਹ ਕਿਉਂ ਹੋਇਆ ਹੈ? ਮੈਂ ਵਾਹਿਗੁਰੂ ਅੱਗੇ ਅਰਦਾਸ ਕੀਤੀ, ਮੇਰੀ ਸਹਾਇਤਾ ਕਰੋ। ਉਸ ਰਾਤ ਜਦੋਂ ਮੈਂ ਸੁੱਤਾ ਪਿਆ ਸੀ, ਮੈਨੂੰ ਈਸਾ ਜੀ ਦੇ ਪ੍ਰਤੱਖ ਦਰਸ਼ਨ ਹੋਏ, ਉਨ੍ਹਾਂ ਨੇ ਮੈਨੂੰ ਬਾਂਹ ਤੋਂ ਫੜਿਆ, ਬੜੇ ਆਰਾਮ ਨਾਲ ਮੈਨੂੰ ਅਸ਼ੀਰਵਾਦ ਦਿਤਾ ਅਤੇ ਕਿਹਾ, "ਚਿੰਤਾ ਨਾ ਕਰ ਤੇਰੇ ਨਾਲ ਕੁਛ ਵੀ ਬੁਰਾ ਨਹੀਂ ਹੋਵੇਗਾ।

ਅਗਲੇ ਦਿਨ ਕੇਸ ਕਚਹਿਰੀ ਵਿਚ ਚਲਾ ਗਿਆ, ਮੈਨੂੰ ਇਕ ਈਸਾਈ ਜੱਜ ਦੇ ਅੱਗੇ ਪੇਸ਼ ਕੀਤਾ ਗਿਆ ਕਿਉਂਕਿ ਮੇਰੀ ਛੋਟੀ-ਛੋਟੀ ਦਾੜ੍ਹੀ ਸੀ, ਮੈਂ ਲੱਕੜੀ ਦੀਆਂ ਖੜਾਵਾਂ ਪਾਈਆਂ ਹੋਈਆਂ ਸਨ, ਮੇਰੇ ਹੱਥ ਵਿਚ ਇਕ ਵੱਡਾ ਸਾਰਾ ਡੰਡਾ ਸੀ, ਲੋਕੀ ਸੋਚਦੇ ਸਨ ਮੈਂ ਈਸਾਈ ਹਾਂ, ਜੱਜ ਨੇ ਮੇਰੇ ਵਲ ਦੇਖਿਆ ਤੇ ਪੁਛਿਆ, "ਤੂੰ ਈਸਾਈ ਹੈਂ?"

ਮੈਂ ਜਵਾਬ ਦਿਤਾ, "ਨਹੀਂ, ਜਨਮ ਤੋਂ ਈਸਾਈ ਨਹੀਂ ਹਾਂ, ਮੈਂ ਈਸਾਈ ਮਤ ਦਾ ਸਤਿਕਾਰ ਕਰਦਾ ਹਾਂ ਜਿਵੇਂ ਕਿ ਮੈਂ ਹੋਰ ਮਜ਼ਹਬਾਂ ਦਾ ਕਰਦਾ ਹਾਂ।"

ਉਸ ਨੇ ਪੁਛਿਆ, "ਤੈਨੂੰ ਹਿਰਾਸਤ ਵਿਚ ਕਿਉਂ ਕੀਤਾ ਹੈ?"

ਮੈਂ ਜਵਾਬ ਦਿਤਾ, "ਮੈਂ ਆਪਣੇ ਵਿਚਾਰ ਪ੍ਰਗਟ ਕੀਤੇ, ਲੋਕਾਂ ਨੇ ਮੈਨੂੰ ਪੁਛਿਆ ਕਿ ਉਹ ਵੋਟ ਕਿਸ ਨੂੰ ਦੇਣ। ਮੈਂ ਸਲਾਹ ਦਿਤੀ, ਤੁਸੀਂ ਕਿਸ ਨੂੰ ਵੋਟ ਦੇਣੀ ਹੈ, ਇਹ ਤੁਹਾਡਾ ਫੈਸਲਾ ਹੈ ਪੁਲਿਸ ਨੇ ਮੇਰੇ ਉਤੇ ਜਾਹਲੀ ਕੇਸ ਬਣਾ ਦਿਤਾ। ਜਦੋਂ ਜੱਜ ਨੂੰ ਸਚਾਈ ਪਤਾ ਲੱਗੀ ਉਹ ਇਸ ਗੱਲ ਨੂੰ ਮੰਨ ਗਿਆ ਕਿ ਮੈਨੂੰ ਗਲਤ ਪਕੜਿਆ ਹੈ, ਉਸ ਨੇ ਮੈਨੂੰ ਛੱਡ ਦਿਤਾ।

ਮੈਂ ਚਾਰ ਮਹੀਨੇ ਸ਼ਿਲੌਂਗ ਰਿਹਾ ਅਤੇ ਉਸ ਈਸਾਈ ਸਾਧੂ ਨਾਲ ਗੋਸ਼ਟੀਆਂ ਕਰਦਾ ਰਿਹਾ, ਮੈਨੂੰ ਅੱਜ ਤਕ ਹੋਰ ਕੋਈ ਸਾਧੂ ਨਹੀਂ ਮਿਲਿਆ ਜਿਹੜਾ ਗੀਤਾ ਦੀ ਫਿਲੌਸਫੀ ਅਤੇ ਬਾਈਬਲ ਦੀ ਫਿਲੌਸਫੀ ਦੀ ਐਨੀ ਸੋਹਣੀ ਤੁਲਨਾ ਕਰ ਸਕੇ ਅਤੇ ਦੋਨਾਂ ਨੂੰ ਹੀ ਬਹੁਤ ਸਰਲ ਕਰਕੇ ਸਮਝਾ ਸਕੇ। ਉਹ ਲਗਾਤਾਰ ਧਿਆਨ ਕਰਦੇ ਸਨ ਅਤੇ ਬਹੁਤ ਸ਼ਾਂਤ, ਗੰਭੀਰ ਅਤੇ ਨਿਰਭੈ ਸਨ। ਉਨ੍ਹਾਂ ਤੋਂ ਪ੍ਰਵਚਨ ਲੈਣ ਤੋਂ ਬਾਦ ਮੈਂ ਬਹੁਤ ਦੇਰ ਤਕ Sermon on the Mount ਅਤੇ Book of Revelation ਬਾਰੇ ਸੋਚਦਾ ਰਿਹਾ ਅਤੇ ਬੜੀ ਦੇਰ ਤਕ

ਇਹ ਮੈਨੂੰ ਬਹੁਤ ਚੰਗੇ ਲਗਦੇ ਰਹੇ। ਮੇਰਾ ਵਿਚਾਰ ਹੈ ਕਿ ਬਾਈਬਲ ਵਿਚ ਬਹੁਤ ਗਿਆਨ ਹੈ, ਪਾਦਰੀ ਬਹੁਤ ਵਾਰੀ ਇਸ ਨੂੰ ਉਲਝਾ ਦਿੰਦੇ ਹਨ ਅਤੇ ਠੀਕ ਤਰ੍ਹਾਂ ਨਹੀਂ ਸਮਝਾ ਸਕਦੇ।

ਇਨ੍ਹਾਂ ਨੇ ਮੈਨੂੰ ਦਸਿਆ, "ਸਾਰੇ ਮਜ਼ਹਬਾਂ ਦੀ ਤੁਲਨਾ ਕਰਨ ਤੋਂ ਬਾਦ ਮੈਂ ਇਸ ਸਿੱਟੇ ਉਤੇ ਪਹੁੰਚਿਆ ਹਾਂ ਕਿ ਸਾਰਿਆਂ ਦੀ ਜੜ੍ਹ ਮੂਲ ਇਕੋ ਸਤਿ ਹੈ ਅਤੇ ਜੇ ਇਹ ਸੱਚ ਹੈ ਤਾਂ ਫੇਰ ਸੰਸਾਰ ਵਿਚ ਨਫਰਤ ਕਿਉਂ? ਈਰਖਾ ਕਿਉਂ? ਕੱਟੜਵਾਦ ਕਿਉਂ ਹੈ? ਉਸ ਤੋਂ ਮੈਨੂੰ ਗਿਆਨ ਹੋਇਆ ਕਿ ਸਭ ਤੋਂ ਪੁਰਾਣਾ ਵੈਦਕ ਮਜ਼ਹਬ ਵੀ ਜੋ ਸਰਬ ਵਿਆਪਕ ਹੈ, ਖਤਮ ਹੋ ਚੁੱਕਾ ਹੈ ਅਤੇ ਪੰਡਤਾਂ ਦੀ ਸੂਝ ਬੂਝ ਵੀ ਵੇਦਾਂ ਦਾ ਮੂਲ ਤੱਤ ਲੋਕਾਂ ਨੂੰ ਨਹੀ ਦੇ ਸਕੇ। ਫੇਰ ਵੀ ਇਹ ਲੋਕੀ ਆਪਣੇ ਆਪ ਨੂੰ ਵੇਦਾਂ ਦਾ ਗਿਆਤਾ ਅਖਵਾਉਂਦੇ ਹਨ। ਸ਼ੰਕਰਾ ਨੇ ਜੋ ਗੀਤਾ ਦੀ ਵਿਆਖਿਆ ਕੀਤੀ ਹੈ, ਉਸ ਵਿਚ ਲਿਖਿਆ ਹੈ ਕਿ ਗੀਤਾ ਵੇਦਾਂ ਦਾ ਸਸ਼ੋਧਤ ਵਰਣਨ ਹੈ ਜਿਹੜਾ ਕ੍ਰਿਸ਼ਨ ਜੀ ਨੇ ਅਰਜਨ ਨੂੰ ਦਸਿਆ। ਸਤਿ ਸਦਾ ਹੀ ਸੀ, ਸਮੇਂ-ਸਮੇਂ ਸਿਰ ਪੀਰ ਪੈਗੰਬਰ, ਸਾਧੂ ਆ ਕੇ ਇਸ ਸਤਿ ਨੂੰ ਲੋਕਾਂ ਤਕ ਪਹੁੰਚਾਉਂਦੇ ਰਹੇ, ਵਾਸਤਵ ਵਿਚ ਇਹ ਰੱਬ ਦੇ ਅਵਤਾਰ ਨਹੀਂ ਸਨ। ਇਹ ਤਾਂ ਸਾਧੂਆਂ ਨੇ ਹੀ ਮੂਲ ਸਤ ਦਾ ਪ੍ਰਚਾਰ ਕੀਤਾ। ਇਹ ਵੀ ਇਸ ਗੱਲ ਦਾ ਹੀ ਸਬੂਤ ਹੈ ਕਿ ਰੱਬ ਦੇ ਅਵਤਾਰਾਂ ਨੇ ਕੇਵਲ ਸਤਿ ਨੂੰ ਸ਼ਸ਼ੋਧਤ ਕਰਕੇ ਹੀ ਦਸਿਆ, ਰੱਬ ਦੇ ਅਵਤਾਰ ਸਾਧੂਆਂ ਦੇ ਸੰਦੇਸ਼ਵਾਹਕ ਹੁੰਦੇ ਹਨ। ਉਹ ਕੇਵਲ ਫੁਲ ਹੀ ਬਦਲਦੇ ਰਹਿੰਦੇ ਹਨ, ਫੁਲਦਾਨ ਤਾਂ ਉਹ ਹੀ ਰਹਿੰਦੇ ਹਨ। ਜਦੋਂ ਇਹ ਗੱਲ ਮੈਨੂੰ ਇਨ੍ਹਾਂ ਸਾਧੂਆਂ ਨੇ ਦੱਸੀ, ਮੇਰੀਆਂ ਅੱਖਾਂ ਖੁਲ੍ਹ ਗਈਆਂ, ਮੇਰੇ ਅੱਗੇ ਇਕ ਹੋਰ ਪਾਸਾ ਸਾਮ੍ਹਣੇ ਆ ਗਿਆ।

ਉਹ ਕਹਿਣ ਲੱਗੇ, "ਮਜ਼ਹਬ ਸਮਾਜ ਨੂੰ ਸੰਗਠਨ ਰੱਖਣ ਵਿਚ ਬਹੁਤ ਹੀ ਸਹਾਇਕ ਹੁੰਦਾ ਹੈ, ਅਧਿਆਤਮਕ ਆਗੂ ਨੂੰ ਇਕ ਵਿਦਵਾਨ ਮੰਨਿਆ ਜਾਂਦਾ ਹੈ ਪਰ ਮੇਰੇ ਅਨੁਸਾਰ ਜੋ ਗਿਆਨ ਸਾਧੂ ਦਿੰਦੇ ਹਨ, ਉਹ ਹੀ ਸਤਿ ਅਤੇ ਸੰਪੂਰਨ ਹੁੰਦਾ ਹੈ, ਵੱਡੇ-ਵੱਡੇ ਆਗੂ ਅਤੇ ਸੰਦੇਸ਼ਵਾਹਕ ਮਜ਼ਹਬਾਂ ਦੇ ਅਤੇ ਸਾਧੂਆਂ ਦੇ ਗਿਆਨ ਦੇ ਪ੍ਰਚਾਰਕ ਹੀ ਹੁੰਦੇ ਹਨ। ਮਜ਼ਹਬੀ ਆਗੂਆਂ ਦੀ ਅਤੇ ਮੁਖੀਆਂ ਅਤੇ ਬਾਨੀਆਂ ਦੀ ਪੂਜਾ ਨਾਲ ਇਕ ਸੰਪਰਦਾ ਬਣ ਜਾਂਦੀ ਹੈ ਜਿਸ ਦੀ ਆਪਣੀ ਕੋਈ ਫਿਲੌਸਫੀ ਨਹੀਂ ਹੁੰਦੀ। ਸਾਧੂ ਦੇ ਪ੍ਰਵਚਨ ਮੰਨਣਾ ਕੋਈ ਉਨ੍ਹਾਂ ਦੀ ਪੂਜਾ ਨਹੀਂ ਹੈ, ਨਾ ਹੀ ਉਸ ਤੋਂ ਭਾਵ ਕਿਸੇ ਸੰਪਰਦਾ ਤੋਂ ਮੰਨਣ ਦਾ ਹੈ, ਉਨ੍ਹਾਂ ਦੇ ਪ੍ਰਵਚਨ ਤਾਂ ਵਿਸ਼ਵ ਲਈ ਸਾਂਝੇ ਹਨ, ਹਰ ਸਮੇਂ ਲਈ ਹਨ। ਜਦੋਂ ਮਜ਼ਹਬ ਦੇ ਪੁਜਾਰੀ ਮਜ਼ਹਬ ਨੂੰ ਚੰਗੀ ਤਰ੍ਹਾਂ ਨਾ ਪਰਚਾਰ ਸਕੇ ਉਦੋਂ ਹੀ ਇਹ ਖਰਾਬੀ ਸਾਰੇ ਸੰਸਾਰ ਵਿਚ ਫੈਲੀ, ਉਹ ਕਹਿਣ ਲੱਗ ਪਏ, "ਤੁਹਾਨੂੰ ਵਾਹਿਗੁਰੂ ਤੇ ਭਰੋਸਾ ਰੱਖਣਾ ਚਾਹੀਦਾ ਹੈ।" ਆਤਮਾ ਨੂੰ ਖੋਜਣਾ ਉਨ੍ਹਾਂ ਨੇ ਛੱਡ ਦਿਤਾ। ਪੂਰਬ ਅਤੇ ਪੱਛਮ ਵਿਚ ਭਰੋਸੇ ਨਾਲ ਹੀ ਖਿਲਵਾੜ ਹੋ ਰਹੀ ਹੈ, ਉਸ ਨੂੰ ਆਪਣੇ ਸੁਆਰਥ ਲਈ ਵਰਤਿਆ ਜਾ ਰਿਹਾ ਹੈ। ਅੱਜ ਦੇ ਮਾਨਵ ਨੂੰ ਪ੍ਰਚਾਰਕਾਂ ਨੇ ਘਬਰਾਹਟ ਵਿਚ ਪਾ ਦਿਤਾ ਹੈ, ਉਸ ਲਈ ਸਮੱਸਿਆਵਾਂ ਖੜ੍ਹੀਆਂ ਕਰ ਦਿਤੀਆਂ ਹਨ, ਸਮਾਜਿਕ ਅਤੇ ਮਜ਼ਹਬ ਦੀਆਂ ਸਮਸਿਆਵਾਂ ਦਾ ਟਕਰਾਅ ਹੋ ਰਿਹਾ ਹੈ, ਬੜੇ ਪੱਖਪਾਤ, ਬੜੇ ਨਖੇੜੇ ਪਾ ਦਿਤੇ ਹਨ ਜਿਨ੍ਹਾਂ ਦਾ ਸਮਾਧਾਨ ਕਰਨਾ ਬੜਾ ਹੀ ਔਖਾ ਹੋ ਗਿਆ ਹੈ। ਉਸ ਮਜ਼ਹਬ ਦਾ ਕੀ ਲਾਭ ਜਿਹੜਾ ਮਨੁੱਖ ਲਈ ਬੰਧਨ ਅਤੇ ਸੰਤਾਪ ਖੜ੍ਹੇ ਕਰ ਦੇਵੇ। ਸਵਤੰਤਰਤਾ ਹੀ ਸਾਰੇ ਮਜ਼ਹਬਾਂ ਦਾ ਸੰਦੇਸ਼ ਹੈ, ਸਾਰੇ ਸੰਤ ਮਹਾਤਮਾ ਦਾ ਸੰਦੇਸ਼ ਵੀ ਇਹ ਹੀ ਹੈ ਪਰ ਅੱਜ, ਅੱਜ ਕੇਵਲ ਸੁਤੰਤਰਪਨ ਹੀ ਨਹੀਂ ਖਤਮ ਹੋ ਗਿਆ ਇਸ ਵਿਚ ਐਨੀਆਂ ਅੜਚਣਾਂ ਪੈਦਾ ਕਰ ਦਿਤੀਆਂ ਹਨ ਕਿ ਅੱਜ ਦਾ ਮਨੁੱਖ ਜਿਹੜਾ ਮਜ਼ਹਬ ਨੂੰ ਮੰਨਦਾ ਹੈ, ਉਹ ਇਕ ਗੁਲਾਮ, ਇਕ ਸਹਿਮਿਆ ਹੋਇਆ ਪਾਪੀ ਇਕ ਦਾਨਵ ਮਹਿਸੂਸ ਕਰਦਾ ਹੈ। ਅੱਜ ਉਸ ਨੂੰ ਪਾਪ ਦੀ ਚਿੰਤਾ ਵਧ ਹੈ, ਬਿਜਾਏ ਆਤਮ ਗਿਆਨ ਦੇ। ਅੱਜ ਦੀ ਫਿਲੌਸਫੀ ਸੰਪੂਰਨ ਸੰਸ਼ੋਧ ਮੰਗਦੀ ਹੈ, ਪਰ ਅਫਸੋਸ ਅੱਜ ਤਕ ਕਿਸੇ ਮਜ਼ਹਬ ਵਿਚ ਵੀ ਇਸ ਤਰ੍ਹਾਂ ਅੰਦੋਲਨ ਨਹੀਂ ਆਇਆ, ਬਿਨਾਂ ਸਮਾਜਿਕ ਮਜ਼ਹਬੀ ਇਨਕਲਾਬ ਤੋਂ ਮਜ਼ਹਬ ਦਾ ਅਸਲੀ ਫੁਲ ਨਹੀਂ ਖਿੜ ਸਕਦਾ। ਸੁਧਾਰ ਅਤੇ ਅੰਦੋਲਨ ਮਨੁੱਖ ਦੀ ਤਰੱਕੀ ਦਾ ਚਿੰਨ ਹਨ। ਇਹੋ ਜਿਹਾ ਇਨਕਲਾਬ ਲਿਆਉਣ ਲਈ ਮਾਨਵ ਦੇ ਮਨ ਨੂੰ ਅਹਿੰਸਾ ਦਾ ਅਭਿਆਸ ਕਰਨ ਲਈ ਪ੍ਰੇਰਨਾ ਪਵੇਗਾ। ਕੇਵਲ ਪਿਆਰ ਹੀ ਇਕ ਇਹੋ ਜਿਹਾ ਮੰਤਰ ਹੈ ਜਿਸ ਨਾਲ ਹਰ ਕਿਸਮ ਦਾ ਅੰਦੋਲਨ ਲਿਆਇਆ ਜਾ ਸਕਦਾ ਹੈ ਅਤੇ ਅੰਦੋਲਨ ਨਾਲ ਅੱਜ ਦਾ ਮਨੁੱਖ ਸੁਚੇਤ ਹੋ ਕੇ ਸਾਰੀ ਮਾਨਵਤਾ ਨੂੰ ਸੰਗਠਨ ਕਰ ਸਕਦਾ ਹੈ।

ਉਸ ਈਸਾਈ ਬ੍ਰਹਮਗਿਆਨੀ ਨੇ ਸਚਮੁਚ ਹੀ ਮੇਰੇ ਅੰਤਰ ਚਕਸ਼ੂ ਖੋਲ੍ਹ ਦਿਤੇ, ਮੈਂ ਉਸ ਦਿਨ ਦੀ ਆਸ ਵਿਚ ਜੀਉਣ ਲਗ ਪਿਆ ਜਦੋਂ ਸਾਰੀ ਮਾਨਵਤਾ ਇਕ ਮਜ਼ਹਬ ਨੂੰ ਮੰਨ ਕੇ ਮਾਨਵਤਾ ਦੇ ਮਜ਼ਹਬ ਨੂੰ ਮੰਨ ਕੇ ਪੂਜਾ ਕਰੇਗੀ ਅਤੇ ਪਿਆਰ ਦਾ ਅਭਿਆਸ ਕਰੇਗੀ। ਫੇਰ ਨਫਰਤ ਦੀ, ਈਰਖਾ ਦੀ ਅਤੇ ਹੋਰ ਪੱਖਪਾਤ ਦੀ ਜੀਵਨ ਵਿਚ ਕੋਈ ਥਾਂ ਨਹੀਂ ਰਹੇਗੀ। ਚਾਰ ਮਹੀਨੇ ਇੰਨਾਂ ਪਾਸ ਰਹਿ ਕੇ ਮੈਂ ਈਸਾਈ ਮਜ਼ਹਬ ਨੂੰ ਕਿਤੇ ਚੰਗੀ ਤਰ੍ਹਾਂ ਸਮਝ ਸਕਿਆ। ਈਸਾ ਜੀ ਦੇ ਦਰਸ਼ਨਾਂ ਨੇ ਮੇਰਾ ਉਨ੍ਹਾਂ ਪ੍ਰਤੀ ਪਿਆਰ ਹੋਰ ਵੀ ਡੂੰਘਾ ਕਰ ਦਿਤਾ, ਉਨ੍ਹਾਂ ਦੀਆਂ ਸਿਖਿਆ ਪ੍ਰਤੀ ਹੋਰ ਸਤਿਕਾਰ ਪੈਦਾ ਕਰ ਦਿਤਾ, ਹੁਣ ਉਹ ਸਦਾ ਹੀ ਮੇਰੇ ਸਤਿ ਚਿਤ ਵਿਚ ਨਿਵਾਸ ਕਰਦੇ ਹਨ ਅਤੇ ਮੇਰੇ ਪੱਥ ਪਰਦਰਸ਼ਕ ਹਨ, ਮੇਰੇ ਰਾਖੇ ਹਨ।

## ਯਹੂਦੀ ਮਜ਼ਹਬ ਵਿਚ ਯੋਗ

ਇਕ ਵਾਰੀ ਮੈਨੂੰ ਬਹਾਈ (ਇਕ ਸੰਪਰਦਾ ਜਿਸ ਦੇ ਬਾਨੀ ਬਹਾ-ਉਲਾ ਸਨ) ਸ਼ਰਧਾਲੂਆਂ ਨੇ ਕਾਨਫਰੰਸ ਵਿਚ ਪ੍ਰਧਾਨਗੀ ਲਈ ਬੁਲਾਇਆ, ਕਾਨਫਰੰਸ ਪੂਨੇ ਹੋ ਰਹੀ ਸੀ, ਉਥੇ ਮੈਨੂੰ ਦੋ ਯਹੂਦੀ ਪਾਦਰੀ ਮਿਲੇ ਜੋ ਭਾਰਤੀ ਸਨ। ਉਨ੍ਹਾਂ ਨੇ ਮੈਨੂੰ 'ਕਬਾਲਾਹ' (ਯਹੂਦੀਆਂ ਦਾ ਅਧਿਆਤਮਕ ਸਿਧਾਂਤ) ਬਾਰੇ ਦੱਸਿਆ। ਉਸ ਤੋਂ ਬਾਦ ਮੈਨੂੰ ਯਹੂਦੀਆਂ ਦੇ ਬਾਰੇ ਚੰਗੀ ਤਰ੍ਹਾਂ ਸਮਝ ਆਈ, ਉਨ੍ਹਾਂ ਦੇ ਅਭਿਆਸ ਬਾਰੇ ਮੈਂ ਜਾਣਿਆ। ਭਾਰਤ ਵਿਚ ਵੀ ਥੋੜ੍ਹੇ ਜਿਹੇ ਯਹੂਦੀ ਹਨ, ਯਹੂਦੀਆਂ ਨੂੰ ਸਾਰੀਆਂ ਥਾਵਾਂ ਤੋਂ ਕੱਢਿਆ ਗਿਆ ਹੈ, ਪਰ ਭਾਰਤ ਵਿਚੋਂ ਨਹੀਂ, ਪਾਰਸੀ ਜੋ ਰੱਬੀ ਅੱਗ ਦੀ ਪੂਜਾ ਕਰਦੇ ਹਨ ਅਤੇ ਯਹੂਦੀ ਜਿਹੜੇ 'ਡੈਵਿਡ ਦੇ ਸਿਤਾਰੇ' (Star of David) ਦਾ ਧਿਆਨ ਕਰਦੇ ਹਨ, ਭਾਰਤ ਵਿਚ ਇਨ੍ਹਾਂ ਨੂੰ ਬਰਾਬਰ ਦੇ ਹੱਕ ਹਾਸਲ ਹਨ, ਯੋਗ ਦੇ ਅਭਿਆਸ ਅਤੇ ਕਬਾਲਾਹ ਦੇ ਅਭਿਆਸ ਵਿਚ ਕੋਈ ਅੰਤਰ ਨਹੀਂ ਲੱਗਾ, ਸਾਰੇ ਮਜ਼ਹਬਾਂ ਦਾ ਸਾਹਿਤ ਪੜ੍ਹਨ ਤੋਂ ਬਾਦ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਅਧਿਆਤਮਕ ਅਭਿਆਸ ਸਾਰਿਆਂ ਦੇ ਹੀ ਇਕੋ ਜਿਹੇ ਹੁੰਦੇ ਹਨ।

ਸਾਂਖਿਯ ਦੀ ਪੁਰਾਤਨ ਫਿਲੌਸਫੀ ਅਤੇ ਕਬਾਲਾਹ ਦੀ

ਫਿਲੋਸਫੀ ਦਾ ਸਰੋਤ ਇਕ ਹੀ ਲਗਦਾ ਹੈ, ਕਬਾਲਾਹ ਦੇ ਤਰੀਕੇ ਅਨੁਸਾਰ ਜੀਵਨ ਗਣਿਤ ਅਨੁਸਾਰੀ ਹੈ, ਪੁਰਾਣੀ ਸਾਂਖਿਯ ਫਿਲੋਸਫੀ ਵੀ ਇਹੋ ਹੀ ਦਸਦੀ ਹੈ। ਬਹੁਤ ਸਾਰੀ ਗੀਤਾ ਦੀ ਸਿਖਿਆ ਵੀ ਯਹੂਦੀਆਂ ਨਾਲ ਮਿਲਦੀ ਹੈ, ਇਨ੍ਹਾਂ ਦੋ ਪੁਰਾਤਨ ਮਜ਼ਹਬਾਂ ਵਿਚ, ਹਿੰਦੂ ਅਤੇ ਯਹੂਦੀਆਂ ਵਿਚ ਬਹੁਤ ਸਾਰੀਆਂ ਗੱਲਾਂ ਮਿਲਦੀਆਂ ਜੁਲਦੀਆਂ ਹਨ, ਬਹਾਈ ਸੰਪਰਦਾ ਅਤੇ ਮੰਦਰ ਇਸ ਗੱਲ ਨੂੰ ਮੰਨਦੇ ਹਨ ਕਿ ਹਿੰਦੂ ਮਜ਼ਹਬ ਅਤੇ ਯਹੂਦੀ ਕਾਫੀ ਹਦ ਤਕ ਇਕੋ ਜਿਹੇ ਹਨ, ਉਨ੍ਹਾਂ ਨੇ ਇਸ ਬਾਰੇ ਆਪਣੀਆਂ ਕਿਤਾਬਾਂ ਵਿਚ ਲਿਖਿਆ ਵੀ ਹੈ। ਸ੍ਰੀ ਯੰਤਰ (ਇਕ ਨਕਸ਼ਾ ਜਿਸ ਵਿਚ ਮਾਨਵ ਸਰੀਰ ਅਤੇ ਵਿਸ਼ਵ ਵਿਚ ਜੋ ਹੈ ਉਸ ਬਾਰੇ, ਦੋਨੋਂ ਪ੍ਰਤੱਖ ਅਤੇ ਅ-ਪ੍ਰਤੱਖ ਬਾਰੇ ਦੱਸਿਆ ਗਿਆ ਹੈ, ਇਸ ਨਕਸ਼ੇ ਨੂੰ ਸਮਝ ਕੇ ਤੁਸੀਂ ਪ੍ਰਤੱਖ ਗਿਆਨ ਪ੍ਰਾਪਤ ਕਰ ਸਕਦੇ ਹੋ) ਜੋ ਕਿ ਬਹੁਤ ਉਚਾ ਵਿਗਿਆਨਕ ਤਰੀਕੇ ਨਾਲ ਬਣਾਇਆ ਯੋਗ ਸਾਧਨਾ ਦਾ ਤਰੀਕਾ ਹੈ ਜਿਸ ਨਾਲ ਤੁਹਾਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ ਅਤੇ ਡੇਵਿਡ ਦਾ ਤਾਰਾ (Star of David) ਜਿਸ ਨੂੰ ਅਨਾਹਦ ਚੱਕਰ ਵੀ ਕਿਹਾ ਜਾਂਦਾ ਹੈ ਅਤੇ ਈਸਾਈ ਮਤ ਵਿਚ ਈਸਾ ਜੀ ਦਾ ਦਿਲ (Sacred Heart) ਸਭ ਤੋਂ ਪੁਰਾਣੇ ਪੂਜਾ ਦੇ ਯੰਤਰ ਹਨ। ਸ੍ਰੀ ਯੰਤਰ ਸਭ ਤੋਂ ਪੁਰਾਣਾ ਯੰਤਰ ਹੈ ਜਿਹੜਾ ਸੋਲੋਮਨ ਦੇ ਮੰਦਰ ਵਿਚ ਸੀ (ਯਹੂਦੀਆਂ ਦਾ ਮੰਦਰ) ਪੁਰਾਣੇ ਅਧਿਆਤਮਕ ਗ੍ਰੰਥਾਂ ਅਨੁਸਾਰ ਸ੍ਰੀ ਯੰਤਰ ਬਹੁਤ ਪਵਿੱਤਰ ਯੋਗ ਸਾਧਨਾ ਹੈ। ਇਸ ਦੁਆਰਾ ਤੁਸੀਂ ਆਪਣਾ ਸਬੰਧ ਦੂਸਰਿਆਂ ਚੀਜ਼ਾਂ ਨਾਲ, ਪ੍ਰਕ੍ਰਿਤੀ ਨਾਲ ਅਤੇ ਉਸ ਇਕ ਨਾਲ ਜੋੜ ਸਕਦੇ ਹੋ। ਮੈਂ ਸਮਝਦਾ ਹਾਂ ਯੋਗ ਇਕ ਪੂਰਨ ਯੋਗ ਵਿਗਿਆਨ ਹੈ ਜੋ ਸਾਰਿਆਂ ਲਈ, ਬੀਬੀਆਂ, ਭਾਈਆਂ, ਬੱਚਿਆਂ ਸਭ ਲਈ ਲਾਭਕਾਰੀ ਹੈ। ਮਤ, ਵੱਖ-ਵੱਖ ਸਮਾਜਿਕ ਵਿਗਿਆਨ ਹਨ ਜੋ ਸਭਿਆਚਾਰ, ਆਚਾਰ, ਵਿਹਾਰ, ਨਿਯਮ, ਪੁਰਾਤਨ ਲੀਹਾਂ ਬਣਾਈ ਰੱਖਣ ਵਿਚ ਸਹਾਇਕ ਹੁੰਦੇ ਹਨ। ਯੋਗ ਇਕ ਵਿਸ਼ਵ ਵਿਗਿਆਨ ਹੈ ਜੋ ਗਿਆਨ ਅਤੇ ਆਪਾ ਚੀਨਣ ਲਈ ਹੈ। ਸ੍ਵੈ ਸੁਧਾਰ ਦੇ ਸਾਰੇ ਸਾਧਨ ਜੋ ਸਾਰੇ ਧਰਮਾਂ ਵਿਚ ਹਨ, ਸਾਰੇ ਯੋਗ ਸਾਹਿਤ ਵਿਚ ਹਨ।

ਇਸ ਸੰਮੇਲਨ ਤੋਂ ਮੈਂ ਇਹ ਸਿਖਿਆ ਕਿ ਸੰਸਾਰ ਦੇ ਸਾਰੇ ਮਤਾਂ ਦੇ ਆਗੂਆਂ ਨੂੰ ਮਿਲ ਕੇ ਆਪਣੀਆਂ ਫਿਲੋਸਫੀਆਂ ਅਤੇ ਵਿਚਾਰ ਸਾਂਝੇ ਕਰਨੇ ਚਾਹੀਦੇ ਹਨ। ਮੇਰਾ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਸਾਰੇ ਮਤ ਇਕੋ ਜਿਹੇ ਹਨ, ਉਨ੍ਹਾਂ ਦੇ ਤਰੀਕੇ ਭਾਵੇਂ ਅਲੱਗ-ਅੱਲਗ ਹਨ। ਗਿਆਨ ਦੇ ਤਰੀਕੇ ਵੱਖਰੇ-ਵੱਖਰੇ ਹਨ ਪਰ ਮਨੋਰਥ ਇਕ ਹੀ ਹੈ, ਨਿਸ਼ਾਨਾ ਇਕ ਹੀ ਹੈ। ਜੇ ਵੱਖ-ਵੱਖ ਮਤਾਂ ਦੇ ਆਗੂ ਮਿਲ ਕੇ ਸਭ ਕੁਝ ਸਮਝ ਕੇ ਵਿਚਾਰ ਕਰ ਲੈਣ ਫੇਰ ਉਹ ਆਪਣੀਆਂ ਸੰਗਤਾਂ ਨੂੰ ਦਸ ਸਕਣ ਕਿ ਸਾਰੇ ਮਤ ਇਕ ਹੀ ਹਨ, ਉਹ ਕਿੰਨਾ ਲਾਭਕਾਰੀ ਹੋ ਸਕਦਾ ਹੈ। ਜੇ ਕੋਈ ਵੀ ਇਸ ਗੱਲ ਦਾ ਦਾਅਵਾ ਕਰਦਾ ਹੈ ਕਿ ਉਸ ਦਾ ਮਤ ਕੇਵਲ ਸਭ ਤੋਂ ਉਚਾ ਸੁੱਚਾ ਮਤ ਹੈ ਉਹ ਅਗਿਆਨੀ ਹੈ ਅਤੇ ਆਪਣੇ ਸ਼ਰਧਾਲੂਆਂ ਨੂੰ ਕੁਹਾਰੇ ਪਾ ਰਿਹਾ ਹੈ, ਪੱਖਪਾਤ ਇਕ ਜ਼ਹਿਰ ਦੀ ਤਰ੍ਹਾਂ ਹੈ ਜਿਹੜਾ ਮਾਨਵ ਪ੍ਰਸਾਰ ਨੂੰ ਮਾਰ ਦਿੰਦਾ ਹੈ, ਪਿਆਰ ਸਰਵੋਤਮ ਹੈ ਪਿਆਰ ਸੰਪੂਰਨ ਹੈ, ਸਮੁੱਚੇ ਨੂੰ ਕਲਾਵੇ ਵਿਚ ਲੈ ਲੈਂਦਾ ਹੈ ਅਤੇ ਸਾਰੇ ਮਤਾਂ ਦੀ ਨੀਂਹ ਪਿਆਰ ਹੀ ਹੈ।

(ਪੰਨਾ 12 ਦੀ ਬਾਕੀ)

ਆਪਣੇ ਆਪ ਨੂੰ ਤਕਲੀਫਾਂ ਵਿਚ ਸੁਟਣ ਦਾ ਕਾਰਨ ਬਣਦਾ ਹੈ। ਜੇ ਅੱਲਾਹ ਦੇ ਬੰਦਿਆਂ ਦਾ ਦੁੱਖ ਸੁਣਿਆ ਜਾਵੇ ਤਾਂ ਬਹਿਸ਼ਤਾਂ ਵਿਚ ਬਾਦਸ਼ਾਹ ਨੂੰ ਜਗ੍ਹਾ ਮਿਲਿਆ ਕਰਦੀ ਹੈ।

ਸੋ ਇਸ ਤਰ੍ਹਾਂ ਉਸ ਦੇ ਮਨ ਵਿਚ ਜੋ ਧਨ ਲਈ ਪਾਗਲ ਵਾਸ਼ਨਾ ਸੀ ਉਹ ਗੁਰੂ ਮਹਾਰਾਜ ਜੀ ਨੇ ਦੂਰ ਕਰ ਦਿਤੀ। ਉਸ ਨੂੰ ਰਸਤਾ ਦਿਖਾ ਦਿਤਾ। ਖੁਦਾ ਦੇ ਨਾਮ ਵਿਚ ਲਾ ਦਿਤਾ। ਸੰਸਾਰ ਵਿਚ **'ਨਾਮ'** ਹੀ ਇਕ ਐਸਾ ਸਾਧਨ ਹੈ ਜੋ ਦੁਖਾਂ ਨੂੰ ਦੂਰ ਕਰ ਸਕਦਾ ਹੈ। ਧਨ ਦੀ ਵਾਸ਼ਨਾ ਧਨ ਇਕੱਠਾ ਕਰਕੇ ਦੂਰ ਨਹੀਂ ਹੋਇਆ ਕਰਦੀ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਅਸੁ ਪਵਨ ਹਸਤਿ ਅਸਵਾਰੀ॥***
***ਚੋਆ ਚੰਦਨੁ ਸੇਜ ਸੁੰਦਰਿ ਨਾਰੀ॥***
***ਨਟ ਨਾਟਿਕ ਆਖਾਰੇ ਗਾਇਆ॥***
***ਤਾ ਮਹਿ ਮਨਿ ਸੰਤੋਖੁ ਨ ਪਾਇਆ॥ ਪੰਨਾ - 179***

ਅਤੇ ਇਹ ਵੀ ਫੁਰਮਾਨ ਕੀਤਾ ਹੈ -

***ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥***
***ਹਰਿ ਕਾ ਨਾਮੁ ਜਪਤ ਹੋਇ ਸੁਖੀਆ॥ ਪੰਨਾ - 264***

ਇਸੇ ਤਰ੍ਹਾਂ ਨਾਲ ਸੰਸਾਰ ਨੂੰ ਲੁੱਟ ਕੇ ਸਿਕੰਦਰ ਬਾਦਸ਼ਾਹ ਅੰਤ ਸਮੇਂ ਬਹੁਤ ਰੋਇਆ ਕਿ ਮੇਰੇ ਨਾਲ ਧਨ ਨਹੀਂ ਜਾਣਾ ਪਰ ਮੇਰੇ ਕੀਤੇ ਪਾਪ ਮੇਰੇ ਤੋਂ ਵੀ ਪਹਿਲਾਂ ਦਰਗਾਹ ਵਿਚ ਜਾਣ ਲਈ ਤਿਆਰ ਖੜ੍ਹੇ ਹਨ। ਹੇ ਪ੍ਰਭੂ! ਮੇਰਾ ਕੀ ਬਣੇਗਾ। ਕਾਸ਼! ਮੈਨੂੰ ਜੇ ਪਹਿਲਾਂ ਪਤਾ ਹੁੰਦਾ ਤਾਂ ਮੈਂ ਇਹੋ ਜਿਹੀ ਗਲਤੀ ਪਹਿਲਾਂ ਹੀ ਨਾ ਕਰਦਾ। ਮਾਇਆ ਦੇ ਚੱਕਰ ਵਿਚ ਸੰਸਾਰ ਫਸਿਆ ਹੈ ਜਿਵੇਂ ਕਿ -

***ਕਈ ਕੋਟਿ ਕੀਏ ਧਨਵੰਤ॥***
***ਕਈ ਕੋਟਿ ਮਾਇਆ ਮਹਿ ਚਿੰਤ॥ ਪੰਨਾ - 276***

ਧਨ ਦੀ ਵਾਸ਼ਨਾ ਆਦਮੀ ਦੇ ਮਨ ਵਿਚ ਬਹੁਤ ਪ੍ਰਬਲ ਵਾਸ਼ਨਾ ਹੈ। ਬੜੀ ਮੁਸ਼ਕਲ ਦੇ ਨਾਲ 84 ਲੱਖ ਜੂਨਾਂ ਪਿਛੋਂ ਮਨੁੱਖ ਦਾ ਸਰੀਰ ਮਿਲਿਆ ਹੈ, ਜਿਸ ਦੇ ਅੰਦਰ ਵਾਹਿਗੁਰੂ ਜੀ ਨੇ ਬਹੁਤ ਹੀ ਅਲੌਕਿਕ ਵਸਤੂਆਂ ਰੱਖੀਆਂ ਹਨ ਜਿਨ੍ਹਾਂ ਦਾ ਸੰਸਾਰ ਵਿਚ ਕੋਈ ਮੁੱਲ ਨਹੀਂ ਹੈ। ਜਿਨ੍ਹਾਂ ਵਿਚ ਵਾਹਿਗੁਰੂ ਜੀ ਦਾ ਨਾਮ ਸਭ ਤੋਂ ਸ੍ਰੇਸ਼ਟ ਚੀਜ਼ ਹੈ। ਵਾਹਿਗੁਰੂ ਦਾ ਨਾਮ ਜੇ ਹਿਰਦੇ ਵਿਚ ਪ੍ਰਗਟ ਹੋ ਜਾਵੇ ਸਾਰੀਆਂ ਭੁੱਖਾਂ ਮਿਟ ਜਾਂਦੀਆਂ ਹਨ। ਧਨ ਆਦਿ ਦੀ ਕੋਈ ਵੀ ਵਾਸ਼ਨਾ ਉਸਦੇ ਮਨ ਵਿਚ ਨਹੀਂ ਉਪਜਦੀ ਕਿਉਂਕਿ ਉਹ ਸੋਨੇ ਅਤੇ ਮਿੱਟੀ ਨੂੰ ਇਕੋ ਜਿਹਾ ਗਿਣਦਾ ਹੈ। ਨਾਮ ਕੋਈ ਐਵੇਂ ਵਾਧੂ ਦਾ ਜਾਪ ਨਹੀਂ ਹੈ ਇਸ ਵਿਚ ਸਾਰੀਆਂ ਸ਼ਕਤੀਆਂ ਹਨ। ਸ਼ਕਤੀਆਂ ਦੀ ਲੋਚਾ ਵੀ ਨਾਮ ਖਤਮ ਕਰ ਦਿੰਦਾ ਹੈ। ਨਾਮੀ ਪੁਰਸ਼ ਧਨ ਨੂੰ ਬੁਰੀ ਦੁਰਗੰਧ ਵਾਲੀ ਮਿੱਟੀ ਸਮਝਦਾ ਹੈ ਇਸ ਵਾਸਤੇ ਉਹ ਆਪਣੀਆਂ ਸ਼ਕਤੀਆਂ ਵਰਤ ਕੇ ਕਦੇ ਵੀ ਧਨ ਪ੍ਰਾਪਤੀ ਦਾ ਕੋਈ ਵੀ ਆਡੰਬਰ ਨਹੀਂ ਰਚਦਾ ਕਿਉਂਕਿ 'ਨਾਮ' ਧਨ ਦੇ ਮੁਕਾਬਲੇ ਵਿਚ ਬਹੁਤ ਹੀ ਵੱਡੀ ਵਸਤੂ ਹੈ। ਨਾਮੀ ਪੁਰਸ਼ ਜੇ ਚਾਹੇ ਜਿਧਰ ਦੇਖੇ ਸੋਨਾ ਹੀ ਸੋਨਾ ਬਣਾ ਸਕਦਾ ਹੈ।

# ਪਰਉਪਕਾਰੀ ਜੀਵਨ ਝਲਕਾਂ

1. ਗੁਰੂ ਨਾਨਕ ਦੇਵ ਜੀ ਦਾ ਸੱਚ ਦਾ ਮਾਰਗ ਹੀ 'ਆਤਮ ਮਾਰਗ' ਹੈ ਜਿਸ ਨੂੰ ਘਰ-ਘਰ ਪਹੁੰਚਾਉਣ ਲਈ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਦੀ ਸਥਾਪਨਾ ਕੀਤੀ ਗਈ। ਇਸ ਮਿਸ਼ਨ ਦੀਆਂ ਪ੍ਰਕਾਸ਼ਨਾਂ ਨੇ, ਵਿਸ਼ੇਸ਼ ਕਰਕੇ ਮੈਗਜ਼ੀਨ 'ਆਤਮ ਮਾਰਗ' ਨੇ ਬੇਅੰਤ ਭਟਕੀਆਂ ਰੂਹਾਂ ਨੂੰ ਗੁਰਮਤਿ ਦੇ ਅਧਿਆਤਮਕ ਮਾਰਗ ਨਾਲ ਜੋੜਿਆ ਹੈ। ਗੁਰੂ ਘਰ ਤੋਂ ਵਰੋਸਾਏ ਅਨੁਭਵੀ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਤੋਂ ਨਵਾਂ ਜੀਵਨ ਪ੍ਰਾਪਤ ਕਰਨ ਵਾਲੇ ਕੁਝ ਗੁਰਸਿੱਖ ਆਪਣੇ ਧੁਰ-ਅੰਦਰ ਦੀ ਵੇਦਨਾ ਸਾਡੇ ਨਾਲ ਸਾਂਝੀ ਕਰਦੇ ਰਹਿੰਦੇ ਹਨ। ਅਸੀਂ ਐਸੇ ਵਡਭਾਗੀ ਗੁਰੂ ਪਿਆਰਿਆਂ ਵਿਚੋਂ ਦੋ ਸਜਣਾਂ ਦੇ ਵਿਚਾਰ ਤੁਹਾਡੇ ਨਾਲ ਸਾਂਝੇ ਕਰਨ ਦੀ ਖੁਸ਼ੀ ਲੈ ਰਹੇ ਹਾਂ। ਪਹਿਲੇ ਪ੍ਰੇਮੀ ਹਨ ਜਰਮਨੀ ਨਿਵਾਸੀ ਸ. ਇਕਬਾਲ ਸਿੰਘ ਜੀ ਅਤੇ ਦੂਜੀ ਪਿਆਰ ਭਿੱਜੀ ਰੂਹ ਹੈ ਦਿੱਲੀ ਨਿਵਾਸੀ ਡਾ. ਇੰਦਰਜੀਤ ਸਿੰਘ ਜੀ। ਇਨ੍ਹਾਂ ਦੇ ਪਿਆਰ ਭਿੰਨੇ ਵਲਵਲੇ ਪੱਤਰ ਅਤੇ ਕਵਿਤਾ, ਦੋਹਾਂ ਰੂਪਾਂ ਵਿਚ ਹਾਜ਼ਰ ਹਨ।

*(ਮੁੱਖ ਸੰਪਾਦਕ)*

ਸਤਿਕਾਰਯੋਗ ਸੰਤ ਮਹਾਰਾਜ ਜੀਓ,

ਜਿਵੇਂ ਸੂਰਜ ਆਪਣੀ ਰੋਸ਼ਨੀ ਕਰਦਾ ਨਹੀਂ ਥਕਦਾ, ਫੁੱਲ ਆਪਣੀ ਮਹਿਕ ਲਗਾਤਾਰ ਖਿਲਾਰੀ ਜਾ ਰਹੇ ਹਨ। ਦਰਿਆ ਵੀ ਨਿਰੰਤਰ ਵਗ ਰਹੇ ਹਨ ਸੂਰਜ ਦੇ ਸਾਮ੍ਹਣੇ ਕੋਈ ਦੋਸਤ ਨਹੀਂ, ਕੋਈ ਦੁਸ਼ਮਣ ਨਹੀਂ। ਬਸ ਉਸ ਦਾ ਤਾਂ ਫਰਜ਼ ਹੈ ਹਨ੍ਹੇਰਾ ਦੂਰ ਕਰਨਾ। ਭਾਵੇਂ ਉਹ ਕਿਸੇ ਵੀ ਨੁਕਰ ਵਿਚ ਹੋਵੇ ਭਾਵੇਂ ਉਹ ਕਿਸੇ ਦੇ ਵੀ ਘਰ ਹੋਵੇ। ਸੂਰਜ ਨੂੰ ਇਸ ਗੱਲ ਨਾਲ ਮਤਲਬ ਨਹੀਂ ਹੈ। ਸੰਤਾਂ ਮਹਾਂਪੁਰਖਾਂ ਦਾ ਜੀਵਨ ਸੂਰਜ ਵਾਂਗ ਹੁੰਦਾ ਹੈ ਜੋ ਭੁੱਲੇ-ਭਟਕੇ ਲੋਕਾਂ ਨੂੰ ਸੱਚ ਦੀ ਰੋਸ਼ਨੀ ਦਿੰਦੇ ਹਨ। ਹਰ ਇਕ ਦੇ ਹਿਰਦੇ ਵਿਚ ਫੁੱਲਾਂ ਵਾਂਗੂੰ ਮਹਿਕ ਭਰ ਦਿੰਦੇ ਹਨ। ਚਾਰੇ ਪਾਸੇ ਹੀ ਸੁਗੰਧੀਆਂ ਵੰਡਦੇ ਹਨ। ਸੰਤਾਂ ਦਾ ਮਨ ਦਰਿਆ ਦੇ ਵਗਦੇ ਪਾਣੀ ਵਾਂਗ ਸਾਫ ਹੁੰਦਾ ਹੈ ਅਤੇ ਉਸ ਪਵਿੱਤਰ ਮਨ ਉਤੇ 'ਵਾਹਿਗੁਰੂ ਜੀ' ਦਾ ਨਾਮ ਉਕਰਿਆ ਹੁੰਦਾ ਹੈ। ਇਸ ਤਰ੍ਹਾਂ ਦੇ ਸੰਤਾਂ ਮਹਾਂਪੁਰਸ਼ਾਂ ਵਿਚ ਆਪ ਦਾ ਵੀ ਨਾਮ ਆਉਂਦਾ ਹੈ। ਸੰਤਾਂ ਨਾਲ ਲਗ ਕੇ ਪਾਪੀ ਵੀ ਤਰ ਜਾਂਦੇ ਹਨ। ਮਹਾਂਪੁਰਸ਼ੋ! ਇਸ ਗਰੀਬ ਤੇ ਵੀ ਸਵੱਲੀ ਨਜ਼ਰ ਬਖਸ਼ੋ। ਇਕ ਛੋਟੀ ਜਿਹੀ ਕਵਿਤਾ ਲਿਖਣ ਦਾ ਯਤਨ ਕੀਤਾ ਹੈ, ਜੋ ਆਪ ਜੀ ਨੂੰ ਭੇਜ ਰਿਹਾ ਹਾਂ। ਥੋੜ੍ਹੇ ਦਿਨ ਪਹਿਲਾਂ ਸ. ਮਹਿੰਦਰ ਸਿੰਘ ਗਿੱਲ ਜਰਮਨ ਆਏ ਸਨ। ਉਨ੍ਹਾਂ ਕੋਲੋਂ ਆਪ ਜੀ ਦੀ ਰਾਜ਼ੀ ਖੁਸ਼ੀ ਦਾ ਪਤਾ ਲੱਗਾ ਸੀ। ਵਾਹਿਗੁਰੂ ਜੀ ਅੱਗੇ ਅਰਦਾਸ ਹੈ ਕਿ ਸੱਚੇ ਪਾਤਸ਼ਾਹ ਬੀਜੀ ਅਤੇ ਸੰਤਾਂ ਦੀ ਸਿਹਤ ਦੀ ਤੰਦਰੁਸਤੀ ਬਖਸ਼ਣ। ਅਖੀਰ ਵਿਚ ਮੇਰੇ ਵਲੋਂ ਸਾਰੀ ਸਾਧਸੰਗਤ ਨੂੰ ਕੋਟ-ਕੋਟ ਵਾਰ ਪ੍ਰਣਾਮ।

**ਓਹੋ ਸੱਚੇ ਸੰਤ ਕਹਾਉਂਦੇ ਨੇ**

(ਸੰਤ ਵਰਿਆਮ ਸਿੰਘ ਜੀ ਨੂੰ ਸਮਰਪਿਤ)

ਭਟਕੇ ਲੋਕਾਂ ਨੂੰ ਜੋ ਸੱਚ ਦਾ ਰਾਹ ਦਿਖਾਉਂਦੇ ਨੇ।
ਦੁਨੀਆਂ ਉਤੇ ਓਹੋ ਸੱਚੇ ਸੰਤ ਕਹਾਉਂਦੇ ਨੇ।
ਸਰਬੱਤ ਦਾ ਜੋ ਨੇ ਭਲਾ ਮੰਗਦੇ।
ਉਹਦੇ ਰੰਗ ਵਿਚ ਤਨ ਮਨ ਰੰਗਦੇ।
ਝੂਠ ਤੋਂ ਜੋ ਨੇ ਪਰਦਾ ਲਾਹੁੰਦੇ।
ਹਮੇਸ਼ਾ ਸੱਚ ਦੇ ਰਾਹ ਤੇ ਪਾਉਂਦੇ।
ਡੁੱਬਦੇ ਬੇੜੇ ਨੂੰ 'ਓ' ਜਿਹੜੇ ਬੰਨ੍ਹੇ ਲਾਉਂਦੇ ਨੇ।
ਦੁਨੀਆਂ ਉਤੇ ਓਹੋ ਸੱਚੇ ਸੰਤ ਕਹਾਉਂਦੇ ਨੇ।
ਪ੍ਰਦੇਸਾਂ ਵਿਚ ਵਸਦੇ ਜਿਹੜੇ,
ਲਿਖੀਏ ਗੁਣ ਅਸੀਂ ਕਿਹੜੇ-ਕਿਹੜੇ।
'ਆਤਮ ਮਾਰਗ' ਸੁਗਾਤ ਇਲਾਹੀ।
ਬਣ ਜਾ ਬੰਦਿਆਂ ਇਸ ਦਾ ਰਾਹੀ।
ਕਮਾਈ ਕਰਕੇ ਬਾਣੀ ਦੀ, ਜੋ ਨਾਮ ਕਮਾਉਂਦੇ ਨੇ।
ਦੁਨੀਆਂ ਉਤੇ ਓਹੋ ਸੱਚੇ ਸੰਤ ਕਹਾਉਂਦੇ ਨੇ।
ਚਉਥੈ ਪਹਿਰ ਸਬਾਹ ਕੇ....ਜੋ ਸੰਤ ਨੇ ਲਿਖਦੇ,
ਨੇਮ ਉਹ ਦਸਦੇ ਸੱਚੇ ਸਿੱਖ ਦੇ।
ਅਗੰਮ ਅਗੋਚਰ ਦਾ ਮਾਰਗ ਜਿਹੜਾ,
ਪੜ੍ਹ ਕੇ ਦਿਲ ਵਿਚ ਆਵੇ ਖੇੜਾ।
ਆਪ ਨਾਲ ਮਿਲੇ ਹੁੰਦੇ ਰੱਬ ਦੇ,
ਦੂਜਿਆਂ ਨੂੰ ਮਿਲਾਉਂਦੇ ਨੇ।
ਦੁਨੀਆਂ ਉਤੇ ਓਹੋ ਸੱਚੇ ਸੰਤ ਕਹਾਉਂਦੇ ਨੇ।

***ਇਕਬਾਲ ਸਿੰਘ***

***Tiegel str 33, 45141 Essen, Germany***

***2. ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ॥***
***ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ॥ ਪੰਨਾ - 282***

ਪਰਮ ਪ੍ਰੀਤਵਾਨ, ਪੂਜਯ ਸਤਿਕਾਰਯੋਗ ਮੁਰਸ਼ਦੇ ਕਾਮਲ ਆਤਮਕ ਪਿਤਾ ਜੀ ਤੇ ਸਤਿਕਾਰ ਯੋਗ, ਹਸਮੁਖ, ਸਦਾ ਖਿੜੀ ਕਮਲ ਵਾਂਗ, ਸੰਸਾਰ ਤੋਂ ਅਲਿਪਤ ਰਹਿਣ ਵਾਲੀ ਗੁਰਮੁਖ ਮਾਤਾ ਜੀਉ ਜੀ। ਆਪ ਜੀ ਦੇ ਚਰਨਾਂ ਤੇ ਸੀਸ ਰੱਖ ਕੇ ਡੰਡਉਤ ਬੰਧਨ ਪੂਰਨ ਪ੍ਰੇਮ ਤੇ ਸ਼ਰਧਾ ਸਰੂਪ ਪ੍ਰਵਾਨ ਹੋਵੈ ਜੀ।

ਧੰਨ ਗੁਰੂ ਨਾਨਕ ਦੀ ਬਖਸ਼ਿਸ਼ ਤੇ ਰਹਿਮਤ ਸਦਕਾ ਇਹ ਐਸਾ ਆਤਮਕ ਪੱਧਰ ਤੇ ਮਿਲਾਪ ਹੋਇਆ ਹੈ ਕਿ ਤੁਹਾਡੇ ਨਵ ਜੰਮੇ ਆਤਮਕ ਬੱਚੇ ਪਾਸ ਕੋਈ ਅੱਖਰ ਨਹੀਂ ਕਿ ਦਸ ਸਕੇ। ਇਹ ਕਹਿਣੀ ਕਥਨੀ ਤੋਂ ਉਪਰ ਅਗੰਮ ਦੀ ਦੁਨੀਆਂ ਦੀਆਂ ਗੱਲਾਂ ਹਨ ਜੋ ਲਿਖਣ ਵਿਚ ਆ ਹੀ ਨਹੀਂ ਸਕਦੀਆਂ। ਕੇਵਲ

ਇੰਨਾਂ ਹੀ ਕਹਿਣਾ ਬਣ ਆਉਂਦਾ ਹੈ ਕਿ ਉਸ ਘੜੀ ਤੋਂ ਸਦਕੇ ਜਾਵਾਂ, ਵਾਰੀ-ਵਾਰੀ ਘੋਲ ਘੁਮਾਈ ਜਾਵਾਂ ਜਿਸ ਵੇਲੇ ਇਹ ਆਪ ਜੀ ਦਾ ਮਹਾਂਪੁਰਸ਼ਾਂ ਦਾ ਮਿਲਾਪ ਹੋਇਆ –

*ਪ੍ਰਭ ਕ੍ਰਿਪਾ ਤੇ ਸੰਤ ਪਾਏ*
*ਵਾਰਿ ਵਾਰਿ ਨਾਨਕ ਉਹ ਬੇਰੈ॥ ਪੰਨਾ - 1301*

*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*
*ਪੰਨਾ - 293*

ਮਹਾਂਪੁਰਸ਼ਾਂ ਦੇ ਆਤਮਕ ਉਪਦੇਸ਼ ਦੀ ਸੋਝੀ ਪੈਣੀ ਸ਼ੁਰੂ ਹੋ ਗਈ ਹੈ ਕਿ –

*ਪੂਰੇ ਗੁਰ ਕਾ ਸੁਨਿ ਉਪਦੇਸੁ॥*
*ਪਾਰਬ੍ਰਹਮੁ ਨਿਕਟਿ ਕਰਿ ਪੇਖੁ॥ ਪੰਨਾ - 295*

*ਚਿਤਿ ਚਿਤਵਹੁ ਨਾਰਾਇਣ ਏਕ॥*
*ਏਕ ਰੂਪ ਜਾ ਕੇ ਰੰਗ ਅਨੇਕ॥ ਪੰਨਾ - 295*

ਇਸੇ ਲਈ ਹਿਰਦਾ ਪੁਕਾਰ-ਪੁਕਾਰ ਕੇ ਕਹਿ ਰਿਹਾ ਹੈ ਕਿ–

*ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ॥*
*ਪੰਨਾ - 671*

ਇਹ ਕਿਸੇ ਆਧਾਰ ਤੇ ਦਾਸ ਕਹਿ ਰਿਹਾ ਹੈ ਕਿ ਜਦੋਂ ਵੀ ਆਪ ਜੀ ਨਾਲ ਆਤਮਕ ਗੱਲਾਂ ਕਰਨੀਆਂ ਹੁੰਦੀਆਂ ਹਨ ਤੇ ਸਤਿਗੁਰੂ ਜੀ ਦੀ ਚਰਨ ਸ਼ਰਨ ਬੈਠ ਕੇ ਇਕ ਮਨ, ਇਕ ਚਿਤ, ਕਿਸੇ ਵਲਵਲੇ ਦੇ ਦੇਸ਼ ਰੂਹ ਚਲੀ ਜਾਂਦੀ ਹੈ ਤੇ ਜੋ ਆਤਮਕ ਹਲੂਣੇ ਸਤਿਗੁਰ ਜੀ ਦੀ ਕ੍ਰਿਪਾ ਦ੍ਰਿਸ਼ਟੀ ਰਾਹੀਂ ਮਿਲਦੇ ਹਨ, ਅੰਦਰ ਫੁਰਦੇ ਹਨ, ਉਹ ਆਤਮਕ ਪੱਤਰਾਂ ਰਾਹੀਂ ਪ੍ਰਗਟ ਹੁੰਦੇ ਹਨ ਅਤੇ ਹੋਰ ਅਚੰਭੇ ਦੀ ਗੱਲ ਜੋ ਵਰਤ ਰਹੀ ਹੈ ਕਿ ਜਦੋਂ ਵਲਵਲੇ ਦੇ ਦੇਸ਼ ਵਿਚ ਟੁੱਭੀਆਂ ਮਾਰ ਕੇ, ਚਿੱਠੀ ਲਿਖ ਕੇ ਸਾਧ ਸੰਗਤ ਵਿਚ ਜਾਈਦਾ ਹੈ ਤਾਂ ਅੱਗੇ ਓਹੀ ਵਿਸ਼ਾ ਗੁਰਬਾਣੀ ਕੀਰਤਨ ਰਾਹੀਂ ਚਲ ਰਿਹਾ ਹੁੰਦਾ ਹੈ, ਮਨ ਚਿਤ ਨੂੰ ਹੁਲਾਸ ਤੇ ਖੇੜਾ ਹੋਰ ਵਧ ਜਾਂਦਾ ਹੈ ਕਿ ਸਤਿਗੁਰੂ ਜੀ ਪ੍ਰਤੱਖ ਮੋਹਰ ਲਾ ਰਹੇ ਹੁੰਦੇ ਹਨ। ਕੋਸ਼ਿਸ਼ ਤੇ ਬਹੁਤ ਕਰ ਰਿਹਾ ਹਾਂ ਕਿ ਇਹ ਸਭ ਬਖਸ਼ਿਸ਼ ਤੇ ਖੇੜੇ ਘੁੱਟ ਕੇ ਗੰਢ ਮਾਰ ਲਵਾਂ ਪਰ ਕੀ ਕਰਾਂ ਤੁਹਾਡੇ ਇਲਾਹੀ ਪਿਆਰ ਨੂੰ ਜਿੰਨਾਂ ਮਰਜ਼ੀ ਲਕੋਵਾਂ, ਕੁਝ ਨਾ ਕੁਝ ਇਲਾਹੀ ਚਸ਼ਮੇ ਦੀ ਤਰ੍ਹਾਂ ਫੁੱਟ-ਫੁੱਟ ਕੇ ਬਾਹਰ ਆਉਂਦਾ ਹੈ। ਸਤਿਗੁਰੂ ਜੀ ਮਿਹਰ ਕਰਨ ਆਪਣੀ ਬਖਸ਼ਸ਼ ਦੀ ਜਰਨ ਸ਼ਕਤੀ ਵੀ ਦੇਣ ਤਾਂ ਜੋ ਪੂਰੀ ਤਰ੍ਹਾਂ ਜਰ ਜਾਵਾਂ ਪਰ ਝੱਟ ਹੀ ਦੂਜੀ ਝਰਨ੍ਹਾਹਟ ਵਜ ਜਾਂਦੀ ਹੈ ਕਿ ਸਭ ਕੁਝ ਆਪੇ ਆਪ ਹੈ। ਹੇ ਮਨਾਂ! ਤੂੰ ਉਸ ਨੂੰ ਲਕੋ, ਜੋ ਤੇਰੀ ਘਾਲ ਹੋਵੇ ਇਹ ਤਾਂ ਉਸ ਸਾਂਈ ਦੀ ਬਖਸ਼ਿਸ਼ ਮੇਹਰ ਹੈ ਜੋ ਜ਼ਰੇ-ਜ਼ਰੇ ਵਿਚ ਰਵ ਰਿਹਾ, ਭਰਪੂਰ ਅਗੰਮ ਅਗੋਚਰ ਵੀ ਹੈ, ਗਹਿਰ ਗੰਭੀਰ ਵੀ ਹੈ, ਸਮੁੰਦ ਸਾਹ ਸੁਲਤਾਨ ਵੀ ਹੈ, ਜਾਹਿਰਾ ਜਹੂਰ ਹਜ਼ੂਰ ਵੀ ਹੈ, ਜੋਤ ਸਰੂਪ ਜੋ ਹੋਇਆ ਇਸ ਲਈ ਝਲਕਾ ਮਾਰਦਾ ਹੈ। 'ਗੁਰਸ਼ਬਦੀ ਗੋਬਿੰਦ ਗਜਿਆ' ਉਸ ਨੂੰ ਤੂੰ ਕਿਵੇਂ ਠਲ੍ਹ ਪਾ ਸਕਦਾ ਹੈ, ਤੂੰ ਤਾਂ ਨਿੱਕਾ ਜਿਹਾ ਨਵ ਜੰਮਿਆ ਕੀਟ ਹੈਂ, ਪਾਂਧੀ ਹੈਂ।

*ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ॥*
*ਪੰਨਾ - 811*

*ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ॥*
*ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ॥*
*ਪੰਨਾ - 811*

ਹੁਣ ਤਾਂ ਕੇਵਲ ਇਹੀ ਬਣ ਆਉਂਦਾ ਹੈ ਕਿ ਸ਼ੁਕਰ-ਸ਼ੁਕਰ ਹੀ ਕਰਦਾ ਰਹਾਂ। ਪਰਮ ਜੋਤ ਪਾਰਬ੍ਰਹਮ ਪ੍ਰਮੇਸ਼ਰ ਦੇ ਚਰਨਾਂ ਵਿਚ ਜੋਦੜੀ ਕਰਦਾ ਰਹਾਂ ਅਤੇ ਧੰਨ-ਧੰਨ ਹੀ ਉਚਰਦਾ ਰਹਾਂ, ਧੰਨ ਗੁਰੂ ਨਾਨਕ ਤੇ ਧੰਨ ਗੁਰੂ ਨਾਨਕ ਦੀ ਰਹਿਮਤਾਂ ਦੇ ਪਾਤਰ, ਬਖਸ਼ੇ ਹੋਏ, ਤੱਤ ਜੋਗ ਕੇ ਬੇਤੇ ਜੀਉ, ਧੰਨ ਗੁਰੂ ਤੇ ਧੰਨ ਤੁਹਾਡੀ ਜਨਮਾਂ-ਜਨਮਾਂ ਦੀ ਕਮਾਈ ਜੋ ਹੁਣ ਪ੍ਰਗਟ ਹੋ ਰਹੀ ਹੈ। ਇਸ ਵੇਲੇ ਸਾਰੀ ਦੁਨੀਆਂ ਵਿਚ ਘੋਰ ਅੰਧੇਰਾ ਹੀ ਅੰਧੇਰਾ ਵਰਤ ਰਿਹਾ ਹੈ ਤੇ ਦਿਨ-ਬ-ਦਿਨ ਵਧਦਾ ਹੀ ਜਾ ਰਿਹਾ ਹੈ ਕਿਉਂਕਿ ਕਲਜੁਗ ਆਪਣੇ ਜ਼ੋਰ ਸ਼ੋਰ ਨਾਲ ਵਰਤ ਰਿਹਾ ਹੈ। ਸਾਰੀ ਦੁਨੀਆਂ ਕਰਮਾਂ ਧਰਮਾਂ ਵਿਚ ਪਈ ਹੋਈ ਹੈ, ਤ੍ਰੈ ਗੁਣਾਂ ਤੋਂ ਉਪਰ ਕੋਈ ਕੋਈ ਟਾਵਾਂ-ਟਾਵਾਂ ਕਿਤੇ-ਕਿਤੇ ਜਗਮਗਾ ਰਿਹਾ, ਟਿੰਮ ਟਿਮਾ ਰਿਹਾ ਹੈ, ਚੌਥੇ ਪਦ ਦੀ ਕਿਸੇ ਵਿਰਲੇ ਨੂੰ ਹੀ ਸੋਝੀ ਹੈ। ਧੰਨ ਹੋ ਤੁਸੀਂ ਜੋ ਬ੍ਰਹਮਗਿਆਨ, ਆਤਮ ਗਿਆਨ ਦੇ ਝਰਨੇ ਫੁੱਟੇ ਹੋਏ ਹੋ ਪਰ ਵਿਰਲੇ ਨੂੰ ਗੁਰੂ ਸੋਝੀ ਬਖਸ਼ਦਾ ਹੈ ਜੋ ਅੰਮ੍ਰਿਤ ਰਸ ਇਨ੍ਹਾਂ ਝਰਨਿਆਂ ਵਿਚੋਂ ਪੀ ਰਿਹਾ ਹੈ।

**ਅਰਜੋਈ**

ਸੁਣੋ ਬੰਦਨਾ ਪਾਰਬ੍ਰਹਮ
ਅਗੰਮ ਅਗੋਚਰ ਗੋਸਾਂਈ ਜੀਉ,
ਐਸੀ ਦਇਆ ਕਰੋ ਮੇਰੇ ਸਾਂਈ
ਸੰਤਹ ਚਰਨ ਸ਼ਰਣ ਪਰੋਉ,
ਹੰਗਤਾ ਹਰੋਓਂ, ਉਦਮ ਕਰੋਉਂ ਦਿਨ ਰਾਤ ਜੀਉ,
ਅੰਮ੍ਰਿਤ ਬਚਨ ਸੁਣਉਂ ਬਾਂਛੋਉ ਸੰਤਹ ਧੂਰਿ ਜੀਉ।

*'ਆਤਮ ਪਾਂਧੀ'*

ਜਿਉਂ ਤੂੰ ਚਲਾਵੈ, ਤਿਵੈ ਚਲੀਐ ਪਿਆਰੇ।
ਹੋਰ ਕਿਹਾ ਚਤੁਰਾਈ ਤੇਰੀ ਕੀਮਤ ਕਹੀ ਨ ਜਾਏ।
ਚਰਨ ਬੰਦਨਾ, ਅਮੋਲ ਦਾਸਰੋ,

*ਤੁਹਾਡਾ ਆਤਮਕ ਜਾਇਆ*
*'ਕੀਟ'*
*ਡਾ. ਇੰਦਰਜੀਤ ਸਿੰਘ*
*ਗੁਰੂ ਨਿਵਾਸ 2/211 ਸੁਭਾਸ਼ ਨਗਰ*
*ਨਵੀਂ ਦਿੱਲੀ, 110027*

For more information
please visit us on internet at :-
http://www.atammarg.org
&
http://www.atammarg.com

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 53)*

ਸਾਰੇ ਕਰਮ ਧਰਮ ਜਪ, ਤਪ, ਨਾਮ ਸਾਧਨਾ ਇਕ ਨੁਕਤੇ ਉਤੇ ਕੇਂਦਰਤ ਹੋਇਆ ਕਰਦੇ ਹਨ ਉਹ ਇਹ ਹੈ ਕਿ ਜੁਗਾਂ-ਜੁਗਾਤਰਾਂ ਤੋਂ ਪਈ ਹੋਈ ਦ੍ਵੈਤ ਦਾ ਪੂਰਨ ਰੂਪ ਵਿਚ ਅਭਾਵ ਹੋ ਕੇ ਇਥੇ ਕੇਵਲ ਇਕ ਪ੍ਰਭੂ ਹੀ ਆਪਣੇ ਕੌਤਕ ਆਪ ਕਰਦਾ ਅਨੁਭਵ ਹੋਵੇ। ਇਹ ਅਵਸਥਾਵਾਂ ਬ੍ਰਹਮ ਬੇਤਿਆਂ ਨੂੰ ਪ੍ਰਾਪਤ ਹੋਇਆ ਕਰਦੀਆਂ ਹਨ। ਇਸੇ ਅਵਸਥਾ ਦੇ ਮਾਲਕ ਨੂੰ 'ਸੰਤ' ਆਖਿਆ ਜਾਂਦਾ ਹੈ। ਉਹ ਆਪਣੇ ਸਰੂਪ ਨੂੰ ਕਦੇ ਵੀ ਨਹੀਂ ਭੁਲਦਾ ਅਤੇ ਸੰਤ ਦੀ ਪਦਵੀ ਉਸ ਸਰੀਰ ਵਿਚ ਪ੍ਰਗਟ ਹੋ ਕੇ ਸੰਤ ਕਹਾਉਂਦੀ ਹੈ -

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਪੰਨਾ-319***

ਸੰਖੇਪ ਵਿਚ ਇਸ ਸਾਰੇ ਉਪਦੇਸ਼ ਨੂੰ ਮਹਾਂਪੁਰਸ਼ਾਂ ਨੇ ਦਰਸਾਉਂਦਿਆਂ ਹੋਇਆਂ ਫੁਰਮਾਇਆ ਕਿ ਪਹਿਲੀ ਮਾਇਆ ਜੜ੍ਹ ਹੈ ਜਿਸ ਵਿਚ ਧਨ-ਧਾਮ, ਜ਼ਮੀਨ-ਜਾਇਦਾਦ, ਜੜ੍ਹ ਚੀਜ਼ਾਂ ਨਾਲ ਜੁੜਿਆ ਸਬੰਧ ਆ ਜਾਂਦਾ ਹੈ। ਇਹ ਮਾਇਆ ਦੀ ਬਹੁਤ ਹੀ ਹਨ੍ਹੇਰੀ ਅਵਸਥਾ ਹੈ। ਦੂਸਰੀ ਮਾਇਆ, ਚੇਤਨ ਹੈ ਜਿਸ ਵਿਚ ਇਸਤ੍ਰੀ ਪੁਤਰ, ਪਰਿਵਾਰ ਦੇ ਮੋਹ ਅਤੇ ਪਰਾਈਆਂ ਇਸਤ੍ਰੀਆਂ ਦੇ ਭੋਗ ਆਦਿ ਆ ਜਾਂਦੇ ਹਨ। ਇਸ ਵਿਚ ਜੀਵ ਆਪਣੀ ਹਉਮੈ ਨੂੰ ਪੱਠੇ ਪਾਉਂਦਾ ਹੈ ਅਤੇ ਸੰਸਾਰਕ ਪ੍ਰਾਪਤੀਆਂ ਪ੍ਰਾਪਤ ਕਰਕੇ ਬਹੁਤ ਫੁਲਦਾ ਹੈ। ਇਸ ਅਵਸਥਾ ਵਿਚ ਆਪਣੇ ਸਰੂਪ ਦਾ ਕਿੰਚਤ ਮਾਤਰ ਵੀ ਗਿਆਨ ਪੈਦਾ ਨਹੀਂ ਹੋਇਆ ਕਰਦਾ। ਤੀਸਰੀ ਅਵਸਥਾ ਵਿਚ ਇਸ ਜੀਵ ਦੀਆਂ ਮਾਨਸਿਕ ਸ਼ਕਤੀਆਂ ਦਾ ਪ੍ਰਗਟਾਵਾ ਹੈ ਜਿਨ੍ਹਾਂ ਵਿਚ ਰਿਧੀਆਂ-ਸਿਧੀਆਂ ਬੁਧੀ ਦੇ ਕਰਿਸ਼ਮੇ ਵਿਦਿਆ ਆਦਿ ਆ ਜਾਇਆ ਕਰਦੇ ਹਨ। ਚੌਥੀ ਮਾਇਆ ਉਹ ਹੈ ਜਿਸ ਕਰਕੇ ਇਹ ਪ੍ਰਭੂ ਆਪ ਹੀ ਅਨੇਕ ਰੂਪਾਂ ਵਿਚ ਇਕ ਹੁੰਦਾ ਹੋਇਆ ਵਖਰਾ-ਵਖਰਾ ਨਦਰੀ ਆਉਂਦਾ ਹੈ। ਪੂਰਨ ਗਿਆਨ ਵਿਚ ਸਤਿ ਅਨੁਭਵ ਪ੍ਰਾਪਤ ਕਰਕੇ ਸਰੀਰਕ ਮਤ ਜਾਣ ਜਾਂਦੀ ਹੈ ਕਿ ਪ੍ਰਭੂ ਆਪਣੀ ਖੇਲ੍ਹ ਖੇਲਦਾ ਜੀਵਾਂ ਨੂੰ ਮਾਇਆ ਦੇ ਅਸਰ ਵਿਚ ਰੱਖ ਕੇ ਆਪਣੇ ਤੋਂ ਵੱਖਰੇ ਅਨੁਭਵ ਕਰਾਉਂਦਾ ਹੈ। ਵੈਰਾਟ ਰੂਪ ਵਿਚ (ਸਮਸੱਤ) ਉਹ ਆਪੇ ਹੀ ਆਪ ਹੈ, ਪਰ ਵਿਅਸ਼ਟ (ਅੱਡ-ਅੱਡ) ਉਹ ਵੱਖੋ-ਵਖਰਾ ਨਜ਼ਰ ਆਉਂਦਾ ਹੈ। ਇਹੀ ਮਾਇਆ ਦੇ ਵਸ ਵਿਚ ਪਿਆ ਹੋਇਆ ਜੀਵ ਅਰਬਾਂ-ਖਰਬਾਂ ਸਾਲਾਂ ਤੋਂ ਕਰਮਾਂ ਦਾ ਬੰਨਿਆ ਹੋਇਆ ਜੰਮਦਾ ਤੇ ਮਰਦਾ ਹੈ। ਜਦੋਂ ਤਕ ਇਸ ਦੀ ਹਉਮੈ ਦਾ ਅਭਾਵ ਨਾ ਹੋ ਜਾਵੇ ਉਸ ਸਮੇਂ ਤਕ ਇਸ ਦਾ ਵਖਰਾਪੁਣ ਦੂਰ ਨਹੀਂ ਹੋਇਆ ਕਰਦਾ ਹੈ। ਪੂਰੇ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਇਸਦੇ ਅੰਦਰ ਨਾਮ ਪ੍ਰਾਪਤੀ ਦੀ ਰੁਚੀ ਪੈਦਾ ਕਰਦੀ ਹੈ ਅਤੇ ਇਹ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੇ ਕਰਮਾਂ ਰਾਹੀਂ ਨਾਮ ਰਸ, ਨਾਮ ਰੰਗ ਮਾਣਦਾ ਹੋਇਆ ਤੱਤ ਬੇਤੇ ਮਹਾਂਪੁਰਸ਼ਾਂ ਉਪਰ ਪੂਰੀ ਸ਼ਰਧਾ ਲਿਆ ਕੇ ਇਸ ਮਾਇਆ ਦੇ ਹਨ੍ਹੇਰੇ ਵਿਚੋਂ ਨਿਕਲ ਜਾਇਆ ਕਰਦਾ ਹੈ। ਦੁਨੀਆਂ ਵਿਚ ਸਾਰੇ ਮਾਇਆਵੀ ਜੀਵ ਮਾਇਆ ਦੇ ਅਸਰ ਹੇਠ ਆਪਣੇ ਆਪ ਨੂੰ ਅਨੇਕ ਸੰਪਰਦਾਵਾਂ ਦੇ ਅਨੁਆਈ ਮੰਨਦੇ ਹੋਏ ਮੂੰਹੋਂ ਅਰਲ-ਬਰਲ ਬੋਲ ਕੇ ਆਗਿਆਨਮਈ ਭਾਵਨਾ ਦਾ ਪ੍ਰਗਟਾਵਾ ਕਰਦੇ ਹੋਏ ਆਪ ਵੀ ਫਸੇ ਰਹਿੰਦੇ ਹਨ ਅਤੇ ਦੂਸਰਿਆਂ ਨੂੰ ਨਿਕਲਣ ਨਹੀਂ ਦਿਆ ਕਰਦੇ। ਸੰਤ ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਸਾਰੇ ਇਸ ਲੰਮੇ ਸਾਧਨ ਵਿਚ ਜਿਸ ਦਾ ਸਮਾਂ ਤਿੰਨ ਸਾਲ ਮਿਥਿਆ ਗਿਆ ਸੀ ਅਤੇ ਫੇਰ ਤਿੰਨ ਸਾਲ ਹੋਰ ਵਧਾ ਦਿਤਾ ਗਿਆ ਸੀ, ਵਿਚ ਸ਼ਾਮਲ ਹੋ ਰਹੇ ਹੋਂ ਅਤੇ ਰਿਧੀਆਂ ਸਿੱਧੀਆਂ ਰੂਪੀ ਮਾਇਆ ਤੋਂ ਬਚ ਕੇ ਚੇਤਨ ਮਾਇਆ ਤੋਂ ਸੰਕੋਚ ਰੱਖ ਕੇ ਅਗਿਆਨ ਦੇ ਛੌੜ ਕੱਟਣੇ ਹਨ, ਇਹ ਨਿਸ਼ਾਨਾ ਲੈ ਕੇ ਤੁਸੀਂ ਸਾਧਨ ਸੰਪੰਨ ਹੋਵੋ ਅਤੇ ਆਪਣਾ ਜੀਵਨ ਸਫਲ ਕਰੋ। ਸੰਤ ਮਹਾਰਾਜ ਜੀ ਇਸੇ ਸਮੇਂ ਦਾ ਜ਼ਿਕਰ ਕਰਦੇ ਹੋਏ ਇਕ ਵਾਰੀ ਮੈਨੂੰ ਦਸਦੇ ਸਨ ਕਿ ਅਸੀਂ ਇਸ ਸਾਧਨਾ ਸਮੇਂ ਮਹਾਂਪੁਰਸ਼ਾਂ ਨੂੰ ਮਿਲਣ ਉਪਰੰਤ ਨੌਂ ਸਾਲ ਧਰਤੀ ਉਪਰ ਪਿੱਠ ਨਹੀਂ ਲਾਈ ਸੀ, ਹੈਰਾਨੀ ਹੁੰਦੀ ਹੈ ਕਿ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਓਹ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓਹ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ -***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***
***ਭਾਈ ਵੀਰ ਸਿੰਘ ਜੀ***

ਇਹ ਕਹਾਣੀਆਂ ਹਨ ਜਿਨ੍ਹਾਂ ਨੂੰ ਅਸੀਂ light houses (ਰੋਸ਼ਨ ਮੁਨਾਰੇ) ਆਖ ਸਕਦੇ ਹਾਂ ਅਤੇ ਜੋ ਸੰਸਾਰ ਨੂੰ ਪਾਣੀ ਵਿਚ ਡੁਬੀਆਂ ਹੋਈਆਂ ਪਥਰੀਲੀ ਪਹਾੜੀਆਂ (rocks) ਤੋਂ ਬਚਾ ਕੇ ਲੰਘਣ ਲਈ ਸੁਰਖਸ਼ਿਤ ਰਸਤਾ ਮਾਰਗ ਦਰਸ਼ਨ ਕਰਦੇ ਹਨ। ਆਪ ਹੀ ਸੋਚੋ ਅਜਿਹੇ ਮਹਾਂਪੁਰਸ਼ਾਂ ਦੀ ਨਿੰਦਿਆਂ ਕਰਕੇ ਸਚਮੁਚ ਉਹ ਗਤੀ ਨਹੀਂ ਮਿਲੇਗੀ ਜੋ ਗੁਰੂ ਮਹਾਰਾਜ ਜੀ ਨੇ ਸੁਖਮਨੀ ਸਾਹਿਬ ਦੀ ਤੇਰ੍ਹਵੀਂ ਅਸਟਪਦੀ ਵਿਚ ਵਰਣਨ ਕੀਤੀ ਹੈ।

ਇਸ ਤਰ੍ਹਾਂ ਦੇ ਬਚਨ ਮਹਾਂਪੁਰਸ਼ਾਂ ਨੇ ਉਨ੍ਹਾਂ 18 ਮੋਨੀਆਂ ਪ੍ਰਤੀ ਸਮੇਂ-ਸਮੇਂ ਸਿਰ ਕੀਤੇ ਅਤੇ ਆਗਿਆ ਕੀਤੀ ਕਿ ਮਾਇਕ ਸਰੂਪ ਵਿਚੋਂ ਉਠ ਕੇ ਆਪਣੇ ਆਤਮ ਸਰੂਪ ਦੀ ਪਹਿਚਾਣ ਆਤਮ ਚਿੰਤਨ ਰਾਹੀਂ ਕਰੋ। ਇਹ ਭਜਨ ਦੀ ਆਖਰੀ ਅਵਸਥਾ ਹੈ ਜਿਥੇ ਜਾ ਕੇ ਦੋ ਤੋਂ ਇਕ ਹੋ ਜਾਇਆ ਕਰਦਾ ਹੈ। ਜਦੋਂ ਤਕ ਜੀਵ ਦਾ ਮੈਂ ਭਾਵ ਵਖਰਾ ਰਹਿੰਦਾ ਹੈ ਉਸ ਸਮੇਂ ਤਕ ਦੁਖ ਦੀ ਨਵਿਰਤੀ ਨਹੀਂ ਹੁੰਦੀ ਕਿਉਂਕਿ ਇਹ ਦ੍ਵੰਦ ਵਿਚ ਫਸਿਆ ਹੋਇਆ ਹੈ। ਜੀਵ ਦੇ ਵਸ ਦੀ ਗੱਲ ਵੀ ਨਹੀਂ ਹੈ ਕਿਉਂਕਿ ਇਹ ਅਧਿਕਾਰ ਰੂਪੀ ਚਾਬੀ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਦਿਤੀ ਹੋਈ ਹੈ -

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥***
***ਪੰਨਾ - 624***

ਉਹ ਕੂੜ ਦੀ ਕੰਧ ਤੋੜ ਦਿੰਦੇ ਹਨ ਅਤੇ ਜੀਵ ਨੂੰ

ਉਸ ਦੇ ਅਸਲੀ ਪ੍ਰਮਾਤਮ ਸਰੂਪ ਵਿਚ ਮਿਥਿਆ ਦ੍ਰਿਸ਼ਟੀ ਖਤਮ ਕਰਾ ਕੇ ਅਨੁਭਵ ਕਰਾ ਦਿੰਦੇ ਹਨ। ਇਹ ਜੀਵ ਦੇ ਆਪਣੇ ਵਸ ਦੀ ਗੱਲ ਨਹੀਂ ਹੈ। ਇਹ ਨਦਰ ਦੀ ਗੱਲ ਹੈ ਜਿਸ ਬਾਰੇ ਫੁਰਮਾਨ ਕੀਤਾ ਹੈ –

***ਨਾਨਕ ਨਦਰੀ ਨਦਰਿ ਨਿਹਾਲ॥ ਪੰਨਾ - 8***

ਨਦਰ ਦਾ ਕਰਿਸ਼ਮਾ ਪ੍ਰਭੂ ਦਇਆ ਕਰਕੇ ਵਰਤਦਾ ਹੈ ਅਤੇ ਜੀਵ ਭਾਵ ਸੰਪੂਰਨ ਰੂਪ ਵਿਚ ਖਤਮ ਕਰਕੇ ਪ੍ਰਭੂ ਉਸ ਨੂੰ ਆਪਣਾ ਹੀ ਰੂਪ ਬਣਾ ਲੈਂਦਾ ਹੈ ਜੋ ਤੱਤ ਅਵਸਥਾ ਹੈ। ਸਤਿ ਉਤੇ ਅਧਾਰਿਤ ਹੈ ਇਸ ਵਿਚ ਕਿੰਚਤ ਮਾਤਰ ਵੀ ਭਰਮ ਦੀ ਗੁੰਜਾਇਸ਼ ਨਹੀਂ ਹੈ। ਸੋ ਅਨੇਕਾਂ ਅਲੰਕਾਰਾਂ ਨਾਲ ਮਹਾਂਪੁਰਸ਼ ਸੰਸਾਰ ਨੂੰ ਸਮਝਾਉਂਦੇ ਹਨ ਜਿਨ੍ਹਾਂ ਦੀ ਸੰਗਤ ਕਰਕੇ ਅਨੇਕਾਂ ਦੇ ਗਿਆਨ ਚਕਸ਼ੂ ਖੁਲ੍ਹ ਜਾਇਆ ਕਰਦੇ ਹਨ। ਹੱਠ ਕਰਨ ਨਾਲ ਕੁਝ ਵੀ ਨਹੀਂ ਬਣਦਾ, ਕੇਵਲ ਜਿੱਦ ਦਾ ਹਨ੍ਹੇਰਾ ਹੀ ਪੱਲੇ ਪੈਂਦਾ ਹੈ। ਸੰਸਾਰ ਤੋਂ ਸਮਾਂ ਵਿਅਰਥ ਗੁਆ ਕੇ ਅਗਲੇ ਜਨਮ ਵਿਚ ਭਟਕਣ ਲਈ ਚਲਿਆ ਜਾਂਦਾ ਹੈ। ਕੂੜ ਦੀ ਕੰਧ ਨਹੀਂ ਟੁਟਦੀ ਜਦੋਂ ਤਕ ਤਤ ਬੇਤੇ ਮਹਾਂਪੁਰਸ਼ ਜਿਨ੍ਹਾਂ ਬਾਰੇ ਫੁਰਮਾਨ ਕੀਤਾ ਹੈ –

***ਜਿਨਾ ਨਾ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397***

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***ਸਰਬ ਲੋਹ ਗ੍ਰੰਥ 'ਚੋਂ***

ਦੀ ਕ੍ਰਿਪਾ ਨਹੀਂ ਹੁੰਦੀ। ਐਸੇ ਬਚਨ ਸੁਣ ਕੇ ਇਨ੍ਹਾਂ ਮੋਨੀਆਂ ਦੇ ਅਤੇ ਅਨੇਕਾਂ ਸਾਡੇ ਵਰਗੇ ਭੁਲੜਾਂ ਦੇ ਬਜਰ ਕਪਾਟ ਖੁਲ੍ਹਦੇ ਹਨ ਅਤੇ ਪਰੀਪੂਰਨ ਸ਼ਬਦ ਦੀ ਸੋਝੀ ਆਉਂਦੀ ਹੈ ਅਤੇ ਆਪਣੇ ਸਰੂਪ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਹ ਮਹਾਂਪੁਰਸ਼ਾਂ ਦੀ ਬੜੀ ਭਾਰੀ ਦਇਆ ਸੀ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਪ੍ਰਤੀਕ ਬਣਾ ਕੇ ਅਸਾਡੇ ਲਈ ਵੀ ਓਹੀ ਉਪਦੇਸ਼ ਨਿਰਵਿਵਾਦ ਪ੍ਰਗਟ ਕਰ ਦਿਤਾ ਹੈ। ਹੁਣ ਜੇ ਉਲੂਵੱਤ ਹਨ੍ਹੇਰੇ ਨੂੰ ਚਾਨਣ ਅਤੇ ਚਾਨਣ ਨੂੰ ਹਨ੍ਹੇਰਾ ਕਹਿ ਕੇ ਆਪਣਾ ਜੀਵਨ ਗੁਜ਼ਾਰੀਏ ਤਾਂ ਇਹ ਅਸਾਡੇ ਅਭਾਗ ਹਨ। ਇਸ ਸਮੇਂ ਵਿਚ ਬਹੁਤ ਕੁਝ ਵਾਪਰਿਆ, ਬਹੁਤ ਉਚ ਕੋਟੀ ਦੇ ਮਹਾਤਮਾ, ਮਹਾਂਪੁਰਸ਼ਾਂ ਨੂੰ ਮਿਲਣ ਲਈ ਆਉਂਦੇ ਰਹੇ। ਖਾਸ ਕਰਕੇ ਸੰਤ ਬਾਬਾ ਜਵਾਲਾ ਸਿੰਘ ਜੀ, 9 ਮਾਘ ਦੇ ਦੀਵਾਨਾਂ ਸਮੇਂ ਹਰ ਸਾਲ ਰੇਰੂ ਸਾਹਿਬ ਆਇਆ ਕਰਦੇ ਸਨ। ਉਥੋਂ ਆਪ ਜੀ ਰਾੜਾ ਸਾਹਿਬ ਹੋ ਕੇ ਵਾਪਸ ਪਰਤਿਆ ਕਰਦੇ ਸਨ ਅਤੇ ਮਹਾਂਪੁਰਸ਼ਾਂ ਦੇ ਨਾਲ ਲੰਮੀ ਵਿਚਾਰ ਵੀ ਕਰਿਆ ਕਰਦੇ ਸਨ ਕਿਉਂਕਿ ਅਵਸਥਾ ਦਾ ਸਬੰਧ ਸਰੀਰਕ ਆਯੂ ਨਾਲ ਨਹੀਂ ਹੋਇਆ ਕਰਦਾ। ਇਹ ਤਾਂ ਤੱਤ ਦੀ ਪਛਾਣ ਹੁੰਦੀ ਹੈ ਅਤੇ ਉਪਰੰਤ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਸੋ ਇਹ ਤਪਸਿਆ ਕਾਲ ਇਕ ਬਹੁਤ ਹੀ ਪ੍ਰਭਾਵਸ਼ਾਲੀ ਸਮਾਂ ਸੀ ਜਿਸ ਨੇ ਅਨੇਕ ਜੀਵਾਂ ਨੂੰ ਲਗਨ ਲਾਈ ਅਤੇ ਉਹ ਆਪਣੀ-ਆਪਣੀ ਥਾਂ ਉਪਰ ਮਹਾਂਪੁਰਸ਼ਾਂ ਤੋਂ ਸਿਖਿਆ ਪ੍ਰਾਪਤ ਕਰਕੇ ਭਜਨ ਬੰਦਗੀ ਵਿਚ ਉਤਸ਼ਾਹ ਪੂਰਵਕ ਲੀਨ ਹੁੰਦੇ ਸਨ। ਉਹ ਸਮਾਂ ਹੀ ਐਸਾ ਸੀ ਜੋ ਕਹਿ ਨਹੀਂ ਸਕਦੇ ਕਿ ਕਦੋਂ ਕਿਸੇ ਨੂੰ ਮੁੜ ਕੇ ਪ੍ਰਾਪਤ ਹੋਵੇ ਪਰ ਜਿਨ੍ਹਾਂ ਦੀ ਸੁਰਤ ਚੜ੍ਹ ਗਈ ਹੈ ਉਨ੍ਹਾਂ ਦੇ ਭੂਤ, ਭਵਿੱਖਤ, ਵਰਤਮਾਨ ਦੇ ਵਿਤਕਰੇ ਮਿਟ ਗਏ ਹਨ। ਉਹ ਸਦਾ 'ਹੈ' ਦੀ ਅਵਸਥਾ ਵਿਚ ਰਹਿੰਦੇ ਹਨ। ਤੱਤ ਸਰੂਪ ਦੀ ਅਵਸਥਾ ਵਿਚ ਰਹਿੰਦੇ ਸੰਸਾਰ ਨੂੰ ਆਪਣੇ ਸਰੂਪ ਦਾ ਪ੍ਰਕਾਸ਼ ਦਿੰਦੇ ਹਨ ਅਤੇ ਮਨ ਦੀਆਂ ਹਨ੍ਹੇਰੀਆਂ ਨੁਕਰਾਂ ਵਿਚੋਂ ਅੰਧਕਾਰ ਦੂਰ ਕਰਕੇ ਪੂਰਨ ਪ੍ਰਕਾਸ਼ ਵਿਚ ਲਿਸ਼ਕਾ ਦਿੰਦੇ ਹਨ। ਇਹ ਬਾਬਾਣੀਆਂ ਕਹਾਣੀਆਂ ਹਨ ਜਿਹੜੀਆਂ ਪੁਤਰਾਂ ਨੂੰ ਬਹੁਤ ਅੱਛੇ ਪੁਤਰ ਬਣਾ ਦਿੰਦੀਆਂ ਹਨ।

ਮਹਾਂਪੁਰਸ਼ਾਂ ਦੇ ਬਚਨ ਅਟੱਲ ਹੁੰਦੇ ਹਨ ਉਹ ਹਰ ਸਮੇਂ ਸਤਿ ਤੇ ਅਧਾਰਿਤ ਹੋਣ ਕਰਕੇ ਸਦੀਵੀ ਹੋਣ ਕਰਕੇ ਪੁਰਾਣੇ ਨਹੀਂ ਹੁੰਦੇ।

ਉਸ ਸਮੇਂ ਮੈਂ ਪਾਇਲ ਹਾਈ ਸਕੂਲ ਵਿਚ ਪੜ੍ਹਦਾ ਹੁੰਦਾ ਸੀ। ਮੇਰੇ ਨਾਨਕਿਆਂ (ਮਨਸੂਰਾਂ) ਨੂੰ ਇਥੋਂ ਰੇਤੇ ਦੇ ਉਚੇ ਟਿਬਿਆਂ ਵਿਚੀਂ ਹੋ ਕੇ ਰਾਹ ਲੰਘਿਆ ਕਰਦਾ ਸੀ ਮਾਤਾ ਜੀ ਜਦੋਂ ਭੀ ਆਪਣੇ ਪੇਕੇ ਘਰ ਜਾਇਆ ਕਰਦੇ ਸਨ, ਵਾਪਸੀ ਵਿਚ ਕਈ ਤਰ੍ਹਾਂ ਦੇ ਬਚਨ ਇਸ ਘੋਰ ਤਪ ਬਾਰੇ ਦਸਿਆ ਕਰਦੇ ਸਨ। ਨਾਲ ਹੀ ਕਿਹਾ ਕਰਦੇ ਸਨ ਕਿ ਇਕ ਛੋਟੀ ਜਿਹੀ ਉਮਰ ਦਾ ਸਾਧੂ ਢੱਕੀ ਵਿਚ ਰਹਿੰਦਾ ਹੈ। ਅਸਾਡੇ ਘਰ ਤਾਂ ਬਹੁਤ ਵੱਡੀਆਂ ਉਮਰਾਂ ਦੇ ਸਾਧੂ ਆਉਂਦੇ ਹੀ ਰਹਿੰਦੇ ਹਨ ਪਰ ਅਸਲ ਵਿਚ ਛੋਟੀ ਜਿਹੀ ਉਮਰ ਵਾਲਾ ਸਾਧੂ ਬਹੁਤ ਪਿਆਰਾ ਲਗਦਾ ਹੈ, ਪਿਆਰ ਵਾਲੇ ਇਸ ਦੀਆਂ ਗੱਲਾਂ ਕਰਦੇ ਨਹੀਂ ਥਕਦੇ। ਪਰ ਉਹ ਮਿਲਦੇ ਬਹੁਤ ਘੱਟ ਹਨ। ਕੀਰਤਨ ਸਮੇਂ ਹੀ ਦਰਸ਼ਨ ਦਿੰਦੇ ਹਨ, ਬਾਕੀ ਸਮੇਂ ਵਿਚ ਇਕ ਧੁਨ ਵਿਚ ਰਹਿੰਦੇ ਹਨ।

ਇਹ ਗੱਲਾਂ ਮੈਨੂੰ ਬਹੁਤ ਖਿਚਦੀਆਂ ਸਨ ਭਾਵੇਂ ਮੈਂ ਸਤਵੀਂ-ਅੱਠਵੀਂ ਵਿਚ ਪੜ੍ਹਿਆ ਕਰਦਾ ਸਾਂ ਪਰ ਮੇਰੇ ਚਿਤ ਵਿਚ ਭੀ ਭਜਨ ਕਰਨ ਲਈ ਬਹੁਤ ਉਤਸ਼ਾਹ ਰਹਿੰਦਾ ਸੀ। ਮੇਰੇ ਯਾਦ ਹੈ ਉਸ ਸਮੇਂ ਛੁੱਟੀਆਂ ਵਿਚ ਮੇਰਾ ਨਿਤਨੇਮ ਪੱਕੀਆਂ ਛੇ ਮਾਲਾਂ ਦਾ ਹੁੰਦਾ ਸੀ। ਆਮ ਸਮਿਆਂ ਵਿਚ ਤਿੰਨ ਪੱਕੀਆਂ ਮਾਲਾਂ ਤਾਂ ਪੜ੍ਹਨ ਲਿਖਣ ਵਿਚੋਂ ਸਮਾਂ ਕੱਢ ਕੇ ਕਰ ਹੀ ਲਿਆ ਕਰਦਾ ਸਾਂ ਪਰ ਅਜੇ ਤੀਕਰ ਮਹਾਂਪੁਰਸ਼ਾਂ ਨੂੰ ਨੇੜੇ ਹੋ ਕੇ ਮਿਲਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ ਸੀ ਪਰ ਦਿਲ ਵਿਚ ਲੋਚਾ ਸਦਾ ਹੀ ਬਣੀ ਰਹਿੰਦੀ ਸੀ। ਉਨ੍ਹਾਂ ਦੀ ਤਪੀਆ ਮੂਰਤ ਵਲ ਮੈਂ ਟਿਕਟਿਕੀ ਬੰਨ੍ਹ ਕੇ ਵੇਖਦਾ ਰਹਿੰਦਾ ਸਾਂ। ਉਸ ਸਮੇਂ ਦੀ ਉਹ ਤਸਵੀਰ ਮੇਰੇ ਹੁਣ ਭੀ ਉਵੇਂ ਹੀ ਸ਼ਾਖਸ਼ਾਤ ਰਹਿੰਦੀ ਹੈ।

ਇਨ੍ਹਾਂ ਹੀ ਦਿਨਾਂ ਵਿਚ ਪਾਇਲ ਦੀ ਤਹਿਸੀਲ ਵਿਚ ਇਕ ਪ੍ਰਚਾਰਕ ਜੱਥਾ ਹੋਇਆ ਕਰਦਾ ਸੀ ਜੋ ਆਪਣਾ ਹੈਡ ਕੁਆਰਟਰ ਪਾਇਲ ਰੱਖ ਕੇ ਪਿੰਡਾਂ ਵਿਚ ਪ੍ਰਚਾਰ ਕਰਨ ਜਾਇਆ ਕਰਦੇ ਸਨ। ਇਸ ਜਥੇ ਦੇ ਸਿੰਘਾਂ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ ਕਰਦਾ ਸਾਂ ਕਿਉਂਕਿ ਇਕ ਤਾਂ ਕੀਰਤਨ ਕਰਨ ਵਾਲੇ ਸੱਜਣ ਬਹੁਤ ਹੀ ਸੋਹਣੇ ਰੂਪ ਰੰਗ ਵਾਲੇ ਸੁਥਰੇ ਵਸਤਰ ਪਹਿਨਣ ਵਾਲੇ ਸਨ ਅਤੇ ਉਨ੍ਹਾਂ ਦੀ ਬੋਲ ਚਾਲ ਪ੍ਰਚਾਰ ਦਾ ਢੰਗ ਮੈਨੂੰ ਬਹੁਤ ਹੀ ਸੋਹਣਾ ਲੱਗਿਆ ਕਰਦਾ ਸੀ। ਆਮ ਤੌਰ ਤੇ ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਏ ਤੇ ਵਾਰਾਂ ਦਾ ਗਾਇਨ ਉਚੀ ਸੁਰ ਵਿਚ ਮਿਲ ਕੇ ਕਰਿਆ

ਕਰਦੇ ਸਨ ਅਤੇ ਕਈ-ਕਈ ਚਿਮਟਿਆਂ ਵਾਲੇ, ਉਚੀਆਂ ਬਾਹਾਂ ਲਿਜਾ ਕੇ ਸਿਰ ਦੇ ਉਪਰ ਨੂੰ ਲਿਜਾ ਕੇ ਉਪਰ ਹੀ ਕਈ ਭਾਵ ਪ੍ਰਗਟ ਕਰਦੇ ਵਜਾਇਆ ਕਰਦੇ ਸਨ। ਮੈਨੂੰ ਹੋਰ ਕੁਝ ਤਾਂ ਸਮਝ ਘੱਟ ਹੀ ਆਉਂਦੀ ਸੀ ਪਰ ਉਨ੍ਹਾਂ ਦੀ ਵੱਡੀ ਢੋਲਕ ਦੀ ਆਵਾਜ਼ ਜਿਸ ਨੂੰ ਮ੍ਰਿਦੰਗ ਆਖਿਆ ਕਰਦੇ ਸਨ ਉਹ ਬਹੁਤ ਹੀ ਸੋਹਣੀ ਲਗਦੀ ਸੀ, ਚਿਮਟਿਆਂ ਦੇ ਹੁਲਾਰੇ ਭੀ ਬੜਾ ਸੋਹਣਾ ਦ੍ਰਿਸ਼ ਪੈਦਾ ਕਰਿਆ ਕਰਦੇ ਸਨ ਉਸ ਸਮੇਂ ਐਨੀ ਸਮਝ ਨਹੀਂ ਸੀ ਪਰ ਮੈਨੂੰ ਐਨਾ ਕੁ ਪਤਾ ਹੈ ਕਿ ਉਹ ਕੀਰਤਨ ਕਰਨ ਸਮੇਂ ਬਾਣੀ ਦੇ ਅਰਥ ਘੱਟ ਹੀ ਸੁਣਾਇਆ ਕਰਦੇ ਸਨ ਪਰ ਸੰਤ ਮਹਾਰਾਜ ਜੀ ਦੀ ਨਿੰਦਿਆ ਬਹੁਤੀ ਕਰਿਆ ਕਰਦੇ ਸਨ। ਰੇਰੂ ਸਾਹਿਬ ਵਾਲੇ ਮਹਾਤਮਾ ਸੰਤ ਬਾਬਾ ਭਗਵਾਨ ਸਿੰਘ ਜੀ ਬਾਰੇ ਕੁਝ ਨਹੀਂ ਕਿਹਾ ਕਰਦੇ ਸਨ। ਇਸ ਈਰਖਾ ਭਰੇ ਰਹਿਜ਼ਾਨ ਬਾਰੇ ਨਿਰਣਾ ਤਾਂ ਨਹੀਂ ਕੀਤਾ ਜਾ ਸਕਦਾ ਪਰ ਇਹ ਜ਼ਰੂਰ ਹੈ ਕਿ ਉਹ ਸੰਤ ਮਹਾਰਾਜ ਜੀ ਦੇ ਤਪ ਦੀ ਚੜ੍ਹਦੀ ਕਲਾ ਨੂੰ ਸਹਿਨ ਨਹੀਂ ਕਰਿਆ ਕਰਦੇ ਸਨ ਅਤੇ ਉਨ੍ਹਾਂ ਨੇ ਥਾਂ-ਥਾਂ ਘੁੰਮ ਕੇ ਮਹਾਂਪੁਰਸ਼ਾਂ ਦੀ ਨਿੰਦਿਆ ਕਰਨੀ ਅਤੇ ਆਮ ਤੌਰ ਤੇ ਕਬਿੱਤ ਪੜ੍ਹਨੀ ਜੋ ਅਕਾਲ ਉਸਤਤਿ ਵਿਚੋਂ ਹੈ।

***ਖੂਕਮਲ ਹਾਰੀ ਗਜ ਗਦਹਾ ਬਿਭੂਤਿ ਧਾਰੀ***
***ਗਿਦੂਆ ਮਸਾਨ ਬਾਸੁ ਕਰਿਓਈ ਕਰਤ ਹੈਂ।।***
***ਘੁਘੂ ਮਟ ਬਾਸੀ ਲਗੇ ਡੋਲਤ ਉਸਦੀ ਮ੍ਰਿਗ***
***ਤਰਵਰ ਸਦੀਵ ਮੋਨ ਸਾਧੇਈ ਮਰਤ ਹੈਂ॥***
***ਬਿੰਦ ਕੇ ਸਧੱਯਾ ਤਾਹਿ ਹੀਜਕੀ ਬਡੱਯਾਦੇਤ***
***ਬੰਦਰਾਂ ਸਦੀਵ ਪਾਇ ਨਾਗੇ ਹੀ ਫਿਰਤ ਹੈਂ॥***
***ਅੰਗਨਾ ਅਧੀਨ ਕਾਮ ਕ੍ਰੋਧਕੇ ਪਰਬੀਨ***
***ਏਕ ਗਿਆਨ ਕੇ ਬਹੀਨ ਛੀਨ ਕੈਸੇ ਕੈ ਤਰਤ ਹੈਂ॥***
***ਕਬਿੱਤ ਭਾਈ ਗੁਰਦਾਸ ਜੀ***

ਬਾਕੀ ਦੇ ਕਬਿੱਤ ਵੀ ਉਹ ਪੜ੍ਹ ਕੇ ਆਮ ਤੌਰ ਤੇ ਐਸੇ ਅਰਥ ਕਰਿਆ ਕਰਦੇ ਸਨ ਜਿਸ ਤੋਂ ਸਿੰਘਾਂ ਵਿਚ ਸੰਤ ਮਹਾਰਾਜ ਜੀ ਪ੍ਰਤੀ ਵਧਦੀ ਸ਼ਰਧਾ ਘਟਾਈ ਜਾ ਸਕੇ। ਨਾਮ ਤਾਂ ਮੇਰੇ ਯਾਦ ਹਨ ਉਨ੍ਹਾਂ ਦਾ ਅਸਰ ਅਸਾਡੇ ਘਰ ਵਿਚ ਵੀ ਬਹੁਤ ਸੀ ਕਿਉਂਕਿ ਬਾਪੂ ਜੀ ਗੁਰਦੁਆਰੇ ਦੇ ਛੋਟੇ ਜਥੇਦਾਰ ਸਨ ਆਮ ਤੌਰ ਤੇ ਉਹ ਰਾੜਾ ਸਾਹਿਬ ਜਾਣ ਤੋਂ ਸੰਗਤਾਂ ਨੂੰ ਰੋਕਿਆ ਕਰਦੇ ਸਨ ਪਰ ਜਿਨ੍ਹਾਂ ਦੇ ਚਿੱਤ ਮਹਾਂਪੁਰਸ਼ਾਂ ਦੇ ਸ਼ਬਦ ਬਾਣਾਂ ਨੇ ਵਿੰਨ੍ਹ ਦਿਤੇ ਸਨ ਉਹ ਇਨ੍ਹਾਂ ਦੇ ਹਟਾਏ ਹਟਿਆ ਨਹੀਂ ਕਰਦੇ ਸਨ, ਇਕ ਅਜੀਬ ਤਰ੍ਹਾਂ ਦੀ ਅਪਣੱਤ ਸੰਤ ਮਹਾਰਾਜ ਜੀ ਨਾਲ ਉਨ੍ਹਾਂ ਦੀ ਤਪ ਤਪਸਿਆ ਬਾਰੇ ਸੁਣ ਕੇ ਹਿਰਦੇ ਵਿਚ ਪੈਦਾ ਹੋ ਚੁਕੀ ਸੀ ਜਿਸ ਕਰਕੇ ਇਹ ਨਿੰਦਿਆ ਕਰਨ ਵਾਲੇ ਭਾਵੇਂ ਅਸਾਡੇ ਘਰ ਆਪ ਹੀ ਆਇਆ ਕਰਦੇ ਸਨ ਮੈਂ ਉਨ੍ਹਾਂ ਨੂੰ ਓਪਰੇ ਹਿਰਦੇ ਨਾਲ ਹੀ ਮਿਲਿਆ ਕਰਦਾ ਸਾਂ। ਮੇਰੇ ਮਨ ਵਿਚ ਰਹਿੰਦਾ ਸੀ ਕਿ ਇਹ ਮਹਾਂਪੁਰਸ਼ਾਂ ਦੀ ਨਿੰਦਿਆ ਕਰਦੇ ਹਨ। ਇਥੇ ਇਹ ਗੱਲ ਲਿਖਣੀ ਕੁਥਾਂ ਨਹੀਂ ਹੋਵੇਗੀ ਕਿ ਸਮਾਂ ਲੰਘਣ ਨਾਲ ਇਸ ਕੀਤੀ ਹੋਈ ਨਿੰਦਿਆ ਦਾ ਫਲ ਉਨ੍ਹਾਂ ਨੂੰ ਪੂਰੀ ਤਰ੍ਹਾਂ ਭੁਗਤਣਾ ਪਿਆ। ਮੂੰਹ ਵਿੰਗਾ ਹੋ ਗਿਆ, ਨਿੰਦਿਆ ਕਰਨੀ ਤਾਂ ਕਿਥੇ ਰਹੀ ਪਾਣੀ ਮੰਗਣ ਤੋਂ ਵੀ ਅਸਮਰਥ ਹੋ ਗਏ, ਅਧਰੰਗ ਦਾ ਦੌਰਾ ਪੈਣ ਨਾਲ ਸਰੀਰ ਬਹੁਤ ਕਰੂਪ ਹੋ ਗਿਆ ਅਤੇ ਸਜ਼ਾ ਭੁਗਤਦਿਆਂ ਹੀ ਇਨ੍ਹਾਂ ਨੂੰ ਸਰੀਰ ਛੱਡਣਾ ਪਿਆ ਕਿਉਂਕਿ ਅੰਦਰ ਖਾਲੀ ਸੀ ਕੇਵਲ ਚੁੰਚ ਗਿਆਨ ਕਰਨ ਕਰਕੇ ਬਿਰਤੀ ਕਾਂ ਵਰਗੀ ਹੋ ਗਈ ਸੀ। ਆਚਰਣ ਵਿਚ ਐਨੀ ਗਿਰਾਵਟ ਆ ਗਈ ਸੀ ਕਿ ਪਿੰਡ ਦੇ ਵਿਚ ਹੀ ਅਵਾਰਾ ਔਰਤ ਨਾਲ ਇਨ੍ਹਾਂ ਦੇ ਸਬੰਧ ਜੁੜ ਗਏ ਸਨ, ਹੋਰ ਲੋਕ ਤਾਂ ਨਹੀਂ ਕਹਿੰਦੇ ਸਨ ਸ਼ਾਇਦ ਇਸ ਕਰਕੇ ਕਿ ਉਨ੍ਹਾਂ ਦੇ ਹਿਰਦਿਆਂ ਵਿਚ ਮਹਾਂਪੁਰਸ਼ਾਂ ਲਈ ਬਹੁਤਾ ਪਿਆਰ ਨਾ ਹੋਵੇ ਪਰ ਮੈਂ ਤਾਂ ਇਹੀ ਸਮਝਦਾ ਹਾਂ ਕਿ ਸੰਤ ਦਾ ਨਿੰਦਕ ਹੋਣ ਕਰਕੇ ਅੱਧ ਵਿਚੋਂ ਟੁਟਣਾ ਪਿਆ, ਦੁਖੀਆ ਤੇ ਦੀਨ ਹੋ ਕੇ ਅੰਤਮ ਦਿਨਾਂ ਦਾ ਸਫਰ ਕੱਟਣਾ ਪਿਆ ਅਤੇ ਇਹ ਵੀ ਕਹਿਣਾ ਅਤਿਕਥਨੀ ਨਹੀਂ ਕਿ ਉਨ੍ਹਾਂ ਦੀ ਰੂਹ ਅਜੇ ਵੀ ਕਿਸੇ ਨਰਕਾਂ ਵਿਚ ਗੋਤੇ ਖਾਂਦੀ ਹੋਣੀ ਹੈ।

ਅਜਿਹੇ ਹਾਲਾਤ ਵਿਚ ਇਕ ਦਿਨ ਜਦੋਂ ਅਸੀਂ ਸਕੂਲ ਵਿਚ ਸਵੇਰ ਦੀ ਪ੍ਰਾਥਨਾ ਕਰਕੇ ਹਟੇ ਤਾਂ ਇਕ ਸਿੰਘ ਨੀਲੀ ਦਸਤਾਰ ਵਾਲਾ ਕਈ ਬੰਡਲ ਇਸ਼ਤਿਹਾਰਾਂ ਦੇ ਚੁਕ ਕੇ ਲਿਆਇਆ ਤੇ ਖੇਲ੍ਹਣ ਵਾਲੇ ਫੀਲਡ ਵਿਚ ਭਾਈ ਜਰਨੈਲ ਸਿੰਘ ਜੀ ਘਲੋਟੀ ਵਾਲਿਆਂ ਨੂੰ ਸੌਂਪ ਦਿਤੇ ਅਤੇ ਉਸ ਨੇ ਨਾਲ ਹੀ ਕਿਹਾ ਕਿ ਇਹ ਸਾਰੇ ਇਸ਼ਤਿਹਾਰ ਬੱਚਿਆਂ ਨੂੰ ਦੇ ਦੇਣੇ ਤਾਂ ਕਿ ਆਪੋ ਆਪਣੇ ਪਿੰਡਾਂ ਵਿਚ ਜਾ ਕੇ ਵੰਡ ਦੇਣ। ਉਸ ਸਿੰਘ ਨੂੰ ਭਾਈ ਜਰਨੈਲ ਸਿੰਘ ਜੀ ਨੇ ਜੋ ਅੱਠਵੀਂ ਜਮਾਤ ਦਾ ਵਿਦਿਆਰਥੀ ਸੀ, ਕੱਦ ਕਾਠ ਦਾ ਬਹੁਤ ਬਲਵਾਨ ਸੀ, ਨੇ ਕਿਹਾ ਕਿ ਤੁਸੀਂ ਬੇਫਿਕਰ ਰਹੋ ਅਸੀਂ ਤਾਂ ਇਹ ਇਸ਼ਤਿਹਾਰ ਜ਼ਰੂਰ ਹੀ ਵੰਡਾਂਗੇ। ਜਰਨੈਲ ਸਿੰਘ ਘਲੋਟੀ ਦੇ ਰਹਿਣ ਵਾਲੇ ਸਨ ਉਨ੍ਹਾਂ ਦੀ ਰਿਸ਼ਤੇਦਾਰੀ ਧਮੋਟ ਚੌਧਰੀਆਂ ਦੇ ਘਰਾਂ ਵਿਚ ਸੀ ਮੈਂ ਅਜੇ ਉਮਰ ਵਿਚ ਛੋਟਾ ਸੀ ਪਰ ਮੈਨੂੰ ਇਹ ਗੱਲ ਸੁਣ ਕੇ ਬਹੁਤ ਬੁਰੀ ਲੱਗੀ ਕਿ ਮਹਾਂਪੁਰਸ਼ਾਂ ਦੇ ਖਿਲਾਫ ਕਢਾਏ ਹੋਏ ਇਸ਼ਤਿਹਾਰ ਪਿੰਡਾਂ-ਪਿੰਡਾਂ ਵਿਚ ਜਾਣਗੇ ਅਤੇ ਚਰਚਾ ਚਲ ਪਵੇਗੀ। ਉਨ੍ਹਾਂ ਇਸ਼ਤਿਹਾਰਾਂ ਦਾ ਹੈਡਿੰਗ ਸੀ 'ਸੰਤ ਕਿ ਸਾਂਢ' ਐਸੀਆਂ ਮਨ ਘੜਤ character ਤੋਂ ਗਿਰੀਆਂ ਹੋਈਆਂ ਗੱਲਾਂ ਉਸ ਵਿਚ ਲਿਖੀਆਂ ਹੋਈਆਂ ਸਨ› ਬੰਡਲਾਂ ਦੀਆਂ ਗੰਢਾਂ ਤਾਂ ਨਹੀਂ ਖੋਲ੍ਹੀਆਂ ਸਨ ਪਰ ਮੈਂ ਕੋਲ ਖੜ੍ਹੇ ਹੋ ਕੇ ਉਹ ਇਸ਼ਤਿਹਾਰ ਪੜ੍ਹ ਲਿਆ ਅਤੇ ਮਨ ਹੀ ਮਨ ਵਿਚ ਵਾਹਿਗੁਰੂ ਅੱਗੇ ਬੇਨਤੀ ਕੀਤੀ ਕਿ ਹੇ ਪਾਤਸ਼ਾਹ! ਅਸੀਂ ਤਾਂ ਬਹੁਤ ਛੋਟੇ ਬੱਚੇ ਹਾਂ, ਇਸ ਮਾਮਲੇ ਵਿਚ ਕੁਝ ਵੀ ਨਹੀਂ ਕਰ ਸਕਦੇ ਪਰ ਤੁਸੀਂ ਕ੍ਰਿਪਾ ਕਰੋ ਇਹ ਇਸ਼ਤਿਹਾਰ ਪਿੰਡਾਂ ਵਿਚ ਨਾ ਪਹੁੰਚਣ। ਕਲਾਸ ਵਿਚ ਹਾਜ਼ਰ ਹੋਣ ਦੀ ਘੰਟੀ ਵਜ ਗਈ। ਜਦੋਂ ਮੈਂ ਜਾਂਦੇ-ਜਾਂਦੇ ਨੇ ਮੁੜ ਕੇ ਦੇਖਿਆ ਤਾਂ ਮੈਨੂੰ ਬਹੁਤ ਖੁਸ਼ੀ ਹੋਈ ਕਿ ਭਾਈ ਜਰਨੈਲ ਸਿੰਘ ਜੀ ਨੇ ਉਨ੍ਹਾਂ ਸਾਰੇ ਇਸ਼ਤਿਹਾਰਾਂ ਨੂੰ ਅੱਗ ਲਾ ਦਿਤੀ ਜੋ ਦੇਖਦੇ ਹੀ ਦੇਖਦੇ ਸੁਆਹ ਦੇ ਰੂਪ ਵਿਚ ਬਦਲ ਗਏ। ਜਿਹੜੇ ਇਸ਼ਤਿਹਾਰ ਹਵਾ ਦੇ ਵੇਗ ਨਾਲ ਉਡ ਕੇ ਇਧਰ ਉਧਰ ਪਏ ਸਨ ਉਹ ਵੀ ਉਸ ਨੇ ਚੁੱਕ ਕੇ ਜਲਾ ਦਿਤੇ। ਇਹ ਗੱਲ ਮੇਰੇ ਮਨ ਦੀ ਡੂੰਘੀ ਪੜਤ ਵਿਚ ਉਤਰ ਗਈ। ਅਜੇ ਤਕ ਵੀ ਉਹ ਦਿਨ ਮੈਨੂੰ ਪ੍ਰਤੱਖ ਰੂਪ ਵਿਚ ਦਿਸ ਜਾਇਆ ਕਰਦੇ ਹਨ।

ਸ੍ਰੀ ਮਾਨ ਸਚਖੰਡ ਵਾਸੀ ਗਿਆਨੀ ਮੋਹਨ ਸਿੰਘ ਜੀ ਨੇ ਬਹੁਤ ਖੋਜ ਕਰਕੇ ਇਸ ਘਟਨਾ ਨੂੰ ਰੂਹਾਨੀ ਸੰਦੇਸ਼ ਵਿਚ ਦਰਜ ਕੀਤਾ ਹੈ ਆਪ ਲਿਖਦੇ ਹਨ ਕਿ ਚੰਦਰਮਾ ਦੀ ਚਾਂਦਨੀ ਸਭਨਾਂ ਨੂੰ ਭਾਉਂਦੀ ਹੈ ਪਰ ਉਚੱਕੇ ਤੇ ਚੋਰ ਦੇਖ ਕੇ ਦੁਖੀ ਹੁੰਦੇ ਹਨ। ਇਸੇ ਤਰ੍ਹਾਂ ਮਹਾਂਪੁਰਸ਼ ਵੀ ਹਰ ਇਕ ਜੀਵ ਦਾ ਭਲਾ ਚਾਹੁੰਦੇ ਹਨ, ਜਿਵੇਂ ਚੰਦਰਮਾ 'ਚ ਸੀਤਲਪੁਣਾ ਕੁਦਰਤੀ ਹੈ ਇਸੇ ਤਰ੍ਹਾਂ ਮਹਾਂਪੁਰਸ਼ਾਂ ਦਾ ਉਪਕਾਰ ਕਰਨਾ ਹੀ ਉਨ੍ਹਾਂ ਦੇ ਜੀਵਨ ਦਾ ਇਕ ਅੰਗ ਹੁੰਦਾ ਹੈ। ਪਰ ਦੁਸ਼ਟ ਪੁਰਸ਼ ਬਿਨਾਂ ਹੀ ਕਿਸੇ ਪ੍ਰਯੋਜਨ ਤੋਂ ਉਨ੍ਹਾਂ ਦੇ ਨਾਲ ਈਰਖਆ ਕਰਨ ਲਗ ਜਾਂਦੇ ਹਨ।

***ਮ੍ਰਿਗ ਝਖ ਸੰਤਨ ਵਿਹਤ ਬ੍ਰਿਤ ਤ੍ਰਿਣ ਸੰਬਰ ਸੰਤੋਖ।***
***ਲੁਬਧ ਕੁਝੀਵਰ ਦੁਸ਼ਟ ਜਨ, ਕਰਹਿ ਅਕਾਰਣ ਦੋਖ।***

ਮ੍ਰਿਗਾਂ ਦੀ, ਮੱਛੀਆਂ ਦੀ ਤੇ ਸੰਤਾਂ ਦੀ ਉਪਜੀਵਕਾ ਜਾਇਜ਼ ਹੈ ਉਹ ਕਿਸੇ ਨੂੰ ਦੁਖ ਨਹੀਂ ਦਿੰਦੇ। ਮ੍ਰਿਗ ਘਾਹ ਤੇ ਮੱਛ ਪਾਣੀ ਦਾ ਜਾਲਾ ਖਾਂਦਾ ਹੈ ਅਤੇ ਸੰਤ ਸੰਤੋਖ ਵਿਚ ਹੀ ਮਸਤ ਰਹਿੰਦੇ ਹਨ। ਉਹ ਕਿਸੇ ਪਾਸੋਂ ਕੁਝ ਮੰਗਦੇ ਨਹੀਂ ਪਰ ਮਾਸਾਹਾਰੀ ਲੋਭੀ ਪੁਰਸ਼ ਬਿਨਾਂ ਦੋਸ਼ ਤੋਂ ਮ੍ਰਿਗ ਨੂੰ ਤੇ ਕੁਝੀਵਰ (ਮਾਛੀ) ਬਿਨਾਂ ਵੈਰ ਤੋਂ ਮੱਛ ਨੂੰ ਮਾਰਦੇ ਹਨ। ਇਸੇ ਤਰ੍ਹਾਂ ਦੁਸ਼ਟ ਪੁਰਸ਼ ਅਕਾਰਣ ਹੀ ਸੰਤਾਂ ਨਾਲ ਵੈਰ ਕਰਨ ਲੱਗ ਪੈਂਦੇ ਹਨ ਕਿਉਂਕਿ ਮਨੁਖਾਂ ਦੇ ਆਪੋ ਆਪਣੇ ਸੁਭਾਓ ਹਨ। ਜਗਤ ਵਿਚ ਚਾਰ ਪ੍ਰਕਾਰ ਦੇ ਪੁਰਸ਼ ਹਨ - ਮੱਖੀ, ਸਰਪ, ਰਾਕਸ਼ ਤੇ ਦੇਵਤਾ ਜੋ ਆਪਣਾ ਆਪ ਗਵਾ ਕੇ ਵੀ ਪਰਾਏ ਦੇ ਕੰਮ ਨੂੰ ਵਿਗਾੜਦੇ ਹਨ ਉਹ ਪੁਰਸ਼ ਮੱਖੀ ਦੇ ਸਮਾਨ ਹੁੰਦੇ ਹਨ ਜਿਵੇਂ ਮੱਖੀ, ਦੁੱਧ ਜਾਂ ਘਿਉ ਨੂੰ ਖਰਾਬ ਕਰਨ ਵਾਸਤੇ ਉਸ ਵਿਚ ਆਪਣਾ ਆਪ ਕੁਰਬਾਨ ਕਰ ਦਿੰਦੀ ਹੈ। ਜਿਹੜੇ ਪੁਰਸ਼ ਬਿਨਾਂ ਆਪਣੇ ਲਾਭ ਤੋਂ ਪਰਾਏ ਦਾ ਨੁਕਸਾਨ ਕਰਦੇ ਹਨ ਉਹ ਪੁਰਸ਼ ਸਰਪ ਦੇ ਸਮਾਨ ਹੁੰਦੇ ਹਨ ਅਤੇ ਜੋ ਦੂਸਰੇ ਨੂੰ ਮਾਰ ਕੇ ਆਪਣਾ ਕੰਮ ਸਵਾਰਦੇ ਹਨ ਉਹ ਪੁਰਸ਼ ਰਾਕਸ਼ ਹੋਇਆ ਕਰਦੇ ਹਨ। ਜਿਹੜੇ ਆਪਣਾ ਆਪ ਵਿਗਾੜ ਕੇ ਵੀ ਦੂਜੇ ਦਾ ਭਲਾ ਕਰਦੇ ਹਨ ਉਹ ਦੇਵਤੇ ਹੋਇਆ ਕਰਦੇ ਹਨ।

ਵਿਰੋਧ ਦੇ ਕਾਰਨਾਂ ਦੀ ਖੋਜ ਕਰਦਿਆਂ ਗਿਆਨੀ ਜੀ ਲਿਖਦੇ ਹਨ ਕਿ ਇਸ ਵੈਰ ਭਾਵ ਅਤੇ ਨਿੰਦਿਆ ਦੀ ਤਹਿ ਵਿਚ ਲਾਲਚ ਕੰਮ ਕਰਦਾ ਸੀ। ਸੰਤ ਮਹਾਰਾਜ ਜੀ ਜਦੋਂ ਵੀ ਕਿਤੇ ਕੀਰਤਨ ਕਰਨ ਜਾਂਦੇ ਸਨ ਤਾਂ ਆਪ ਪਰਾਲਬਧ ਉਪਰ ਸ਼ਾਕਰ ਰਹਿੰਦੇ ਹੋਏ ਪੈਸੇ ਟਕੇ ਨੂੰ ਹੱਥ ਨਹੀਂ ਲਾਇਆ ਕਰਦੇ ਸਨ। ਇਹ ਲੋਭੀ ਸੱਜਣ ਨੀਲੀਆਂ ਦਸਤਾਰਾਂ ਅਤੇ ਸਿੰਘਾਂ ਵਾਲੀ ਰੂਪ ਰੇਖਾ ਬਣਾ ਕੇ ਮਹਾਂਪੁਰਸ਼ਾਂ ਨੂੰ ਚੜ੍ਹੇ ਹੋਏ ਧਨ ਨੂੰ ਚੁਕ ਲਿਆ ਕਰਦੇ ਸਨ। ਮਾਇਆ ਚੁਕਣ ਵਾਲੀ ਇਕ ਜੁੰਡਲੀ ਬਣ ਗਈ ਜੋ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਚੜ੍ਹੀ ਹੋਈ ਮਾਇਆ ਚੁੱਕ ਕੇ ਐਸ਼-ਓ-ਇਸ਼ਰਤ ਕਰਿਆ ਕਰਦੇ ਸਨ, ਨਸ਼ੇ ਪੀਂਦੇ ਸਨ, ਇਸ ਪੂਜਾ ਦੇ ਧਾਨ ਨੇ ਇਨ੍ਹਾਂ ਦੀ ਮੱਤ ਮਾਰ ਦਿਤੀ, ਕਿਉਂਕਿ ਪੂਜਾ ਦੇ ਧਾਨ ਬਾਰੇ ਦਾਨਿਆਂ ਦਾ ਮਤ ਹੈ-

***ਜੈਸਾ ਧਾਨ ਖਾਇ ਜੋਇ ਤੈਸੋ ਤਾਕੋ ਮਨ ਹੋਇ,***
***ਪੂਜਾ ਸਮ ਮੈਲਾ ਕੋਇ ਧਾਨੁ ਨ ਉਚਾਰੀਆ।***
***ਭਜਨ ਭਗਤਿ ਦਾਨ ਜਤ ਸਤ ਗਿਆਨ ਬਿਨ,***
***ਪਚਤ ਨ ਪੂਜਾ ਰਾਕਸ਼ਨੀ ਭੀਤ ਕਾਰੀਆ।***
***ਤਥਾ - ਕਾਮਨਾ ਅਨੇਕ ਧਰ ਸਿਰ ਸੁਤ ਵਾਰ ਕਰ,***
***ਪੂਜਾ ਦੇਤ ਨਰ ਮਹਾਂ ਮੰਦ ਧਨ ਭਾਰੇ ਹੈਂ।***
***ਤਾਹਿ ਵਸ਼ਿਸ਼ਟ ਜੁ ਰਾਮ ਪ੍ਰਤਿ ਕਹਿਓ ਐਸ,***
***ਅਘੀ ਅਤਿ ਮੰਦ ਭਾਗ ਹੋਵਤ ਪੁਜਾਰੇ ਹੈਂ।***

ਇਹ ਹਾਲ ਦੇਖ ਕੇ ਸੋਝੀਵਾਨ ਪੁਰਸ਼ਾਂ ਨੇ ਮਹਾਂਪੁਰਸ਼ਾਂ ਨੂੰ ਚੜ੍ਹੇ ਹੋਏ ਪੈਸੇ ਆਪ ਚੁਕ ਕੇ ਲੋੜ ਦੀਆਂ ਚੀਜ਼ਾਂ ਵਸਤਾਂ ਖਰੀਦ ਕੇ ਰਾੜੇ ਸਾਹਿਬ ਲੈ ਆਉਣੀਆਂ ਕਿਉਂਕਿ ਉਥੇ ਸਾਧੂ, ਬਿਹੰਗਮਾਂ, ਅਭਿਆਗਤਾਂ ਵਾਸਤੇ ਸਦਾ ਲੰਗਰ ਚਲਿਆ ਕਰਦਾ ਸੀ। ਆਰਾਮ ਵਾਸਤੇ ਕਮਰਿਆਂ ਦੀ ਲੋੜ ਸੀ। ਇਹ ਗੱਲ ਵਿਸ਼ਈ ਪੁਰਸ਼ਾਂ ਨੂੰ ਅੱਛੀ ਨਾ ਲੱਗੀ ਅਤੇ ਉਨ੍ਹਾਂ ਨੇ ਮਹਾਂਪੁਰਸ਼ਾਂ ਦੀ ਨਿੰਦਿਆ ਕਰਨੀ ਸ਼ੁਰੂ ਕਰ ਦਿਤੀ। ਇਨ੍ਹਾਂ ਨੇ ਇਕੱਠੇ ਹੋ ਕੇ ਗੋਂਦ ਗੁੰਦੀ ਜਿਸ ਦੇ ਮੁਤਾਬਿਕ ਇਕ ਸ਼ੜਯੰਤਰ ਰਚਿਆ ਕਿ ਨੌਜੁਆਨ ਲੜਕੀ ਨੂੰ ਅੰਮ੍ਰਿਤ ਵੇਲੇ ਮਹਾਂਪੁਰਸ਼ਾਂ ਦੀ ਕੁਟੀਆ ਵਿਚ ਭੇਜਿਆ ਜਾਵੇ ਅਤੇ ਫਿਰ ਆਪ ਹੀ ਛਾਪਾ ਮਾਰ ਕੇ ਇਸ਼ਤਿਹਾਰ ਕਢਾ ਦਿਤੇ ਜਾਣ ਪਰ ਉਹ ਇਸ ਵਿਚ ਕਾਮਯਾਬ ਨਾ ਹੋ ਸਕੇ। ਸੰਤ ਮਹਾਰਾਜ ਜੀ ਭਾਵੇਂ ਉਸ ਸਮੇਂ ਭਰ ਜੁਆਨੀ ਵਿਚ ਸਨ, 27 ਕੁ ਸਾਲ ਦੀ ਉਮਰ ਸੀ ਪਰ ਉਨ੍ਹਾਂ ਨੇ ਉਸ ਆਯੂ ਵਿਚ ਹੀ ਮਾਇਆ ਨਾਗਨੀ ਨੂੰ ਦਲ ਮਲ ਕੇ ਚਰਨੀਂ ਲਾ ਲਿਆ ਸੀ ਜਿਵੇਂ ਕਿ ਫੁਰਮਾਨ ਹੈ-

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥***
***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥***
***ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥***
***ਪੰਨਾ - 510***

ਸੰਤ ਮਹਾਰਾਜ ਜੀ ਅਜੇ ਇਸ਼ਨਾਨ ਕਰਕੇ ਬੈਠੇ ਹੀ ਸਨ ਉਸੇ ਸਮੇਂ ਇਹ ਵੀ ਭੌਰੇ ਵਿਚ ਦਾਖਲ ਹੋ ਗਈ। ਭਾਵੇਂ ਹਨ੍ਹੇਰਾ ਸੀ ਸੰਤ ਮਹਾਰਾਜ ਜੀ ਨੇ ਆਵਾਜ਼ ਦਿਤੀ ਕਿ ਕੋਈ ਹੈ? ਬਾਬਾ ਨਾਹਰ ਸਿੰਘ ਜੀ ਜੋ ਮਹਾਰਾਜ ਜੀ ਦੇ ਅਰਦਲੀ ਸਨ ਉਹ ਇਕ ਦਮ ਅੰਦਰ ਆਏ ਉਨ੍ਹਾਂ ਨੇ ਉਸ ਲੜਕੀ ਨੂੰ ਬਾਹਰ ਕੱਢਿਆ ਅਤੇ ਸਾਰਿਆਂ ਨੂੰ ਵਰਜ ਦਿਤਾ ਕਿ ਭਾਈ! ਇਹ ਦੋਖੀਆਂ ਤੇ ਨਿੰਦਕਾਂ ਵਲੋਂ ਕੀਤੀ ਗਈ ਸਾਜਸ਼ ਹੈ, ਇਸ ਲੜਕੀ ਨੂੰ ਕੁਝ ਨਾ ਕਿਹਾ ਜਾਵੇ। ਉਸ ਲੜਕੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਮੈਂ ਬੜੇ ਧੋਖੇ ਵਿਚ ਆ ਗਈ, ਮੈਨੂੰ ਤੁਹਾਡੇ ਦੋਖੀਆਂ ਨੇ ਤੁਹਾਨੂੰ ਬਦਨਾਮ ਕਰਨ ਵਾਸਤੇ ਸਿਖਾ

ਕੇ ਭੇਜਿਆ ਸੀ, ਮੇਰਾ ਗੁਨਾਹ ਮਾਫ ਕੀਤਾ ਜਾਵੇ, ਮੇਰੇ ਤੋਂ ਬੜੀ ਭੁੱਲ ਹੋਈ ਹੈ। ਇਸੇ ਤਰ੍ਹਾਂ ਨਾਲ ਥੋੜ੍ਹਾ ਹੋਰ ਸਮਾਂ ਲੰਘਿਆ ਇਸੇ ਹੀ ਦੋਖੀਆਂ ਦੀ ਜੁੰਡਲੀ ਨੇ ਇਕ ਬਦਚਲਨ ਔਰਤ ਨੂੰ ਕਿਹਾ ਕਿ ਤੈਨੂੰ ਮੂੰਹ ਮੰਗੇ ਪੈਸੇ ਦਿਤੇ ਜਾਣਗੇ, ਇਕ ਵਾਰੀ ਤੂੰ ਅਸਾਡੇ ਕਹਿਣ ਮੁਤਾਬਿਕ ਉਹ ਕੰਮ ਕਰ ਜਿਸ ਕਰਕੇ ਇਸ ਸੰਤ ਨੂੰ ਬਦਨਾਮ ਕਰਨ ਲਈ ਅਸਾਨੂੰ ਮੌਕਾ ਮਿਲ ਜਾਵੇ। ਨੇੜੇ ਦੇ ਨਗਰ ਵਿਚੋਂ ਉਹ ਇਕ ਬਹੁਤ ਹੀ ਬਦਚਲਨ ਔਰਤ ਸੀ ਜੋ ਸ਼ਰਾਬ, ਮਾਸ, ਵਿਭਚਾਰ ਵਿਚ ਹੀ ਵਿਸ਼ਵਾਸ਼ ਰਖਦੀ ਸੀ। ਮਾਨੋ ਨਰਕ ਦਾ ਪੂਰੀ ਤਰ੍ਹਾਂ ਕੀੜਾ ਸੀ। ਉਸ ਨੂੰ ਸ਼ਰਾਬ ਦੇ ਨਸ਼ੇ ਵਿਚ ਮਸਤ ਕਰ ਦਿਤਾ ਗਿਆ ਉਹ ਇਕੋ ਹੀ ਵਸਤਰ ਉਪਰ ਲੈ ਕੇ ਸੰਤ ਮਹਾਰਾਜ ਜੀ ਦੇ ਭੌਰੇ ਵਿਚ ਜਦੋਂ ਦਾਖਲ ਹੋਣ ਲੱਗੀ ਤਾਂ ਸ਼ਰਾਬ ਦੀ ਬਦਬੂ ਆਉਂਦਿਆਂ ਹੀ ਮਹਾਂਪੁਰਸ਼ਾਂ ਨੇ ਪਹਿਰੇਦਾਰ ਨੂੰ ਅਵਾਜ਼ ਦਿਤੀ। ਉਸ ਨੇ ਇਕ ਦਮ ਆ ਕੇ ਉਸਦੀਆਂ ਬਾਹਵਾਂ ਫੜ ਲਈਆਂ, ਹੋਰ ਸਿੰਘ ਇਕੱਠੇ ਹੋ ਗਏ, ਉਸ ਦੇ ਦੁਆਲੇ ਵਸਤਰ ਵਲੇਟ ਦਿਤਾ। ਉਨ੍ਹਾਂ ਦਿਨਾਂ ਵਿਚ ਸੁਆਮੀ ਸੰਤੋਖ ਸਿੰਘ ਜੀ ਉਹ ਵੀ ਉਥੇ ਤਪ ਕਰਿਆ ਕਰਦੇ ਸਨ ਉਨ੍ਹਾਂ ਨੇ ਇਕੋ ਥੱਪੜ ਮਾਰਿਆ ਤਾਂ ਉਸੇ ਵੇਲੇ ਉਹ ਕਹਿਣ ਲੱਗੀ ਕਿ ਮੈਨੂੰ ਤਾਂ ਫਲਾਣੇ-ਫਲਾਣੇ ਬੰਦਿਆਂ ਨੇ ਤੁਹਾਨੂੰ ਬਦਨਾਮ ਕਰਨ ਵਾਸਤੇ ਭੇਜਿਆ ਹੈ। ਮੈਂ ਅਣਜਾਣ ਪੁਣੇ ਵਿਚ ਇਹ ਗਲਤੀ ਕਰ ਬੈਠੀ, ਮੈਨੂੰ ਨਹੀਂ ਸੀ ਪਤਾ ਕਿ ਸੰਸਾਰ ਵਿਚ ਅਜਿਹੇ ਪੁਰਸ਼ ਵੀ ਹਨ ਜੋ ਇਸਤ੍ਰੀ ਦੇ ਮਾਰੂ ਵਾਰ ਤੋਂ ਆਪਣੇ ਆਪ ਨੂੰ ਬਚਾ ਸਕਦੇ ਹਨ। ਨਹੀਂ ਤਾਂ ਸੰਸਾਰ ਵਿਚ ਇਸਤ੍ਰੀ ਦਾ ਕੋਈ ਮੁਕਾਬਲਾ ਨਹੀਂ ਕਰ ਸਕਿਆ ਕਰਦਾ। ਮੇਰੀ ਗਲਤੀ ਮਾਫ ਕਰੋ। ਮੈਂ ਇਕ ਗੱਲ ਪੂਰੇ ਨਿਸਚੇ ਨਾਲ ਆਖਦੀ ਹਾਂ ਕਿ ਇਸ ਨੌਜਵਾਨ ਸੰਤਾਂ ਦੀ ਥਾਂ ਭਾਵੇਂ ਕੋਈ ਵਡੇਰੀ ਉਮਰ ਦਾ ਵੀ ਮਹਾਤਮਾ ਹੁੰਦਾ ਤਾਂ ਉਸ ਨੇ ਵੀ ਮੇਰੇ ਵਾਰ ਤੋਂ ਨਹੀਂ ਸੀ ਬਚ ਸਕਣਾ ਪਰ ਇਹ ਮਹਾਤਮਾ ਧੰਨ ਹਨ ਇਨ੍ਹਾਂ ਨੂੰ ਕੋਈ ਨਹੀਂ ਡੋਲਾ ਸਕਦਾ। ਹੁਣ ਮੈਂ ਤੁਹਾਨੂੰ ਇਹ ਵੀ ਗੱਲ ਦਸਦੀ ਹਾਂ ਕਿ ਤਹਿਸੀਲ ਪਾਇਲ ਦੇ ਵਿਕਾਰੀ ਸਿੱਖ ਤੁਹਾਡਾ ਪੂਰੀ ਤਰ੍ਹਾਂ ਵਿਰੋਧ ਕਰਨ ਤੇ ਤੁਲੇ ਹੋਏ ਹਨ। ਉਸ ਵੇਲੇ ਸੰਤ ਮਹਾਰਾਜ ਜੀ ਨੇ ਸਾਰੇ ਇਲਾਕੇ ਦੇ ਹਿਤੈਸ਼ੀ ਸਿੰਘਾਂ ਨਾਲ ਬਚਨ ਕਰਦਿਆਂ ਕਿਹਾ ਕਿ ਪ੍ਰਮੇਸ਼ਰ ਜੀ ਆਪ ਹੀ ਅਨੇਕਾਂ ਰੂਪ ਧਾਰ ਕੇ ਅਜਿਹੀਆਂ ਖੇਲ੍ਹਾਂ ਕਰ ਰਹੇ ਹਨ। ਇਸ ਵਿਚ ਅਸੀਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਉਂਦੇ।

***ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ॥***
***ਪੰਨਾ - 1133***

ਇਨ੍ਹਾਂ ਦੋਹਾਂ ਘਟਨਾਵਾਂ ਦਾ ਜ਼ਿਕਰ ਮੇਰੇ ਨਾਲ ਮਹਾਂਪੁਰਸ਼ਾਂ ਨੇ ਇਕ ਦਿਨ ਚੇਤਨ ਮਾਇਆ ਦਾ ਅਸਰ ਦਸਦਿਆਂ ਆਪ ਹੀ ਕੀਤਾ। ਆਪ ਨੇ ਫੁਰਮਾਇਆ ਕਿ ਅਸੀਂ ਹਮੇਸ਼ਾਂ ਸਫ ਉਪਰ ਹੀ ਬੈਠਿਆ ਕਰਦੇ ਸਾਂ। ਪੂਰੇ ਨੌਂ ਸਾਲ ਅਸੀਂ ਧਰਤੀ ਤੇ ਪਿੱਠ ਲਾ ਕੇ ਨਹੀਂ ਅਰਾਮ ਕੀਤਾ ਸੀ। ਬੈਠੇ-ਬੈਠੇ ਹੀ ਯੋਗਕ ਕ੍ਰਿਆ ਰਾਹੀਂ ਨਿੰਦਰਾ ਲੈ ਲਿਆ ਕਰਦੇ ਸਾਂ। ਪੰਜ ਮਿੰਟਾਂ ਦੀ ਯੋਗਕ ਨੀਂਦ ਸਰੀਰ ਦੀ ਸੁਸਸਥਾ ਲਈ ਬਹੁਤ ਹੈ।

ਵਾਹਿਗੁਰੂ ਜੀ ਦੈਂਤ ਤਾਂ ਲਾ ਦਿੰਦਾ ਹੈ ਪਰ ਜਦੋਂ ਪ੍ਰਹਿਲਾਦ ਦੇ ਪਿਛੇ ਜ਼ਬਰਦਸਤ ਹਰਨਾਖਸ਼ ਦੈਂਤ ਨੂੰ ਲਾਇਆ ਤਾਂ ਹਰ ਸਮੇਂ ਆਪ ਹੀ ਸਹਾਇਤਾ ਕਰਦੇ ਰਹੇ। ਜ਼ਹਿਰੀਲੇ ਸੱਪਾਂ ਵਾਲੀ ਕੋਠੜੀ ਵਿਚ ਪ੍ਰਹਿਲਾਦ ਨੂੰ ਬੰਦ ਕਰਿਆ ਉਹ ਪ੍ਰਹਿਲਾਦ ਨੂੰ ਡੰਗ ਮਾਰਨ ਦੀ ਥਾਂ ਉਸ ਨਾਲ ਖੇਲ੍ਹ ਰਹੇ ਸਨ। ਜਦੋਂ ਪ੍ਰਹਿਲਾਦ ਨੂੰ ਪਹਾੜ ਉਪਰੋਂ ਸੁਟਿਆ ਤਾਂ ਧਰਤੀ ਦੀ ਖਿੱਚ ਸ਼ਕਤੀ ਬੰਦ ਕਰ ਦਿਤੀ ਉਹ ਹੌਲੀ-ਹੌਲੀ ਰੂੰ ਦੇ ਗੋਹੜੇ ਵਾਂਗੂੰ ਉਡਦਾ ਧਰਤੀ ਉਪਰ ਆ ਬੈਠਿਆ। ਜਦੋਂ ਪਾਣੀ ਵਿਚ ਸੰਗਲਾਂ ਨਾਲ ਪੱਥਰ ਬੰਨ੍ਹ ਕੇ ਉਸ ਨੂੰ ਡੋਬਿਆ ਤਾਂ ਸੰਗਲ ਅਤੇ ਪੱਥਰ ਤਾਂ ਹੇਠਾਂ ਹੀ ਰਹਿ ਗਏ ਪ੍ਰਹਿਲਾਦ ਜੀ ਪਾਣੀ ਉਪਰ ਐਉਂ ਬੈਠ ਗਏ ਜਿਵੇਂ ਕੋਈ ਯੋਗੀ ਮ੍ਰਿਗਸ਼ਾਲਾ ਤੇ ਬੈਠਾ ਹੁੰਦਾ ਹੈ। ਅੱਗ ਵਿਚ ਬਿਠਾ ਕੇ ਜਲਾਇਆ ਤਾਂ ਅੱਗ ਨੇ ਸਭ ਕੁਝ ਸੁਆਹ ਕਰ ਦਿਤਾ ਪਰ ਪ੍ਰਹਿਲਾਦ ਜੀ ਉਪਰ ਪ੍ਰਭੂ ਪ੍ਰੇਮ ਦਾ ਲਾਲ ਰੰਗ ਚੜ੍ਹ ਗਿਆ। ਸੋ ਭਾਈ ਗੁਰਮੁਖੋ! ਜਦੋਂ ਥੰਮਾਂ ਨਾਲ ਪ੍ਰਹਿਲਾਦ ਨੂੰ ਲਾਉਣ ਲੱਗੇ ਤਾਂ ਆਪ ਹੀ ਵਾਹਿਗੁਰੂ ਜੀ ਨੇ ਨਰਸਿੰਘ ਰੂਪ ਧਾਰਿਆ ਜੋ ਉਪਰਲਾ ਹਿਸਾ ਸ਼ੇਰ ਦਾ ਸੀ ਅਤੇ ਹੇਠਲਾ ਹਿੱਸਾ ਮਨੁੱਖ ਦਾ ਸੀ, ਥੰਮ ਨੂੰ ਪਾੜ ਕੇ ਨਿਕਲਿਆ ਅਤੇ ਹਰਨਾਖਸ਼ ਨੂੰ ਮਾਰਿਆ। ਇਸੇ ਤਰ੍ਹਾਂ ਨਾਲ ਦਰੋਪਤੀ ਮਗਰ ਦੁਸ਼ਟ ਲਾਏ ਜਦੋਂ ਭਰੀ ਸਭਾ ਵਿਚ ਉਸਨੂੰ ਨਗਨ ਕਰਨ ਦਾ ਹੁਕਮ ਦਿਤਾ ਗਿਆ ਤਾਂ ਆਪ ਹੀ ਉਸ ਦਾ ਰਾਖਾ ਬਣ ਕੇ ਕਪੜਿਆਂ ਦਾ ਐਨਾ ਪ੍ਰਵਾਹ ਚਲਾ ਦਿਤਾ ਕਿ ਭਾਈ ਗੁਰਦਾਸ ਜੀ ਲਿਖਦੇ ਹਨ -

***ਕੱਪੜ ਕੋਟ ਉਸਾਰਿਓਨੁ ਥੱਕੇ ਦੂਤ ਨ ਪਾਰਿ ਵਸਾਂਦੀ॥***
***ਹੱਥ ਮਰੋੜਨਿ ਸਿਰੁ ਧੁਣਨਿ ਪਛੋਤਾਨ ਕਰਨਿ ਜਾਹ ਜਾਂਦੀ॥***
***ਭਾਈ ਗੁਰਦਾਸ ਜੀ, ਵਾਰ 10/8***

ਇਸੇ ਤਰ੍ਹਾਂ ਨਾਲ ਜਦੋਂ ਰਾਵਣ ਦੁਸ਼ਟ ਸ੍ਰੀ ਰਾਮ ਚੰਦਰ ਜੀ ਨੂੰ ਤੰਗ ਕਰਨ ਲਈ ਸੀਤਾ ਹਰਨ ਕਰਕੇ ਕੇ ਲੈ ਆਇਆ ਤਾਂ ਇਸ ਸੰਘਰਸ਼ ਵਿਚ ਰਾਵਣ ਦਾ ਨਾਸ਼ ਹੋਇਆ। ਅਨੇਕਾਂ ਭਗਤ ਨਾਮਦੇਵ ਜੀ, ਕਬੀਰ ਜੀ ਜੈਸੇ ਮਹਾਂਪੁਰਸ਼ਾਂ ਦੀ ਪਰਖ ਹੋਈ ਪਰ ਉਨ੍ਹਾਂ ਦੀ ਸਦਾ ਹੀ ਪ੍ਰਭੂ ਨੇ ਆਪ ਹੀ ਰੱਖਿਆ ਕੀਤੀ। ਸੋ ਇਸ ਕਰਕੇ ਗੁਰਮੁਖ ਪਿਆਰਿਓ! ਤੁਸੀਂ ਉਦਾਸ ਨਾ ਹੋਵੋ, ਇਹ ਕਸਵੱਟੀਆਂ ਹਨ ਜੋ ਵਾਹਿਗੁਰੂ ਜੀ ਵਲੋਂ ਸੰਤਾਂ ਨੂੰ ਹੋਰ ਸ਼ੁੱਧ ਕਰਨ ਵਾਸਤੇ ਲਾਈਆਂ ਜਾਇਆ ਕਰਦੀਆਂ ਹਨ ਇਨ੍ਹਾਂ ਗੱਲਾਂ ਬਾਰੇ ਕੋਈ ਬਹੁਤੀ ਬਾਤਚੀਤ ਨਹੀਂ ਚਲਾਉਣੀ, ਕਿਉਂਕਿ ਦ੍ਵੈਤ ਦਾ ਵਿਸ਼ਾ ਬਣ ਜਾਂਦਾ ਹੈ, ਸਿਰਫ ਐਨਾ ਹੀ ਕਹਿਣਾ ਹੈ ਕਿ ਜੋ ਕੁਝ ਵਾਹਿਗੁਰੂ ਜੀ ਕਰਦੇ ਹਨ ਉਹ ਭਲੇ ਲਈ ਹੀ ਕਰਦੇ ਹਨ। ਸੰਤ ਮਹਾਰਾਜ ਜੀ ਦੇ ਜੋ ਦੀਵਾਨ ਲੱਗਿਆ ਕਰਦੇ ਸਨ ਉਨ੍ਹਾਂ ਵਿਚ ਜਦੋਂ ਆਪ ਜੀ ਨੇ ਧਾਰਨਾ ਪੜ੍ਹਨੀ -

***ਧਾਰਨਾ - ਝੱਟ ਕਿਥੇ ਲੰਘਾਵਾਂ ਓ ਮਾਲਕਾ***
***ਦੁਨੀਆਂ ਟਿਕਣ ਨਾ ਦੇਵੇ - 2, 2***

***ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾਂ ਪਤਿ॥***
***ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ॥***
***ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ॥***
***ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤ॥***
***ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ॥***
***ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥***

*ਕਾਈ ਗਲੀ ਨ ਮੇਵਨੀ ਜਿਥੇ ਕਢਾਂ ਝੌਤਿ॥*
*ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥*

ਮਹਾਂਪੁਰਸ਼ਾਂ ਦੀ ਅਵਾਜ਼ ਵਿਚ ਐਨੀ ਖਿੱਚ ਸੀ ਕਿ ਇਹ ਧਾਰਨਾ ਕਿਸੇ ਤੋਂ ਸਹਿਨ ਨਹੀਂ ਹੋਇਆ ਕਰਦੀ ਸੀ ਕਿਉਂਕਿ ਨਿੰਦਕ ਤੇ ਈਰਖਾਲੂ ਪੁਰਸ਼ ਬਾਰ-ਬਾਰ ਆਪਣੀਆਂ ਬੁਰੀਆਂ ਚਿਤਵਨੀਆਂ ਵਿਚੋਂ ਅਸਫਲ ਹੋ ਚੁਕੇ ਸਨ। ਪਰ ਜਦੋਂ ਸੰਤ ਮਹਾਰਾਜ ਜੀ ਨੇ ਇਸ ਸ਼ਬਦ ਦੀ ਧੁਨ ਉਚਾਰਣੀ ਤਾਂ ਇਹ ਹਿਤੈਸ਼ੀਆਂ ਦੇ, ਜਗਿਆਸੂਆਂ, ਪ੍ਰੇਮੀਆਂ ਦੇ ਹਿਰਦਿਆਂ ਨੂੰ ਬਿੰਨ੍ਹ ਕੇ ਪਾਰ ਹੋ ਜਾਇਆ ਕਰਦੀ ਸੀ ਅਤੇ ਸਰੋਤਿਆਂ ਦੇ ਨੇਤਰਾਂ ਵਿਚੋਂ ਹੰਝੂਆਂ ਦੀ ਝੜੀ ਲਗ ਜਾਇਆ ਕਰਦੀ ਸੀ। ਅਜੇ ਤਕ ਵੀ ਇਹ ਧਾਰਨਾਂ ਜਦੋਂ ਮੈਂ ਪੜ੍ਹਦਾ ਹਾਂ ਤਾਂ ਮੈਨੂੰ ਇਉਂ ਹੀ ਲਗਿਆ ਕਰਦਾ ਹੈ ਕਿ ਸੰਤ ਮਹਾਰਾਜ ਜੀ ਹੀ ਪੜ੍ਹ ਰਹੇ ਹਨ। ਉਹ ਦਰਦ ਦਿਲ ਵਿਚ ਪੈਦਾ ਹੋ ਜਾਇਆ ਕਰਦਾ ਹੈ ਜਿਹੜਾ ਕਦੇ ਬਚਪਨ ਵਿਚ ਅਨੁਭਵ ਕੀਤਾ ਸੀ।

ਇਹ ਇਕ ਬੜੀ ਭਾਰੀ ਜੱਦੋ-ਜਹਿਦ, ਉਸ ਸੂਰਮੇ ਵਲੋਂ ਹੋ ਰਹੀ ਸੀ ਜਿਸ ਦਾ ਰਸਤਾ ਰੋਕਣ ਲਈ ਮਾਇਆ ਜੱਖਣੀ ਅਤੇ ਕਲਜੁੱਗ ਤੇ ਅਜਿੱਤ ਸੈਨਾਪਤੀ ਕਾਮ, ਕ੍ਰੋਧ ਆਦਿਕ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ, ਪਰ ਆਪ ਜੀ ਦਾ ਹਰ ਕਦਮ ਪੂਰਨ ਜਿੱਤ ਵਲ ਨੂੰ ਵਧ ਰਿਹਾ ਸੀ। ਕਿਸੇ ਨਿੰਦਿਆ ਦਾ ਕਿਸੇ ਵੀ ਪਾਈ ਹੋਈ ਰੁਕਾਵਟ ਦਾ ਅਸਰ ਆਪ ਦੀ ਭਜਨ ਬੰਦਗੀ ਦੀ ਚਾਲੀ ਨੂੰ ਬਦਲਾ ਨਾ ਸਕਿਆ। ਸਗਮਾਂ ਆਪ ਪ੍ਰਮ ਅਵਸਥਾ ਵਲ ਨੂੰ ਵਧਦੇ ਹੀ ਗਏ ਅਤੇ ਬਹੁਤ ਹੀ ਛੋਟੀ ਉਮਰ ਵਿਚ ਪ੍ਰਮ ਪਦ ਦੀ ਪ੍ਰਾਪਤੀ ਕਰ ਲਈ। ਆਪ ਜੀ ਪੂਰਨ ਗਿਆਨਵਾਨ ਹੋ ਕੇ ਵਾਹਿਗੁਰੂ ਜੀ ਵਿਚ ਅਭੇਦ ਹੁੰਦਿਆਂ ਸੰਸਾਰ ਵਿਚ ਪ੍ਰਭੂ ਹੁਕਮ ਅਨੁਸਾਰ ਵਿਚਰਦੇ ਰਹੇ।

ਅਸਾਡੇ ਘਰ ਮਸਤੂਆਣੇ ਤੋਂ ਉਨ੍ਹਾਂ ਦਿਨਾਂ ਵਿਚ ਅਨਾਜ ਇਕੱਠਾ ਕਰਨ ਵਾਸਤੇ ਸੰਤ ਠਹਿਰਿਆ ਕਰਦੇ ਸਨ ਅਤੇ ਅਸਾਨੂੰ ਸਦਾ ਹੀ ਵਰਜਿਆ ਕਰਦੇ ਸਨ ਕਿ ਰਾੜੇ ਸਾਹਿਬ ਨਹੀਂ ਜਾਣਾ ਅਤੇ ਊਲ-ਜਲੂਲ ਗੱਲਾਂ ਬੋਲ ਕੇ ਅਸ਼ਰਧਾ ਪੈਦਾ ਕਰਨ ਦਾ ਜਤਨ ਕਰਦੇ ਸਨ। ਉਦੋਂ ਇਹ ਸਭ ਕੁਝ ਮੈਨੂੰ ਅੱਛਾ ਨਹੀਂ ਲੱਗਿਆ ਕਰਦਾ ਸੀ ਪਰ ਮੈਨੂੰ ਹੁਣ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਇਸ ਤਰ੍ਹਾਂ ਬੋਲਣਾ ਅਤੇ ਅਸਾਨੂੰ ਵਰਜਣਾ ਇਸ ਕਰਕੇ ਸੀ ਕਿ ਇਕ ਮਹਾਨ ਪ੍ਰਕਾਸ਼ ਦਾ ਗਿਆਨ ਸਰੂਪ ਸੂਰਜ ਧਰਤੀ ਤੇ ਚੜ੍ਹ ਰਿਹਾ ਹੈ, ਜੋ ਸਾਰੇ ਪ੍ਰਕਾਸ਼ਾਂ ਨੂੰ ਆਪਣੇ ਵਿਚ ਲੀਨ ਕਰਨ ਦੀ ਸਮਰਥਾ ਰਖਦਾ ਹੈ ਉਨ੍ਹਾਂ ਨੂੰ ਆਪਣੇ ਦੀਵਿਆਂ ਦੀ ਹਸਤੀ ਦਾ ਡਰ ਹੀ ਬਣਿਆ ਰਹਿੰਦਾ ਸੀ ਕਿ ਐਡੇ ਪ੍ਰਤਾਪਵਾਨ ਮਹਾਂਪੁਰਸ਼ ਦੇ ਕਰਮ ਖੇਤਰ ਵਿਚ ਪੁਜਣ ਨਾਲ ਅਸਾਡੀ ਕੋਈ ਵੀ ਮਹੱਤਤਾ ਨਹੀਂ ਰਹਿਣੀ, ਜੋ ਮੈਨੂੰ ਵਡੇਰੀ ਉਮਰ ਵਿਚ ਆ ਕੇ ਪ੍ਰਤੀਤ ਦਿਤਾ। ਨਾ ਹੀ ਤਾਂ ਉਨ੍ਹਾਂ ਨੇ ਸੰਤ ਮਹਾਰਾਜ ਜੀ ਦੇ ਦਰਸ਼ਨ ਕੀਤੇ ਸਨ ਅਤੇ ਨਾ ਹੀ ਉਨ੍ਹਾਂ ਬਾਰੇ ਬਹੁਤਾ ਜਾਣਦੇ ਸਨ ਪਰ ਉਹ ਚੜ੍ਹਦੇ ਸੂਰਜ ਦੇ ਮਹਾਂ ਪ੍ਰਕਾਸ਼ ਨੂੰ ਪ੍ਰਤੱਖ ਦੇਖ ਕੇ ਅਸਾਡੇ ਵਰਗਿਆਂ ਨੂੰ ਨਿੰਦਿਆ ਤੇ ਈਰਖਾ ਦੇ ਹਨ੍ਹੇਰੇ ਵਿਚ ਨਾਲ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ।

ਇਸੇ ਤਰ੍ਹਾਂ ਨਾਲ ਅਸਾਡੇ ਪਿੰਡ ਦੇ ਮੁਖੀ, ਅਖੌਤੀ ਧਰਮੀਆਂ ਨੂੰ ਵੀ ਇਹ ਗੱਲ ਭਾਉਂਦੀ ਨਹੀਂ ਸੀ ਕਿ ਇਕ ਛੋਟੀ ਉਮਰ ਦਾ ਸੰਤ ਰੇਰੂ ਸਾਹਿਬ ਤੋਂ ਵੀ ਕਿਤੇ ਵੱਧ ਸ਼ਕਤੀਸ਼ਾਲੀ, ਪ੍ਰਕਾਸ਼ਮਈ ਹੋ ਕੇ ਇਸ ਸੰਸਾਰ ਵਿਚ ਉਭਰੇ। ਉਹ ਸਾਰੇ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨਾਲ ਜੁੜੇ ਹੋਏ ਸਨ ਪਰ ਸੰਤ ਮਹਾਰਾਜ ਜੀ ਦੀ ਨਿੰਦਿਆ ਸੁਣ ਕੇ ਹੀ ਖੁਸ਼ ਹੋਇਆ ਕਰਦੇ ਸਨ। ਉਸ ਦਾ ਵੀ ਕਾਰਨ ਸੀ ਕਿ ਜਦੋਂ ਇਹ ਰੇਰੂ ਸਾਹਿਬ ਜਾਇਆ ਕਰਦੇ ਸਨ ਤਾਂ ਸੰਤ ਭਗਵਾਨ ਸਿੰਘ ਜੀ ਮਹਾਰਾਜ ਆਪਣੇ ਸੁਭਾਅ ਮੁਤਾਬਿਕ ਇਨ੍ਹਾਂ ਦੀ ਆਓ ਭਗਤ ਕਰਦਿਆਂ ਇਨ੍ਹਾਂ ਦੀ ਸੇਵਾ ਦੀ ਤਾਰੀਫ ਕਰ ਦਿਆ ਕਰਦੇ ਸਨ। ਸੋ ਇਨ੍ਹਾਂ ਨੂੰ ਰਾੜੇ ਸਾਹਿਬ ਦਾ ਵਧਦਾ ਪ੍ਰਤਾਪ ਭਾਉਂਦਾ ਨਹੀਂ ਸੀ।

ਸੰਤ ਮਹਾਰਾਜ ਜੀ ਘੱਟ ਹੀ ਕਿਸੇ ਦੀ ਪ੍ਰਵਾਹ ਕਰਿਆ ਕਰਦੇ ਸਨ ਕਿਉਂਕਿ ਉਹ ਅੰਦਰੋਂ ਆਪ ਬਹੁਤ ਉਚਤਾ ਵਾਲੀ ਅਵਸਥਾ ਪ੍ਰਾਪਤ ਕਰ ਚੁੱਕੇ ਸਨ, ਇਸ ਲਈ ਉਨ੍ਹਾਂ ਨੂੰ ਸਵਾਏ ਵਾਹਿਗੁਰੂ ਜੀ ਤੋਂ ਹੋਰ ਕਿਸੇ ਦੀ ਮੁਹਤਾਜੀ ਨਹੀਂ ਸੀ। ਹਰ ਸਮੇਂ ਵਾਹਿਗੁਰੂ ਜੀ ਵਿਚ ਲੀਨ ਰਹਿੰਦੇ ਸਨ। ਸ਼ਾਹਾਂ, ਬਾਦਸ਼ਾਹਾਂ, ਸਰਦਾਰਾਂ, ਅਮੀਰਾਂ ਦੀ ਆਪ ਨੂੰ ਕੋਈ ਵੀ ਪਰਵਾਹ ਨਹੀਂ ਸੀ, ਕਿਸੇ ਨੂੰ ਵੀ ਆਪ ਨਿਗ੍ਹਾਂ ਥੱਲੇ ਨਹੀਂ ਸੀ ਲਿਆਇਆ ਕਰਦੇ -

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186*

ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਉਪਦੇਸ਼ ਅਨੁਸਾਰ ਅਸਲੀ ਬਾਦਸ਼ਾਹ ਉਹ ਹਨ ਜਿਹੜੇ ਸਦਾ ਹੀ ਸੱਚੇ ਨਾਲ ਰੱਤੇ ਰਹਿੰਦੇ ਹਨ ਜਿਵੇਂ ਕਿ ਆਮ ਧਾਰਨਾ ਪੜ੍ਹੀ ਜਾਂਦੀ ਹੈ -

*ਧਾਰਨਾ - ਸੱਚੇ ਉਹ ਪਾਤਸ਼ਾਹ*
*ਸੱਚੇ ਨਾਲ ਰੱਤੇ ਜਿਹੜੇ - 2, 2.*
*ਸੱਚੇ ਨਾਲ ਰੱਤੇ ਜਿਹੜੇ - 2.*
*ਸੱਚੇ ਉਹ ਪਾਤਸ਼ਾਹ .............-2*

*ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥*
*ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ॥*
*ਪੰਨਾ - 749*

ਇਕ ਇਤਿਹਾਸ ਨੂੰ ਵਾਚਿਆਂ ਪਤਾ ਲਗਦਾ ਹੈ ਕਿ ਜਹਾਂਗੀਰ ਤੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਥੋੜ੍ਹੀ ਦੇਰ ਲਈ ਇਕੱਠੇ ਹੀ ਰਹੇ ਤਾਂ ਇਕ ਦਿਨ ਜਹਾਂਗੀਰ ਨੇ ਗੁਰੂ ਮਹਾਰਾਜ ਜੀ ਨੂੰ ਪੁਛਿਆ ਕਿ ਗੁਰੂ ਜੀ! ਮੈਨੂੰ ਇਕ ਗੱਲ ਉਪਰ ਬਹੁਤ ਸ਼ੰਕਾ ਹੈ, ਉਹ ਇਹ ਹੈ ਕਿ ਮੈਨੂੰ ਲੋਕ ਬਾਦਸ਼ਾਹ ਆਖਦੇ ਹਨ, ਪਰ ਤੁਹਾਨੂੰ ਸੱਚੇ ਪਾਤਸ਼ਾਹ ਆਖਦੇ ਹਨ। ਮੇਰੇ ਕੋਲ ਹਿੰਦੁਸਤਾਨ ਦਾ ਹਜ਼ਾਰਾਂ ਮੀਲਾਂ ਦਾ ਇਲਾਕਾ ਹੈ, ਤੁਹਾਡੇ ਪਾਸ ਕੋਈ ਇਲਾਕਾ ਨਹੀਂ ਹੈ, ਕੋਈ ਤੁਹਾਡਾ ਖਜ਼ਾਨਾ ਨਹੀਂ ਹੈ, ਕੋਈ ਫੌਜ ਨਹੀਂ ਹੈ ਪਰ ਤੁਹਾਨੂੰ ਸੱਚੇ ਪਾਤਸ਼ਾਹ ਕਿਉਂ ਕਹਿੰਦੇ ਹਨ ਇਹ ਮੇਰੀ ਸਮਝ ਵਿਚ ਨਹੀਂ ਆਉਂਦਾ? ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਜਹਾਂਗੀਰ! ਅਸੀਂ ਕਦੇ ਵੀ ਕਿਸੇ ਨੂੰ ਨਹੀਂ ਆਖਿਆ ਕਿ ਸਾਨੂੰ ਸੱਚੇ ਪਾਤਸ਼ਾਹ ਆਖੋ! ਇਹ ਸੰਗਤਾਂ ਦੀ ਭਾਵਨਾ ਹੈ ਪਰ ਗੁਰਬਾਣੀ ਵਿਚ ਐਸਾ ਫੁਰਮਾਨ ਆਉਂਦਾ ਹੈ -

*ਕੋਊ ਹਰਿ ਸਮਾਨਿ ਨਹੀ ਰਾਜਾ॥*

*ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥*
*ਪੰਨਾ - 856*

ਗੁਰਬਾਣੀ ਅਨੁਸਾਰ ਅਸੀਂ ਤਾਂ ਕਦੇ ਬਾਦਸ਼ਾਹੀਆਂ ਵਲ ਧਿਆਨ ਵੀ ਨਹੀਂ ਦਿੰਦੇ। ਇਹ ਨੂੰ ਤੁਛ ਚੀਜ਼ਾਂ ਜਾਣਦੇ ਹਾਂ ਕਿਉਂਕਿ ਅੱਲਾਹ ਦੇ ਪਿਆਰਿਆਂ ਪਾਸ ਅਤਿ ਕੀਮਤੀ ਅਨਮੋਲ ਅੱਲਾਹ ਦਾ ਨਾਮ ਹੋਇਆ ਕਰਦਾ ਹੈ ਜਿਸ ਦੇ ਮੁਕਾਬਲੇ ਬਾਦਸ਼ਾਹੀਆਂ ਕੁਝ ਵੀ ਨਹੀਂ ਹੋਇਆ ਕਰਦੀਆਂ, ਸੰਸਾਰ ਨਾਸ਼ਵਾਨ ਹੈ, ਸੰਸਾਰ ਦੀਆਂ ਪਦਵੀਆਂ ਵੀ ਨਾਸ਼ਵਾਨ ਹਨ, ਸੰਸਾਰ ਵਿਚ ਬਹੁਤ ਵੱਡੇ-ਵੱਡੇ ਬਾਦਸ਼ਾਹ ਆਏ ਪਰ ਆਪਣਾ-ਆਪਣਾ ਸਮਾਂ ਗੁਜ਼ਾਰ ਕੇ ਸੰਸਾਰ ਤੋਂ ਚਲੇ ਗਏ। ਜੋ ਉਨ੍ਹਾਂ ਨੇ ਯਾਦਗਾਰਾਂ ਕਾਇਮ ਕੀਤੀਆਂ ਉਹ ਵੀ ਮਿਟ ਗਈਆਂ, ਅੱਜ ਉਨ੍ਹਾਂ ਦਾ ਨਾਮ ਵੀ ਕੋਈ ਨਹੀਂ ਜਾਣਦਾ। ਪਰ ਉਸ ਦੇ ਮੁਕਾਬਲੇ ਪ੍ਰਭੂ ਦੇ ਪਿਆਰੇ ਆਏ, ਉਨ੍ਹਾਂ ਦੀਆਂ ਯਾਦਗਾਰਾਂ ਮਿਟਣ ਦੀ ਥਾਂ ਹੋਰ ਨਵੀਆਂ ਤੋਂ ਨਵੀਆਂ ਬਣਦੀਆਂ ਤੁਰੀਆਂ ਜਾਂਦੀਆਂ ਹਨ। ਦੇਖ, ਇਸਲਾਮ ਵਿਚ ਬਾਬਾ ਫਰੀਦ ਜੀ ਵਰਗੇ ਆਏ ਉਹ ਅਮਰ ਹਨ, ਉਨ੍ਹਾਂ ਦੀਆਂ ਯਾਦਗਾਰਾਂ ਵੀ ਅਮਰ ਹਨ।

ਦੂਸਰੀ ਗੱਲ ਇਹ ਹੁੰਦੀ ਹੈ ਕਿ ਜਿਨ੍ਹਾਂ ਦੇ ਪੱਲੇ ਨਾਮ ਹੁੰਦਾ ਹੈ ਉਨ੍ਹਾਂ ਦੇ ਸਾਮ੍ਹਣੇ ਦੁਨੀਆਂ ਦੀਆਂ ਗੁਪਤ ਸ਼ਕਤੀਆਂ ਜਿਨ੍ਹਾਂ ਨੂੰ ਰਿੱਧੀਆਂ-ਸਿੱਧੀਆਂ ਆਖਿਆ ਜਾਂਦਾ ਹੈ ਉਹ ਸਾਰੀਆਂ ਹੱਥ ਬੰਨ ਕੇ ਸੇਵਾ ਕਰਨ ਦੀ ਆਗਿਆ ਮੰਗਦੀਆਂ ਰਹਿੰਦੀਆਂ ਹਨ। ਉਨ੍ਹਾਂ ਦਾ ਅਧਿਕਾਰ ਸੰਸਾਰ ਵਿਚ ਵੀ ਚਲਦਾ ਹੈ ਅਤੇ ਦਰਗਾਹ ਵਿਚ ਵੀ ਚਲਦਾ ਹੈ। ਸੋ ਇਸ ਕਰਕੇ ਸੰਸਾਰੀ ਲੋਕ ਪ੍ਰਭੂ ਪਿਆਰਿਆਂ ਨੂੰ ਮਹਾਰਾਜ ਜੀ, ਸੱਚੇ ਪਾਤਸ਼ਾਹ ਆਦਿ ਬੇਅੰਤ ਉਪਾਧੀਆਂ ਨਾਲ ਸਨਮਾਨਤ ਕਰਦੇ ਹਨ। ਚਲੋ, ਤੁਹਾਨੂੰ ਕਿਤੇ ਪ੍ਰਤੱਖ ਦੇਖਣ ਦਾ ਵੀ ਮੌਕਾ ਮਿਲ ਜਾਵੇਗਾ। ਅਸਾਡੇ ਗੁਰੂ ਮਹਾਰਾਜ ਜੀ ਨੇ ਤਾਂ ਐਸਾ ਫੁਰਮਾਨ ਕੀਤਾ ਹੈ -

*ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥*
*ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥*
*ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥*
*ਮਾਇਆਧਾਰੀ ਛਤ੍ਰਪਤਿ ਤਿਨ ਛੋਡਉ ਤਿਆਗਿ॥*
*ਪੰਨਾ - 811*

ਸੋ ਇਸ ਕਰਕੇ ਸ਼ਰਧਾਲੂ ਆਪਣੀ ਸ਼ਰਧਾ ਪ੍ਰਗਟ ਕਰਦੇ ਹੋਏ ਮਹਾਂਪੁਰਸ਼ਾਂ ਨੂੰ ਐਸੇ ਵਿਸ਼ੇਸ਼ਣ ਦੇ ਕੇ ਬੁਲਾਇਆ ਕਰਦੇ ਹਨ। ਇਸ ਤਰ੍ਹਾਂ ਸਮਾਂ ਬੀਤਦਾ ਗਿਆ। ਇਕ ਦਿਨ ਬਹੁਤ ਗਰਮੀ ਸੀ, ਗੁਰੂ ਮਹਾਰਾਜ ਜੀ ਦੇ ਨਾਲ ਹੀ ਜਹਾਂਗੀਰ ਜਾ ਰਿਹਾ ਸੀ। ਜੰਗਲ ਵਿਚ ਕੈਂਪ ਲਾ ਲਿਆ, ਇਕ ਤੰਬੂ ਜਹਾਂਗੀਰ ਦਾ ਦੂਸਰਾ ਗੁਰੂ ਮਹਾਰਾਜ ਜੀ ਦਾ, ਪਰ ਨੇੜੇ-ਨੇੜੇ ਸਨ। ਉਸ ਸਮੇਂ ਇਕ ਘਾਹੀ ਘਾਹ ਦੀ ਪੰਡ ਸਿਰ ਤੇ ਰੱਖ ਕੇ ਗੁਰੂ ਮਹਾਰਾਜ ਜੀ ਦੇ ਘੋੜਿਆਂ ਲਈ ਲਿਆਇਆ, ਉਹ ਜਦੋਂ ਜਹਾਂਗੀਰ ਦੇ ਕੈਂਪ ਦੇ ਅੱਗੇ ਆਇਆ ਤਾਂ ਉਸ ਨੇ ਸਿਪਾਹੀਆਂ ਨੂੰ ਕਿਹਾ ਕਿ ਮੈਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਹਨ। ਮੈਨੂੰ ਲੰਘ ਜਾਣ ਦੇਵੋ, ਉਨ੍ਹਾਂ ਨੇ ਉਸ ਘਾਹੀ ਨੂੰ ਰੋਕ ਦਿਤਾ। ਉਹ ਜਦੋਂ ਦੋ ਵਾਰੀ ਬੋਲਿਆ ਤਾਂ ਜਹਾਂਗੀਰ ਨੇ ਸੁਣ ਕੇ ਕਿਹਾ ਕਿ ਅੱਜ ਮੈਨੂੰ ਵੀ ਕੋਈ ਸੱਚੇ ਪਾਤਸ਼ਾਹ ਕਹਿ ਰਿਹਾ ਹੈ। ਤਾਂ ਉਸ ਨੇ ਹੁਕਮ ਦਿਤਾ ਕਿ ਇਸ ਨੂੰ ਆ ਜਾਣ ਦਿਓ। ਘਾਹੀ ਪੰਡ ਸਮੇਤ ਜਹਾਂਗੀਰ ਦੇ ਸਾਮ੍ਹਣੇ ਹਾਜ਼ਰ ਹੋਇਆ ਉਸ ਨੇ ਘਾਹ ਦੀ ਪੰਡ ਧਰਤੀ ਤੇ ਰੱਖ ਦਿਤੀ ਅਤੇ ਜੇਬ ਵਿਚੋਂ ਇਕ ਲੀਰ ਕੱਢੀ ਜਿਸ ਨੂੰ ਦੋ ਤਿੰਨ ਗੰਢਾਂ ਦਿਤੀਆਂ ਹੋਈਆਂ ਸਨ। ਗੰਢਾਂ ਖੋਲ੍ਹੀਆਂ, ਉਹਦੇ ਵਿਚੋਂ ਆਪਣੀ ਕਮਾਈ 'ਚੋਂ ਜੋੜਿਆ ਹੋਇਆ ਟਕਾ ਕੱਢਿਆ ਅਤੇ ਜਹਾਂਗੀਰ ਦੇ ਚਰਨਾਂ ਵਿਚ ਮੱਥਾ ਟੇਕ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਇਕ ਮੇਰਾ ਦੁਖ ਕੱਟ ਦੇਵੋ। ਤਾਂ ਜਹਾਂਗੀਰ ਨੇ ਕਿਹਾ ਦੱਸ, ਤੈਨੂੰ ਕੀ ਦੁਖ ਹੈ? ਮੈਂ ਹੁਣੇ ਕੱਟ ਦਿੰਦਾ ਹਾਂ। ਉਸ ਨੇ ਕਿਹਾ, "ਸੱਚੇ ਪਾਤਸ਼ਾਹ! ਮੈਂ ਬਾਰ-ਬਾਰ ਜੰਮਦਾ ਮਰਦਾ ਤੁਰਿਆ ਆ ਰਿਹਾ ਹਾਂ। ਹਰ ਵਾਰੀ ਮੈਨੂੰ ਮਾਤਾ ਦੇ ਗਰਭ ਵਿਚ ਪੁੱਠਾ ਲਟਕਣਾ ਪੈਂਦਾ ਹੈ ਤੇ ਅਗਨ ਦੇ ਵਿਚ ਹਾਲੋਂ ਬੇਹਾਲ ਹੋਇਆ ਰਹਿੰਦਾ ਹਾਂ। ਮੈਨੂੰ ਆਪਣਾ ਪਿਆਰ ਬਖਸ਼ ਕੇ ਮੇਰਾ ਜਨਮ ਮਰਨ ਕੱਟ ਦੇਵੋ ਜਿਸ ਤਰ੍ਹਾਂ ਕਿ ਫੁਰਮਾਨ ਹੈ -

*ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ॥*
*ਤਿਹ ਮੁਖ ਦੇਖਤ ਲੂਕਟ ਲਾਏ॥*
*ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥*
*ਅਗਨਿ ਦਹੈ ਅਰੁ ਗਰਭ ਬਸੇਰਾ॥*
*ਕਾਇਆ ਬਿਗੂਤੀ ਬਹੁ ਬਿਧਿ ਭਾਤੀ॥*
*ਕੋ ਜਾਰੇ ਕੋ ਗਡਿ ਲੇ ਮਾਟੀ॥*
*ਕਹੁ ਕਬੀਰ ਹਰਿ ਚਰਣ ਦਿਖਾਵਹੁ॥*
*ਪਾਛੈ ਤੇ ਜਮੁ ਕਿਉ ਨ ਪਠਾਵਹੁ॥ ਪੰਨਾ - 329*

ਇਹ ਸੁਣ ਕੇ ਜਹਾਂਗੀਰ ਹੈਰਾਨ ਹੋ ਗਿਆ ਕਿ ਮੇਰੇ ਵਿਚ ਤਾਂ ਇਹ ਤਾਕਤ ਹੀ ਨਹੀਂ ਹੈ ਕਿ ਕਿਸੇ ਦਾ ਜਨਮ ਮਰਨ ਦਾ ਮੈਂ ਦੁਖ ਕੱਟ ਦੇਵਾਂ। ਉਸ ਵੇਲੇ ਉਚੀ ਬੋਲ ਕੇ ਕਹਿਣ ਲੱਗਿਆ ਕਿ ਘਾਹੀ! ਤੂੰ ਆਪਣੀ ਮੰਗ ਛੱਡ ਦੇ, ਮੈਂ ਤੈਨੂੰ ਲੱਖਾਂ ਰੁਪਏ, ਸੋਹਣੀਆਂ ਕੋਠੀਆਂ ਦੇਣ ਨੂੰ ਤਿਆਰ ਹਾਂ ਤੈਨੂੰ ਕਿਸੇ ਪਰਗਣੇ ਦਾ ਅਫਸਰ ਬਣਾ ਦੇਵਾਂਗਾ, ਤੂੰ ਬਹੁਤ ਅਮੀਰ ਹੋ ਜਾਵੇਂਗਾ, ਤੈਨੂੰ ਸੂਬੇਦਾਰ ਬਣਾ ਦੇਵਾਂਗਾ, ਤੂੰ ਬਹੁਤ ਵਧੀਆ ਇਸਤ੍ਰੀਆਂ ਨਾਲ ਸ਼ਾਦੀਆਂ ਕਰਾ ਕੇ ਦੁਨੀਆਂ ਵਿਚ ਮੌਜ ਲੈ। ਉਸ ਵੇਲੇ ਘਾਹੀ ਹੈਰਾਨ ਹੋ ਗਿਆ ਤੇ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਦੁਨੀਆਂ ਦੀਆਂ ਚੀਜ਼ਾਂ ਦੇ ਕੇ ਤੁਸੀਂ ਆਪਣੇ ਚਰਨਾਂ ਨਾਲੋਂ ਤੋੜਨਾ ਚਾਹੁੰਦੇ ਹੋ, ਨਾ ਸੱਚੇ ਪਾਤਸ਼ਾਹ! ਮੈਨੂੰ ਮਾਇਆ ਵਿਚ ਨਾ ਫਸਾਵੋ, ਇਹ ਚੀਜ਼ਾਂ ਸਾਰੀਆਂ ਨਾਸ਼ਵਾਨ ਹਨ ਇਥੇ ਕੋਈ ਨਹੀਂ ਰਹਿੰਦਾ, ਇਥੇ ਬਾਦਸ਼ਾਹ, ਸ਼ਾਹ, ਪੀਰ, ਪੈਗੰਬਰ, ਔਲੀਏ ਸਰੀਰ ਛੱਡ ਕੇ ਚਲੇ ਜਾਂਦੇ ਹਨ ਅਤੇ ਪਤਾ ਵੀ ਨਹੀਂ ਲਗਦਾ ਕਿ -

*ਰਹਿਣ ਨਾ ਪਾਵਹਿ ਸੁਰਿ ਨਰ ਦੇਵਾ॥*
*ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ॥*
*ਜੀਵਤ ਪੇਖੇ ਜਿਨੀ ਹਰਿ ਹਰਿ ਧਿਆਇਆ॥*
*ਸਾਧਸੰਗਿ ਤਿਨੀ ਦਰਸਨੁ ਪਾਇਆ॥ ਰਹਾਉ॥*
*ਬਾਦਿਸਾਹ ਸਾਹ ਵਾਪਾਰੀ ਮਰਨਾ॥*
*ਜੋ ਦੀਸੈ ਸੋ ਕਾਲਹਿ ਖਰਨਾ॥*
*ਕੂੜੈ ਮੋਹਿ ਲਪਟਿ ਲਪਟਾਨਾ॥*
*ਛੋਡਿ ਚਲਿਆ ਤਾ ਫਿਰਿ ਪਛੁਤਾਨਾ॥*
*ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ॥*
*ਨਾਮੁ ਤੇਰਾ ਜਪੀ ਦਿਨੁ ਰਾਤਿ॥ ਪੰਨਾ - 740*

ਸੱਚੇ ਪਾਤਸ਼ਾਹ! ਨਾਮ ਵਰਗੀ ਅਮੋਲਕ ਵਸਤੂ ਤੋਂ ਮੇਰਾ ਮਨ ਹਟਾ ਕੇ ਆਪ ਸੰਸਾਰ ਦੀਆਂ ਨਾਸ਼ਵਾਨ ਚੀਜ਼ਾਂ ਬਖਸ਼ਦੇ ਹੋ, ਨਾ ਸੱਚੇ ਪਾਤਸ਼ਾਹ! ਮੈਨੂੰ ਤਾਂ ਕੁਝ ਨਹੀਂ ਚਾਹੀਦਾ, ਮੇਰਾ ਤਾਂ ਜਨਮ ਮਰਨ ਕੱਟ ਦੇਵੋ। ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਦੇ ਦੇਵੋ। ਇਹ ਸੁਣ ਕੇ ਜਹਾਂਗੀਰ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਿਆ ਕਿ ਘਾਹੀ! ਮੈਂ ਤਾਂ ਦੁਨੀਆਂ ਦਾ ਬਾਦਸ਼ਾਹ ਹਾਂ ਜਿਸ ਨੂੰ ਤੂੰ ਸੱਚੇ ਪਾਤਸ਼ਾਹ ਕਹਿੰਦਾ ਹੈ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਸਾਮ੍ਹਣੇ ਵਾਲੇ ਟੈਂਟ ਵਿਚ ਹਨ। ਉਸ ਵੇਲੇ ਘਾਹੀ ਨੇ ਟਕਾ ਵੀ ਚੁੱਕ ਲਿਆ ਅਤੇ ਘਾਹ ਦੀ ਪੰਡ ਵੀ ਚੁਕ ਲਈ ਅਤੇ ਉਚੀ-ਉਚੀ ਰੋਂਦਾ ਜਾਂਦਾ ਹੈ ਕਿ ਮੈਂ ਤਾਂ ਦੁਨੀਆਂ ਦੇ ਬਾਦਸ਼ਾਹ ਅੱਗੇ ਝੁਕ ਕੇ ਉਸ ਪਾਸੋਂ ਦਾਤ ਮੰਗੀ ਜਿਹੜਾ ਆਪ ਜਮਾਂ ਦੇ ਵਸ ਹੈ। ਉਚੀ-ਉਚੀ ਰੋਂਦੇ ਦੀ ਅਵਾਜ਼ ਸੁਣ ਕੇ ਗੁਰੂ ਮਹਾਰਾਜ ਜੀ ਟੈਂਟ ਤੋਂ ਬਾਹਰ ਆਏ। ਉਸ ਘਾਹੀ ਨੇ ਘਾਹ ਦੀ ਪੰਡ ਰੱਖ ਕੇ ਟਕਾ ਚਰਨਾਂ ਤੇ ਰੱਖ ਕੇ ਉਚੀ ਅਵਾਜ਼ ਵਿਚ ਬੋਲਿਆ ਕਿ ਸੱਚੇ ਪਾਤਸ਼ਾਹ! ਮੈਂ ਬਹੁੜ ਜਨਮ ਨਾ ਆਵਾਂ, ਮੇਰੇ ਤੇ ਕ੍ਰਿਪਾ ਕਰੋ। ਗੁਰੂ ਮਹਾਰਾਜ ਜੀ ਨੇ ਉਸ ਸਿੱਖ ਨੂੰ ਛਾਤੀ ਨਾਲ ਲਾਇਆ। ਉਸ ਦੇ ਮੈਲੇ ਕਪੜੇ ਤੇ ਪਸੀਨੇ ਦੀ ਪ੍ਰਵਾਹ ਨਾ ਕੀਤੀ ਤੇ ਤਿੰਨ ਵਾਰੀ ਮੁਖ ਤੋਂ ਕਿਹਾ ਕਿ ਸਿਖਾ ਨਿਹਾਲ! ਨਿਹਾਲ! ਨਿਹਾਲ। ਸਿੱਖ ਦੇ ਬਜਰ ਕਪਾਟ ਖੁਲ੍ਹ ਗਏ, ਦਿੱਬਜ ਦ੍ਰਿਸ਼ਟੀ ਪ੍ਰਾਪਤ ਹੋ ਗਈ, ਸਾਰੇ ਪਾਪਾਂ ਦਾ ਨਾਸ਼ ਹੋ ਗਿਆ ਅਤੇ ਬ੍ਰਹਮਗਿਆਨ ਦੀ ਪ੍ਰਾਪਤੀ ਹੋ ਗਈ। ਸਚਮੁੱਚ ਇਥੇ ਅਤੇ ਬਹਿਸ਼ਤਾਂ ਦਾ ਬਾਦਸ਼ਾਹ ਬਣ ਗਿਆ। ਗੁਰੂ ਮਹਾਰਾਜ ਜੀ ਦੀ ਕ੍ਰਿਪਾ ਸਦਕੇ ਕ੍ਰਿਤ-ਕ੍ਰਿਤ ਹੋ ਗਿਆ। ਜਹਾਂਗੀਰ ਇਹ ਸਾਰਾ ਨਜ਼ਾਰਾ ਦੇਖ ਰਿਹਾ ਸੀ, ਉਸ ਨੇ ਕਿਹਾ ਕਿ ਮਹਾਰਾਜ! ਸਚਮੁਚ ਹੀ ਆਪ ਸੱਚੇ ਪਾਤਸ਼ਾਹ ਹੋ, ਮੈਂ ਤਾਂ ਝੂਠਾ ਪਾਤਸ਼ਾਹ ਹੀ ਹਾਂ।

ਇਸ ਤਰ੍ਹਾਂ ਜੋ ਨਾਮ ਵਿਚ ਰੱਤੇ ਹੋਏ ਹਨ ਉਨ੍ਹਾਂ ਦੀ ਬਾਦਸ਼ਾਹੀ ਇਥੇ ਅਤੇ ਬਹਿਸ਼ਤਾਂ ਵਿਚ ਵੀ ਚਲਦੀ ਹੈ ਜਿਵੇਂ ਕਿ ਉਪਰ ਦਸਿਆ ਜਾ ਚੁਕਿਆ ਹੈ ਕਿ -

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186*

ਗੁਰਬਾਣੀ ਵਿਚ ਐਸਾ ਵੀ ਫੁਰਮਾਨ ਆਉਂਦਾ ਹੈ ਕਿ -

*ਪੰਡਿਤ ਸੂਰ ਛਤ੍ਰਪਤਿ ਰਾਜਾ*
*ਭਗਤ ਬਰਾਬਰਿ ਅਉਰੁ ਨ ਕੋਇ॥ ਪੰਨਾ - 858*

ਅਤੇ

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਪੰਨਾ - 707*

ਸੋ ਜਿਸ ਨੂੰ ਅੰਦਰਲੀ ਬਾਦਸ਼ਾਹੀ ਪ੍ਰਾਪਤ ਹੋ ਚੁੱਕੀ ਹੋਵੇ, ਉਹ ਕਿਸੇ ਦੀ ਮੁਹਤਾਜੀ ਕਿਉਂ ਕੱਢੇ।

*ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥*
*ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥*
*ਪੰਨਾ - 1096*

ਇਸੇ ਤਰ੍ਹਾਂ ਹੀ ਇਕ ਹੋਰ ਬਹੁਤ ਪੁਰਾਣੀ ਕਥਾ ਸੁਣੀ ਜਾਂਦੀ ਹੈ ਕਿ ਜਦੋਂ ਸਿਕੰਦਰੇ ਆਜ਼ਮ ਨੇ ਭਾਰਤ ਤੇ ਹਮਲਾ ਕੀਤਾ ਉਸ ਵੇਲੇ ਉਹ ਰਾਵੀ ਕੰਢੇ ਆ ਕੇ ਰੁਕ ਗਿਆ ਕਿਉਂਕਿ ਉਥੇ ਇਕ ਬਹੁਤ ਹੀ ਸ਼ਕਤੀਸ਼ਾਲ ਰਾਜਾ ਰਾਜ ਕਰਦਾ ਸੀ ਜਿਸ ਦਾ ਨਾਮ ਪੋਰਸ ਸੀ। ਉਸ ਦਾ ਖਿਆਲ ਸੀ ਕਿ ਜਿਸ ਤਰ੍ਹਾਂ ਰਾਜਾ ਅੰਬੀ ਮੈਨੂੰ ਮੰਨ ਗਿਆ, ਇਸ ਤਰ੍ਹਾਂ ਮੇਰੀ ਤਾਕਤ ਦੇਖ ਕੇ ਰਾਜਾ ਪੋਰਸ ਵੀ ਹਾਰ ਮੰਨ ਜਾਵੇਗਾ। ਪਰ ਰਾਜਾ ਪੋਰਸ ਆਪਣੀ ਜਾਨ ਤੇ ਖੇਲ੍ਹਣ ਵਾਲਾ ਬਹੁਤ ਹੀ ਅਣਖੀ ਰਾਜਾ ਸੀ, ਉਸ ਨੇ ਸਿਕੰਦਰ ਨੂੰ ਉਸ ਦੀ ਦੋ ਲੱਖ ਫੌਜ ਸਮੇਤ ਰਾਵੀ ਪਾਰ ਨਾ ਕਰਨ ਦਿਤੀ। ਤਿੰਨ ਮਹੀਨੇ ਲੰਘਣ ਉਪਰੰਤ ਦਰਿਆ ਵਿਚ ਪਾਣੀ ਘਟਿਆ। ਇਹ ਉਪਰ ਜੰਮੂ ਵਲ ਨੂੰ ਹੋ ਕੇ ਰਾਜੇ ਪੋਰਸ ਨਾਲ ਲੜਨ ਆਇਆ। ਉਸ ਨੇ ਆਕਰਮਣ ਕੀਤਾ ਤਾਂ ਬਹੁਤ ਸਖਤ ਮੁਕਾਬਲਾ ਹੋਣ ਪਿਛੋਂ ਰਾਜਾ ਪੋਰਸ ਹਾਰ ਗਿਆ। ਆਪਸ ਵਿਚ ਸੁਲ੍ਹਾ ਸਫਾਈ ਹੋ ਗਈ। ਉਸ ਵੇਲੇ ਸਿਕੰਦਰ ਨੇ ਰਾਜੇ ਪੋਰਸ ਨੂੰ ਆਖਿਆ ਕਿ ਮੈਂ ਕਿਸੇ ਭਾਰਤੀ ਸੰਤ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ, ਮੇਰੇ ਮਨ ਵਿਚ ਬੜੀ ਜਗਿਆਸਾ ਹੈ ਕਿਉਂਕਿ ਮੈਂ ਸੁਣਿਆ ਹੈ ਕਿ ਭਾਰਤੀ ਸੰਤ ਆਤਮਕ ਉਨਤੀ ਵਿਚ ਬਹੁਤ ਉਚੇ ਹਨ। ਉਸ ਵੇਲੇ ਰਾਜਾ ਪੋਰਸ ਨੇ ਉਸ ਦੀ ਜਗਿਆਸਾ ਸਮਝਦਿਆਂ ਹੋਇਆਂ ਕਿਹਾ ਕਿ ਕਲ੍ਹ ਨੂੰ ਦਰਸ਼ਨ ਕਰਾਂਗੇ। ਦੂਸਰੇ ਦਿਨ ਉਹ ਰਾਜੇ ਪੋਰਸ ਨੂੰ ਲੈ ਕੇ ਰਾਵੀ ਦੇ ਕੰਢੇ-ਕੰਢੇ ਚਲਦਾ ਜੰਗਲਾਂ ਵਿਚੀਂ ਹੁੰਦਾ ਹੋਇਆ ਇਕ ਥਾਂ ਪਹੁੰਚਿਆ, ਜਿਥੇ ਸੰਤ ਕੰਪੀਨ ਮਾਤਰ ਪਹਿਨ ਕੇ ਸੂਰਜ ਦੀ ਚੜ੍ਹਦੀ ਧੁੱਪ ਲੈ ਰਹੇ ਸਨ। ਪੋਹ ਦਾ ਮਹੀਨਾ ਸੀ ਉਹ ਧੁੱਪੇ ਬੈਠੇ ਪ੍ਰਸੰਨ ਚਿੱਤ ਸਨ। ਸਿਕੰਦਰ ਨੇ ਕਿਹਾ ਕਿ ਸਾਧੂ ਕਿਥੇ ਹੈ? ਤਾਂ ਪੋਰਸ ਨੇ ਇਸ਼ਾਰਾ ਕਰਿਆ ਕਿ ਓ ਬੈਠੇ ਹਨ। ਉਸ ਨੇ ਫੇਰ ਦੋਹਰਾਇਆ ਕਿ ਉਹ ਜੋ ਨੰਗਾ ਧੜੰਗਾ ਬੈਠਾ ਹੈ, ਓਹੀ ਹੈ। ਪੋਰਸ ਨੇ ਕਿਹਾ ਹਾਂ ਜੀ, ਓਹੀ ਹੈ। ਉਨ੍ਹਾਂ ਸੰਤਾਂ ਨੇ ਵੀ ਗਰਦਨ ਮੋੜ ਕੇ ਇਨ੍ਹਾਂ ਦੋਹਾਂ ਨੂੰ ਆਉਂਦਿਆਂ ਦੇਖਿਆ। ਅੰਗਰਕਸ਼ਕ ਦੋਹਾਂ ਨੇ ਦੂਰ ਖੜ੍ਹੇ ਕਰ ਦਿਤੇ ਸਨ। ਸਿਕੰਦਰ ਦੇ ਮਨ ਵਿਚ ਆਇਆ ਕਿ ਇਹ ਅਸਾਨੂੰ ਦੇਖ ਕੇ ਬੈਠਾ ਕਿਉਂ ਹੈ ਅਸਾਡੇ ਸਤਿਕਾਰ ਵਾਸਤੇ ਖੜ੍ਹਾ ਕਿਉਂ ਨਹੀਂ ਹੋਇਆ? ਇਹ ਉਸ ਦੇ ਅਭਿਮਾਨ ਦਾ ਪ੍ਰਤੀਕ ਸੀ। ਉਹ ਗੁੱਸੇ ਵਿਚ ਆ ਗਿਆ, ਉਸ ਨੇ ਆਪਣੀ ਤਲਵਾਰ ਇਸ ਇਰਾਦੇ ਨਾਲ ਕੱਢ ਲਈ ਕਿ ਮੈਂ ਹੁਣੇ ਹੀ ਤਲਵਾਰ ਮਾਰ ਕੇ ਦੋ ਟੁਕ ਕਰ ਦੇਣੇ ਹਨ। ਕਹਿਣ ਲੱਗਿਆ ਕਿ ਐਡੀ ਗੁਸਤਾਖੀ, ਸਾਰੀ ਦੁਨੀਆਂ ਦਾ ਮੈਂ ਵਿਜੈਤਾ ਇਹ ਮੇਰਾ ਉਠ ਕੇ ਸਤਿਕਾਰ ਵੀ

ਕਰ ਨਹੀਂ ਸਕਦਾ। ਪੋਰਸ ਸਭ ਕੁਝ ਦੇਖ ਰਿਹਾ ਸੀ। ਉਸ ਨੂੰ ਸੰਤਾਂ ਦੀ ਕਰਨੀ ਦਾ ਪਤਾ ਸੀ। ਜਦੋਂ ਸਿਕੰਦਰ ਨੇੜੇ ਪਹੁੰਚਿਆ ਤਾਂ ਸੰਤਾਂ ਨੇ ਉਸ ਨੂੰ ਇਕ ਨਜ਼ਰ ਵਿਚ ਜੜ੍ਹ ਪੱਥਰ ਬਣਾ ਦਿਤਾ।

ਜਿਵੇਂ ਕਿ ਜਦੋਂ ਗੁਰੂ ਅੰਗਦ ਸਾਹਿਬ ਜੀ ਉਪਰ ਹਮਾਯੂੰ ਨੇ ਤਲਵਾਰ ਚੁਕੀ ਤਾਂ ਲੱਖ ਯਤਨ ਕਰਨ ਤੇ ਵੀ ਨਾ ਤਲਵਾਰ ਕੱਢ ਸਕਿਆ ਅਤੇ ਨਾ ਹੱਥ ਮੁੱਠੇ ਨਾਲੋਂ ਦੂਰ ਹੋ ਸਕਿਆ। ਇਸ ਤਰ੍ਹਾਂ ਸਿਕੰਦਰ ਨੂੰ ਪੋਰਸ ਨੇ ਕਿਹਾ ਕਿ ਸੰਤਾਂ ਪਾਸ ਨਿਮਰਤਾ ਨਾਲ ਆਈਦਾ ਹੈ। ਪ੍ਰਭੂ ਇਨ੍ਹਾਂ ਨਾਲ ਇਕਮਿਕ ਹੋਇਆ ਹੁੰਦਾ ਹੈ ਤੁਸੀਂ ਇਨ੍ਹਾਂ ਪ੍ਰਤੀ ਸ਼ਰਧਾ ਮਨ ਵਿਚ ਲਿਆਓ। ਆਪਣੀ ਭੁੱਲ ਦੀ ਖਿਮਾ ਮੰਗੋ। ਮਜ਼ਬੂਰਨ ਸਿਕੰਦਰ ਨੂੰ ਇਹ ਕਰਨਾ ਪਿਆ, ਉਸ ਵੇਲੇ ਸੰਤਾਂ ਨੇ ਪੁਛਿਆ ਕਿ ਤੂੰ ਐਨੇ ਕ੍ਰੋਧ ਵਿਚ ਕਿਉਂ ਆਇਆ? ਸਿਕੰਦਰ ਨੇ ਕਿਹਾ ਕਿ ਮੈਂ ਸਾਰੀ ਦੁਨੀਆਂ ਨੂੰ ਜਿੱਤਣ ਵਾਲਾ ਸੰਸਾਰ ਦਾ ਜੇਤੂ ਹਾਂ ਤੁਸੀਂ ਮੇਰਾ ਆਦਰ ਕਿਉਂ ਨਹੀਂ ਕੀਤਾ ਅਤੇ ਆਦਰ ਕਰਨ ਲਈ ਖੜ੍ਹੇ ਕਿਉਂ ਨਹੀਂ ਹੋਏ? ਇਸ ਕਰਕੇ ਮੈਨੂੰ ਗੁੱਸਾ ਆਉਣਾ ਕੁਦਰਤੀ ਸੀ। ਰੱਬ ਤੋਂ ਦੂਜੇ ਨੰਬਰ ਉਪਰ ਮੇਰੀ ਸ਼ਕਤੀ ਹੈ। ਸੰਤ ਮੁਸਕਰਾ ਪਏ ਕਹਿਣ ਲੱਗੇ, "ਸਿਕੰਦਰ! ਤੇਰੀ ਸ਼ਕਤੀ ਤਾਂ ਤੂੰ ਆਪੇ ਦੇਖ ਹੀ ਲਈ ਹੈ ਜੜ੍ਹ ਹੋ ਕੇ ਹਿੱਲ ਹੀ ਨਹੀਂ ਸਕਿਆ। ਇਹ ਕੇਵਲ ਤੇਰਾ ਭਰਮ ਹੈ, ਬਾਦਸ਼ਾਹੀ ਪ੍ਰਮੇਸ਼ਰ ਦੀ ਦਾਤ ਹੋਇਆ ਕਰਦੀ ਹੈ, ਇਹ ਕੰਡਿਆਂ ਦਾ ਤਾਜ ਹੁੰਦਾ ਹੈ, ਸੱਚੀ ਬਾਦਸ਼ਾਹੀ ਸਾਧੂਆਂ ਨੂੰ ਮਿਲੀ ਹੁੰਦੀ ਹੈ ਕਿਉਂਕਿ ਫੁਰਮਾਨ ਹੈ –

***ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ॥***

***ਪੰਨਾ - 42***

ਹਾਂ, ਤੇਰੀ ਗੱਲ ਦਾ ਉਤਰ ਦਿੰਦੇ ਹਾਂ, ਤੂੰ ਇਹ ਦੱਸ ਜੇ ਤੇਰਾ ਗੁਲਾਮ ਆ ਜਾਵੇ ਤਾਂ ਤੂੰ ਖੜ੍ਹਾ ਹੁੰਦਾ ਹੈਂ?"

ਉਸ ਨੇ ਕਿਹਾ ਕਿ ਨਹੀਂ।

ਮਹਾਤਮਾ ਨੇ ਕਿਹਾ ਕਿ ਜੇ ਤੇਰੇ ਗੁਲਾਮਾਂ ਦੇ, ਗੁਲਾਮਾਂ ਦਾ, ਗੁਲਾਮ ਆ ਜਾਵੇ ਫੇਰ?

ਤਾਂ ਕਹਿਣ ਲੱਗਿਆ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ।

ਤਾਂ ਆਪ ਨੇ ਕਿਹਾ ਕਿ ਸਿਕੰਦਰ ਤੂੰ ਸਾਡੇ ਗੁਲਾਮਾਂ ਦੇ ਗੁਲਾਮਾਂ ਦਾ, ਗੁਲਾਮ ਹੈਂ। ਮੈਂ ਤੇਰੇ ਆਏ ਤੇ ਖੜ੍ਹਾ ਕਿਉਂ ਹੋਵਾਂ? ਸੁਣ, ਤੇਰੇ ਦੇਸ਼ ਦੇ ਅੰਦਰ ਕੁਲੀ, ਜੁਲੀ, ਗੁਲੀ ਤਿੰਨੇ ਚੀਜ਼ਾਂ ਹਨ ਫੇਰ ਤੂੰ ਦੁਨੀਆਂ ਨੂੰ ਮਾਰਨ ਲਈ ਕਿਉਂ ਨਿਕਲਿਆ? ਕਿਉਂਕਿ ਤੇਰਾ ਮਨ ਲਭ ਦਾ ਗੁਲਾਮ ਹੋ ਗਿਆ ਸੀ। ਤੂੰ ਮਨ ਦਾ ਗੁਲਾਮ ਹੈਂ, ਪਹਿਲਾਂ ਤੇਰਾ ਮਨ ਲਭ ਦਾ ਗੁਲਾਮ ਹੋਇਆ ਫੇਰ ਤੂੰ ਮਨ ਦਾ ਗੁਲਾਮ ਹੋਇਆ। ਅਸੀਂ ਓਹ ਖੜ੍ਹਾਵਾਂ ਦੇ ਥੱਲੇ ਲਭ, ਮਨ ਤੇ ਤੈਨੂੰ ਰੱਖਿਆ ਹੋਇਆ ਹੈ। ਉਸ ਵੇਲੇ ਸਿਕੰਦਰ ਨੂੰ ਗੱਲ ਸਮਝ ਵਿਚ ਆਈ, ਉਸ ਨੇ ਕਿਹਾ ਕਿ ਮਹਾਰਾਜ! ਮੈਨੂੰ ਸੇਵਾ ਬਖਸ਼ੋ, ਮੈਂ ਇਥੇ ਸੋਹਣੇ ਪਾਰਕ ਬਣਵਾ ਕੇ ਫੁਹਾਰੇ ਲੁਆ ਦੇਵਾਂਗਾ, ਸੜਕਾਂ ਬਣਵਾ ਦਿੰਦਾ ਹਾਂ, ਦਰਸ਼ਕ ਤੇ ਸ਼ਰਧਾਲੂ ਆਪ ਦੇ ਦਰਸ਼ਨ ਕਰਨ ਸੁਖਾਲੇ ਆ ਜਾਇਆ ਕਰਨਗੇ। ਖੇਤਰ ਲੁਆ ਦਿੰਦਾ ਹਾਂ ਜਿਥੇ ਭੁੱਖੇ ਪੇਟ ਦੀ ਭੁੱਖ ਮਿਟਾਇਆ ਕਰਨਗੇ। ਮਹਾਤਮਾ ਨੇ ਕਿਹਾ ਕਿ ਸਿਕੰਦਰ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਸੰਸਾਰੀ ਲੋਕ ਕੀ ਹੁੰਦੇ ਹਨ, ਇਹ ਮੱਖੀਆਂ ਹੁੰਦੀਆਂ ਹਨ। ਇਹ ਗਰਜ਼ਾਂ ਦੇ ਬੰਨ੍ਹੇ ਬੰਦੇ ਹੁੰਦੇ ਹਨ ਇਨ੍ਹਾਂ ਦੀਆਂ ਗਰਜ਼ਾਂ ਪੂਰੀਆਂ ਕਰਨੀਆਂ ਮੁਸ਼ਕਲ ਹੁੰਦੀਆਂ ਹਨ। ਸੋ ਇਨ੍ਹਾਂ ਮੈਲੀਆਂ ਮੱਖੀਆਂ ਤੋਂ ਲਾਂਭੇ ਬੈਠੇ ਹਾਂ। ਕੋਈ ਬਹੁਤ ਸ਼ਰਧਾਲੂ ਹੋਵੇ ਉਹੀ ਇਸ ਥਾਂ ਪਹੁੰਚ ਸਕਦਾ ਹੈ। ਉਸ ਨੇ ਕਿਹਾ ਕਿ ਮੈਂ ਤਾਂ ਤੁਹਾਨੂੰ ਜ਼ਰੂਰ ਕੁਝ ਦੇ ਕੇ ਜਾਣਾ ਹੈ, ਮੈਨੂੰ ਸੇਵਾ ਬਖਸ਼ੋ। ਤਾਂ ਆਪ ਨੇ ਬੜੀ ਬੇਪ੍ਰਵਾਹੀ ਨਾਲ ਕਿਹਾ ਕਿ ਜੇ ਤੂੰ ਦੇਣਾ ਹੀ ਹੈ ਤਾਂ ਤੂੰ ਆਪਣਾ ਪਰਛਾਵਾ ਮੇਰੇ ਉਤੇ ਨਾ ਪੈਣ ਦੇ, ਅਸਾਨੂੰ ਧੁੱਪ ਛੱਡ ਦੇ। ਇਹ ਬੇਪਰਵਾਹੀ ਹੋਇਆ ਕਰਦੀ ਹੈ ਕਿਉਂਕਿ ਸੰਸਾਰ ਗਰਜਾਂ ਵਿਚ ਬੰਨ੍ਹਿਆਂ ਸਦਾ ਹੀ ਨੀਵਾਂ ਸੋਚਦਾ ਹੈ। ਜਿਸ ਦੇ ਅੰਦਰ ਪ੍ਰਭੂ ਦਾ ਗੁੰਜ਼ਾਰਾਂ ਪਾਉਂਦਾ ਨਾਮ ਹੋਵੇ, ਰਿੱਧੀਆਂ ਸਿੱਧੀਆਂ ਹੱਥ ਬੰਨ੍ਹੀ ਸੇਵਾ ਲਈ ਮਿੰਨਤਾਂ ਕਰਦੀਆਂ ਫਿਰਨ ਫੇਰ ਉਹ ਕਿਸੇ ਦੀ ਮੁਹਥਾਜੀ ਕਿਉਂ ਕੱਢੇ।

ਸੋ ਇਸ ਤਰ੍ਹਾਂ ਸੰਤ ਮਹਾਰਾਜ ਜੀ ਨਾਮ ਵਿਚ ਰੰਗੇ ਹੋਏ ਸਨ। ਨਾਮ ਰਸ ਵਿਚ ਪੂਰੀ ਤਰ੍ਹਾਂ ਲਿਵਲੀਨ ਸਨ। ਆਪਾ ਭਾਵ ਖਤਮ ਕਰਕੇ ਉਹ ਪ੍ਰਭੂ ਦਾ ਰੂਪ ਹੋਏ ਹੋਏ ਸਨ। ਸੋ ਉਨ੍ਹਾਂ ਨੂੰ ਮੁਹਥਾਜੀ ਕਿਉਂ? ਸੋ ਏਸ ਗੱਲ ਨੂੰ ਅਭਿਮਾਨ ਨਹੀਂ ਆਖਿਆ ਜਾਂਦਾ, ਨਾ ਹੀ ਗ੍ਰਹਿਸਤੀਆਂ ਵਾਲਾ ਸਵੈਮਾਨ ਹੁੰਦਾ ਹੈ, ਇਹ ਚੜ੍ਹਦੀ ਕਲਾ ਦਾ ਪ੍ਰਤੀਕ ਹੁੰਦਾ ਹੈ। ਸੋ ਠੀਕ ਹੀ ਕਿਹਾ ਹੈ –

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***

***ਪੰਨਾ - 473***

ਗੁਰੂ ਨਾਨਕ ਪਾਤਸ਼ਾਹ ਬਾਬਰ ਨੂੰ ਆਖਦੇ ਹਨ –

***ਨਾਨਕ ਕਹਤ ਸੁਣ ਬਾਬਰ ਮੀਰ***
***ਤੁਝ ਸੇ ਮਾਂਗੇ ਸੋ ਅਹਮਕ ਫਕੀਰ।***

ਸੰਤ ਮਹਾਰਾਜ ਜੀ ਅਚਾਹ ਸਨ, ਉਨ੍ਹਾਂ ਨੇ ਆਪਣੇ ਮਨ ਨੂੰ ਪੂਰੀ ਤਰ੍ਹਾਂ ਜਿੱਤ ਲਿਆ ਸੀ। ਸੋ ਇਸ ਕਰਕੇ ਆਪ ਰੂਹਾਨੀ ਬਾਦਸ਼ਾਹੀ ਦਾ ਨੂਰਾਨੀ ਤਾਜ਼ ਸਿਰ ਉਪਰ ਪਹਿਨੇ ਹੋਏ ਸਨ। ਆਪ ਦਾ ਇਕ ਬਚਨ ਕੰਗਲਿਆਂ ਨੂੰ ਬਾਦਸ਼ਾਹ ਬਣਾ ਸਕਣ ਦੀ ਸਮਰਥਾ ਰਖਦਾ ਸੀ। ਇਥੇ ਮੈਂ ਜ਼ਿਕਰ ਨਹੀਂ ਕਰਨਾ ਚਾਹੁੰਦਾ ਫੇਰ ਵੀ ਮੈਂ ਅੰਸ ਮਾਤਰ ਬੇਨਤੀ ਕਰ ਦਿੰਦਾ ਹਾਂ ਕਿ ਮੇਰੇ ਸਾਮ੍ਹਣੇ ਸ. ਮੋਹਨ ਸਿੰਘ ਜੀ ਕੋਕਾਕੋਲਾ ਵਾਲਿਆਂ ਨੂੰ ਭੌਰਾ ਬਣਨ ਸਮੇਂ ਸੰਤ ਮਹਾਰਾਜ ਨੇ ਬਚਨ ਕੀਤਾ ਕਿ ਅਸਾਨੂੰ ਤੁਸੀਂ ਪ੍ਰਭੂ ਨੂੰ ਅਖੰਡਤਾ ਸਹਿਤ ਜੁੜਨ ਲਈ ਭੌਰਾ ਬਣਾ ਕੇ ਜੋ ਉਦਮ ਕੀਤਾ ਹੈ, ਅਸੀਂ ਤੁਹਾਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਦੀਨ ਵੀ ਦੁਨੀਆਂ ਵੀ ਬਖਸ਼ਾਉਂਦੇ ਹਾਂ। ਸੋ ਇਹ ਸੀ ਸੰਤ ਮਹਾਰਾਜ ਜੀ ਦੀ ਬੇਪਰਵਾਹੀ ਦੀ ਦਸ਼ਾ। ਆਪ ਜੀ ਦੇ ਦਰ ਤੇ ਰਾਜਿਆਂ ਨੂੰ ਵੀ ਸਮਾਂ ਮੰਗਣਾ ਪੈਂਦਾ ਸੀ ਕਿਉਂਕਿ ਜਿਸ ਸੰਪਰਦਾ ਨਾਲ ਆਪ ਦਾ ਸਬੰਧ ਸੀ ਉਹ ਬੇਮੁਹਤਾਜ ਬਾਦਸ਼ਾਹਾਂ ਦੀ ਸੰਪਰਦਾ ਸੀ।

ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਇਕ-ਇਕ ਹਫਤਾ ਠਹਿਰ ਕੇ ਦਰਸ਼ਨ ਹੋਇਆ ਕਰਦੇ ਸਨ। ਵੱਡੇ-ਵੱਡੇ ਸਰਦਾਰ

ਮਹੀਨਿਆਂ ਬੱਧੀ ਉਨਾ ਸਾਹਿਬ ਬੈਠੇ ਰਹਿੰਦੇ ਸਨ ਪਰ ਇਸ ਬੇਤਾਜ਼ ਬਾਦਸ਼ਾਹ ਤੋਂ ਸਮਾਂ ਪ੍ਰਾਪਤ ਕਰਕੇ ਹੀ ਦਰਸ਼ਨ ਕਰਿਆ ਕਰਦੇ ਸਨ।

ਜਦੋਂ ਆਪ ਬਹੁਤ ਜਲਾਲ ਵਿਚ ਆ ਕੇ ਸ਼ਬਦ ਪੜ੍ਹਿਆ ਕਰਦੇ ਸਨ ਉਨ੍ਹਾਂ ਦੀ ਅਵਸਥਾ ਬਾਦਸ਼ਾਹਾਂ ਦੇ ਬਾਦਸ਼ਾਹਾਂ ਦੀ ਪ੍ਰਤੀਤ ਹੋਇਆ ਕਰਦੀ ਸੀ, ਧਾਰਨਾ ਇਹ ਹੁੰਦੀ –

*ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ - 2, 2.*
*ਪਰਵਾਹ ਨਾ ਕਿਸੇ ਦੀ ਰਖਦੇ ਸਾਧੂ-2, 2.*
*ਰੰਗ ਹਸਦੇ ਤੇ ਰੰਗ ਰੋਂਦੇ - 2, 2.*

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥*

*ਪੰਨਾ - 473*

ਕਿਸੇ ਕਿਸਮ ਦਾ ਦੇਖ ਦਿਖਾਵਾਂ ਆਪ ਦੇ ਜੀਵਨ ਵਿਚ ਕਿਸੇ ਪੱਖੋਂ ਵੀ ਨਜ਼ਰ ਨਹੀਂ ਸੀ ਆਉਂਦਾ। ਆਪ ਦਾ ਸਰੀਰਕ ਵਜੂਦ ਐਵੇਂ ਜਿਵੇਂ ਲਗਦਾ ਰਹਿੰਦਾ ਜਿਵੇਂ ਕੋਈ ਮਹਾਨ ਪ੍ਰਤਾਪੀ ਕਿਸੇ ਹੋਰ ਮੰਡਲ ਤੋਂ ਇਸ ਸੰਸਾਰ ਵਿਚ ਪ੍ਰਵੇਸ਼ ਕਰਕੇ ਕ੍ਰਿਆ ਕਰ ਰਿਹਾ ਹੈ। ਲੋਕਾਂ ਦਾ ਸੁਭਾਅ ਹੋਇਆ ਕਰਦਾ ਹੈ ਕਿ ਹਰ ਕੋਈ ਉਨ੍ਹਾਂ ਦੀ ਖੁਸ਼ਾਮਦ ਕਰੇ, ਜੀ ਆਇਆਂ ਕਹੇ। ਸੰਤ ਮਹਾਰਾਜ ਪੂਰਨ ਨਿਮਰਤਾ ਭਾਵ ਵਿਚ ਰਹਿ ਕੇ ਕਿਸੇ ਦੀ ਕਾਣ ਨਹੀਂ ਕੱਢਿਆ ਕਰਦੇ ਸਨ। ਗਰੀਬ ਤੋਂ ਗਰੀਬ ਪੁਰਸ਼ ਨੂੰ ਵੀ ਮਿਲ ਲਿਆ ਕਰਦੇ ਸਨ। ਪਰ ਅਭਿਮਾਨੀ ਪੁਰਸ਼ਾਂ ਦੀਆਂ waves (ਲਹਿਰਾਂ) ਟੈਲੀਪੈਥੀ ਰਾਹੀਂ ਉਨ੍ਹਾਂ ਪਾਸ ਪਹਿਲਾਂ ਹੀ ਪਹੁੰਚ ਜਾਇਆ ਕਰਦੀਆਂ ਸਨ, ਉਨ੍ਹਾਂ ਨੂੰ ਆਪ ਘੱਟ ਹੀ ਮਿਲਿਆ ਕਰਦੇ ਸਨ।

ਸੰਤ ਮਹਾਰਾਜ ਜੀ ਕਈ ਵਾਰੀ ਸਹਿਜ ਨਾਲ ਬਚਨ ਕਰਦੇ ਦੱਸਿਆ ਕਰਦੇ ਸਨ ਕਿ ਭਜਨ ਕਰਨ ਲਈ ਕਿਸੇ ਪੂਰਨ ਮਹਾਂਪੁਰਸ਼ ਦੀ ਸੰਗਤ ਦੀ ਬਹੁਤ ਹੀ ਲੋੜ ਹੈ ਕਿਉਂਕਿ ਜਿਉਂ-ਜਿਉਂ ਮਨ ਸੂਖਸ਼ਮ ਹੁੰਦਾ ਜਾਂਦਾ ਹੈ ਤਿਉਂ-ਤਿਉਂ ਸੂਖਸ਼ਮ ਮੰਡਲਾਂ ਵਿਚ ਪ੍ਰਵੇਸ਼ ਕਰਦਾ ਜਾਂਦਾ ਹੈ। ਆਤਮਕ ਮੰਡਲ ਵਿਚ ਪਹੁੰਚਣ ਤੋਂ ਪਹਿਲਾਂ ਬਹੁਤ ਹੀ ਸੂਖਸ਼ਮ ਸ਼ਕਤੀਆਂ ਨਾਲ ਵਾਹ ਪੈਂਦਾ ਹੈ ਅਤੇ ਉਹ ਆਦਮੀ ਦੇ ਮਨ ਨੂੰ ਬਹੁਤ ਹੀ ਲੁਭਾਉਂਦੀਆਂ ਹਨ। ਕੁਦਰਤੀ ਤੌਰ ਤੇ ਹਰ ਬੰਦਾ ਆਪਣਾ ਮਾਣ ਚਾਹੁੰਦਾ ਹੈ, ਆਪਣੀ ਸ਼ੋਹਰਤ ਚਾਹੁੰਦਾ ਹੈ, ਕੋਈ ਪੈਸੇ ਨਾਲ ਆਪਣੀ ਸ਼ੋਹਰਤ ਪ੍ਰਾਪਤ ਕਰਦਾ ਹੈ, ਕੋਈ ਰਾਜਸੀ ਸ਼ਕਤੀ ਪ੍ਰਾਪਤ ਕਰਕੇ ਆਪਣਾ ਮਾਣ ਕਰਾਉਂਦਾ ਹੈ, ਕੋਈ ਵੱਡਾ ਪ੍ਰਚਾਰਕ ਬਣ ਕੇ, ਕੋਈ ਹੋਰ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਕੇ ਮਾਣ ਦੀ ਇੱਛਾ ਕਰਦਾ ਰਹਿੰਦਾ ਹੈ। ਗੁਰੂ ਮਹਾਰਾਜ ਜੀ ਨੇ ਪੂਰਨ ਅਵਸਥਾ ਤੇ ਪਹੁੰਚਿਆਂ ਹੋਇਆਂ ਬਾਰੇ ਜ਼ਿਕਰ ਕਰਦਿਆਂ ਦਸਿਆ ਹੈ ਕਿ ਜਿਸ ਨੂੰ ਪ੍ਰਭੂ ਦੀ ਆਗਿਆ ਪਿਆਰੀ ਲਗਦੀ ਹੈ ਉਹ ਜੀਵਨ ਮੁਕਤ ਅਵਸਥਾ ਨੂੰ ਮਾਣ ਰਿਹਾ ਹੁੰਦਾ ਹੈ ਅਤੇ ਉਸ ਦੀ ਬਾਹਰਲੀ ਕ੍ਰਿਆ, ਸੰਸਾਰ ਦੀ ਵਰਤੋਂ, ਮੇਲ ਜੋਲ, ਪ੍ਰਾਪਤੀਆਂ, ਅਪ੍ਰਾਪਤੀਆਂ, ਉਸ ਨਾਲ ਹੋਰ ਤਰ੍ਹਾਂ ਵਰਤਦੀਆਂ ਹਨ। ਖੁਸ਼ੀ ਤੇ ਗਮੀ ਉਸ ਦੀ ਪ੍ਰਮ ਸ਼ਾਂਤ ਅਵਸਥਾ ਵਿਚ ਦਖਲ ਨਹੀਂ ਦੇ ਸਕਦੀ, ਮਹਾਨ ਖੇੜਾ ਹਰ ਸਮੇਂ ਉਨ੍ਹਾਂ ਨੂੰ ਲੀਨਤਾ ਵਿਚ ਰਖਦਾ ਹੈ। ਗਮੀ ਉਸ ਥਾਂ ਉਪਰ ਪ੍ਰਵੇਸ਼ ਹੀ ਨਹੀਂ ਕਰਿਆ ਕਰਦੀ। ਗਮੀ ਦਾ ਮੰਡਲ ਬੁੱਧੀ ਮੰਡਲ ਵਿਚ ਹੁੰਦਾ ਹੈ ਅਚਾਨਕ ਖੁਸ਼ੀ ਆ ਕੇ ਖੁਸ਼ੀ ਅਨੁਭਵ ਕਰਨਾ ਇਹ ਵੀ ਬੁੱਧੀ ਮੰਡਲ ਦੀ ਮਾਇਕ ਅਵਸਥਾ ਹੈ। ਪਰ ਆਤਮਕ ਮੰਡਲ ਖੇੜਿਆਂ ਦਾ ਘਰ ਹੈ, ਉਥੇ ਸਰੀਰ ਦਾ ਇਕ-ਇਕ ਅੰਗ ਪੂਰੀ ਤਰ੍ਹਾਂ ਵਿਗਸਿਆ ਹੁੰਦਾ ਹੈ, ਉਹ ਅਵਸਥਾ ਹੋਰ ਹੁੰਦੀ ਹੈ। ਬਹੁਤ ਸਾਰੇ ਪ੍ਰੇਮੀ ਪਹਿਲਾਂ ਬੈਰਾਗ ਹੋਣ ਕਰਕੇ ਪ੍ਰਭੂ ਦੇ ਰਾਹ ਦਾ ਸਫਰ ਕੱਟਣ ਲਈ ਆਤਮ ਮਾਰਗ ਤੇ ਚਲਦੇ ਹਨ, ਪਰ ਅੰਦਰ ਲੁਕੀਆਂ ਹੋਈਆਂ ਵਾਸ਼ਨਾਵਾਂ ਉਪਰੋਂ ਇਸ ਤਰ੍ਹਾਂ ਦੱਬੀਆਂ ਹੁੰਦੀਆਂ ਹਨ ਜਿਵੇਂ ਕਿਸੇ ਦਰੱਖਤ ਨੂੰ ਗਲੋਂ ਕੱਟ ਦੇਈਏ ਜੜ੍ਹਾਂ ਉਸੇ ਤਰ੍ਹਾਂ ਰਹਿਣ ਦੇਈਏ। ਜਿਵੇਂ ਕੋਈ ਬਲਦੀ ਅੱਗ ਉਪਰ ਮਾਂਲੀਹ ਪਾ ਦੇਵੇ, ਉਹ ਅੰਦਰ ਹੀ ਅੰਦਰ ਧੁਖਦੀ ਰਹਿੰਦੀ ਹੈ, ਫੁਰਮਾਨ ਹੈ –

*ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥*
*ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨਾ ਮਾ ਪਿਰੀ॥*

*ਪੰਨਾ - 1382*

ਇਸੇ ਤਰ੍ਹਾਂ ਨਾਲ ਜਿਨ੍ਹਾਂ ਅੰਦਰ ਪੂਰਨ ਬੈਰਾਗ ਨਹੀਂ ਹੁੰਦਾ ਉਨ੍ਹਾਂ ਦੇ ਅੰਦਰ ਵਾਸ਼ਨਾਵਾਂ ਉਸੇ ਤਰ੍ਹਾਂ ਸੁਲਗਦੀਆਂ ਰਹਿੰਦੀਆਂ ਹਨ ਜਦੋਂ ਸਮਾਂ ਆਉਂਦਾ ਹੈ ਉਹ ਅਗਨ ਰੂਪ ਵਿਚ ਪ੍ਰਜ੍ਵਲਤ ਹੋ ਜਾਂਦੀਆਂ ਹਨ। ਪਰ ਜੇ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਕਰਦਾ ਹੋਵੇ ਅਤੇ ਇਮਾਨਦਾਰੀ ਨਾਲ ਘਾਲ ਕਮਾਈ ਕਰਦਾ ਹੋਵੇ ਫੇਰ ਮਾਨ-ਅਪਮਾਨ, ਲਾਭ-ਹਾਨ, ਖੁਸ਼ੀ-ਗਮੀ, ਵੈਰੀ-ਮਿਤਰ, ਸੋਨੇ-ਮਿੱਟੀ ਤੋਂ, ਅੰਮ੍ਰਿਤ-ਜ਼ਹਿਰ ਤੋਂ ਉਸਦੀ ਬਿਰਤੀ –

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥ ਪੰਨਾ - 485*

ਵਿਚ ਲੀਨ ਹੋ ਜਾਇਆ ਕਰਦੀ ਹੈ, ਉਥੇ ਮਾਨ-ਅਪਮਾਨ ਦਾ ਸਵਾਲ ਹੀ ਪੈਦਾ ਨਹੀਂ ਹੋਇਆ ਕਰਦਾ। ਉਹ ਜੀਵਨ ਮੁਕਤ ਦੀ ਅਵਸਥਾ ਹੁੰਦੀ ਹੈ ਜਿਸ ਦੇ ਬਾਰੇ ਫੁਰਮਾਨ ਹੈ –

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*

*ਪੰਨਾ - 275*

ਇਸ ਤੋਂ ਹੇਠਾਂ ਦੀ ਅਵਸਥਾ ਵਾਲੇ ਭਾਵੇਂ ਦੇਖਣ ਨੂੰ ਸਾਧੂ ਪ੍ਰਤੀਤ ਦਿੰਦੇ ਹਨ ਅਤੇ ਇਹ ਵੀ ਬਹੁਤ ਵਾਰੀ ਸੁਣੀਦਾ ਹੈ ਕਿ ਮਹਾਤਮਾ ਜੀ ਜਪ ਤਪ ਕਰਦੇ ਰਹਿੰਦੇ ਹਨ, ਉਨ੍ਹਾਂ ਨੇ ਜਪ 40 ਦਿਨ ਕਰਨਾ ਸੀ। ਕਿਸੇ ਦਾ ਪ੍ਰੋਗਰਾਮ 40 ਦਿਨ ਦਾ, ਕਿਸੇ ਦਾ ਛੇ ਮਹੀਨੇ ਦਾ ਹੁੰਦਾ ਹੈ। ਉਹ ਆਪਣੇ ਜੀਵਨ ਵਿਚ ਕਰਦੇ ਹੀ ਰਹਿੰਦੇ ਹਨ। ਕਈ ਸਾਧੂ ਮੈਂ ਦੇਖੇ ਹਨ ਉਹ ਹਰ ਸਾਲ ਹੀ ਚਾਲੀਸੇ ਕੱਟਦੇ ਹਨ। ਇਹ ਕਿਉਂ ਹੁੰਦਾ ਹੈ?

(ਬਾਕੀ ਪੰਨਾ 63 ਤੇ)

# ਅੱਠਵੇਂ ਰਤਨ
# ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ

ਜਰਨੈਲੀ ਸੜਕ ਤੋਂ ਕੋਈ ਚਾਰ ਮੀਲ ਪੱਛਮ ਵੱਲ ਨੂੰ ਪਟਿਆਲੇ ਦੇ ਰਾਜ ਅੰਦਰ ਦੁਰਾਹੇ ਤੋਂ ਚਾਰ ਮੀਲਾਂ ਪਰ ਨਗਰ ਲੋਪੋਂ ਦੇ ਮਸ਼ਹੂਰ ਸਫੈਦਪੋਸ਼ ਘਰਾਣੇ ਅੰਦਰ ਸਰਦਾਰ ਲਾਲ ਸਿੰਘ ਜੀ ਦੇ ਗ੍ਰਹਿ ਵਿਖੇ ਸੰਨ 1864 ਅਪਰੈਲ ਦੇ ਮਹੀਨੇ ਵਿਸਾਖੀ ਦੇ ਨੇੜੇ ਇਕ ਪਾਵਨ ਰੂਹ ਨੇ ਸੰਸਾਰ ਆਗਮਨ ਕੀਤਾ। ਆਪ ਤੋਂ ਪਹਿਲਾਂ ਸਰਦਾਰ ਲਾਲ ਸਿੰਘ ਦੇ ਇਕ ਹੋਰ ਸਪੁੱਤਰ ਵੀ ਸੀ। ਸਰਦਾਰ ਲਾਲ ਸਿੰਘ ਜੀ ਨੂੰ ਇਕ ਸੁਪਨਾ ਆਇਆ ਕਿ ਭਾਈ ਤੇਰੇ ਘਰ ਇਕ ਸੰਤ ਆ ਰਹੇ ਹਨ ਪਰ ਤੂੰ ਇਨ੍ਹਾਂ ਦੀ ਮਹਾਨਤਾ ਤੋਂ ਅਨਜਾਣ ਹੀ ਰਹੇਂਗਾ ਤੇ ਕਦੀ ਵੀ ਇਨ੍ਹਾਂ ਤੋਂ ਕੋਈ ਮਹਾਨ ਲਾਭ ਪ੍ਰਾਪਤ ਨਹੀਂ ਕਰੇਂਗਾ। ਇਹ ਤੇਰੇ ਪਰਿਵਾਰ ਦੀ ਕਲਿਆਣ ਕਰਨਗੇ, ਤੂੰ ਪਰਮਗਤ ਨੂੰ ਸੁਤੇ ਹੀ ਪ੍ਰਾਪਤ ਹੋਵੇਂਗਾ।

ਸਰਦਾਰ ਲਾਲ ਸਿੰਘ ਜੀ ਨੇ ਕਈ ਬ੍ਰਾਹਮਣਾਂ ਤੇ ਸਿਆਣਿਆਂ ਤੋਂ ਸੁਪਨੇ ਦਾ ਭੇਦ ਜਾਨਣ ਦਾ ਯਤਨ ਕੀਤਾ ਪਰ ਕਿਸੇ ਪਾਸੋਂ ਉਨ੍ਹਾਂ ਦੀ ਤਸੱਲੀ ਨਾ ਹੋਈ। ਉਹ ਉਸ ਦਿਨ ਤੋਂ ਆਏ ਗਏ ਸੰਤਾਂ ਦੀ ਬੜੀ ਹੀ ਸੇਵਾ ਕਰਦੇ ਸਨ। ਪਰ ਘਰ ਆਏ ਹੋਏ ਪਰਮ ਸੰਤ ਨੂੰ ਉਹ ਕਦੇ ਵੀ ਨਾ ਹੀ ਜਾਣ ਸਕੇ ਤੇ ਨਾ ਹੀ ਪਹਿਚਾਣ ਸਕਣ ਦੀ ਸ਼ਕਤੀ ਤੇ ਬੁਧੀ ਵਾਹਿਗੁਰੂ ਜੀ ਨੇ ਉਨ੍ਹਾਂ ਨੂੰ ਕਦੇ ਵੀ ਬਖਸ਼ੀ। ਇਹ ਗੱਲ ਜੇਕਰ ਸਮਝ ਆ ਵੀ ਜਾਵੇ ਤਦ ਵੀ ਬਹੁਤ ਅਸਰ ਨਹੀਂ ਰੱਖਦੀ। ਫਿਰ ਉਨ੍ਹਾਂ ਦੇ ਮਨ ਵਿਚ ਪੁੱਤਰ ਭਾਵਨਾ ਇਤਨੀ ਪ੍ਰਬਲ ਹੁੰਦੀ ਹੈ ਕਿ ਉਹ ਧਾਰਮਿਕ ਭਾਵਨਾ ਨੂੰ ਉਪਜਣ ਹੀ ਨਹੀਂ ਦਿੰਦੀ। ਉਨ੍ਹਾਂ ਗੁਰਦਵਾਰੇ ਕੜਾਹ ਪ੍ਰਸ਼ਾਦਿ ਕਰਕੇ ਪੁਤਰ ਦਾ ਨਾਮ ਰਖਵਾਇਆ। ਗ੍ਰੰਥੀ ਜੀ ਨੇ 'ਅ' ਪਹਿਲਾ ਅੱਖਰ ਹੋਣ ਕਰਕੇ ਅਤਰ ਸਿੰਘ ਕਿਹਾ, ਜੋ ਪ੍ਰਵਾਨ ਹੋ ਗਿਆ। ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਬਾਰੇ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ ਜੋ ਕਿ ਸਿੱਖਾਂ ਦੇ ਪ੍ਰਮੁੱਖ ਵਿਦਵਾਨ ਸਨ ਇਕ ਭਾਵਪੂਰਤ ਦੋਹਾ ਲਿਖ ਕੇ ਸਿਫਤ ਦੀ ਔਧੀ ਕਰ ਦਿੱਤੀ ਸੀ -

***ਸਦਾ ਪ੍ਰਫੁਲ ਸਮ ਵਾਸਨਾਦਾਇਕ ਔਠ ਜਾਮ।***
***ਮੰਦ ਵਾਸਨਾ ਪਰ ਹਰੀਅਤਰ ਸਿੰਘ ਇਮ ਨਾਮ।***

ਇਹੀ ਸਿਫਤ ਇਨ੍ਹਾਂ ਮਹਾਂਪੁਰਖਾਂ ਪਰ ਢੁਕਦੀ ਹੈ ਤੇ ਦਰੁਸਤ ਹੈ। ਜਨਮ ਤੋਂ ਲੈ ਕੇ ਮੁਢਲੀ ਵਿਦਿਆ ਤੱਕ ਦਾ ਵਾਸਤਾ ਘਰ ਨਾਲ ਹੁੰਦਾ ਹੈ। ਉਪਰੰਤ ਆਪ ਫੌਜ ਵਿਚ ਚਲੇ ਗਏ। ਇਥੇ ਨੌਕਰੀ ਕਰਦਿਆਂ ਹੀ ਆਪ ਜੀ ਦੇ ਘਰ ਵਾਹਿਗੁਰੂ ਜੀ ਨੇ ਇਕ ਪੁਤਰ ਦੀ ਦਾਤ ਵੀ ਬਖਸ਼ੀ। ਆਪ ਜੀ ਨੇ ਨੌਕਰੀ ਕਰਦਿਆਂ ਹੀ ਜੀਵਨ ਦੀ ਧਾਰਾ ਬਦਲ ਲਈ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਦੀ ਸਿਖਿਆ ਤੋਂ ਵਰੋਸਾਏ ਗਿਆਨ ਸ਼ਕਤੀ ਭਾਵ ਦਾ ਇਹ ਪ੍ਰਭਾਵ ਪਿਆ ਕਿ ਉਹ ਜੀਵਨ ਭਰ ਇਸ ਕਰੜੀ ਧਾਰਨਾ ਸਾਧਨਾ ਤੇ ਤਪ ਤੋਂ ਰੱਤੀ ਭਰ ਵੀ ਪਿਛੇ ਨਹੀਂ ਹਟੇ। ਸੰਤ ਅਤਰ ਸਿੰਘ ਜੀ ਮਹਾਰਾਜ ਦਾ ਜੀਵਨ ਇਕ ਦਮ ਨਿਯਮਬਧ, ਮਰਯਾਦਾ ਅਧੀਨ ਤੇ ਜੀਵਨ ਲੋੜਾਂ ਦਾ ਐਨਾ ਸੰਜਮ ਕਿ ਕਿਸੇ ਵੀ ਤਰ੍ਹਾਂ ਦੁਨੀਆਂ ਦੀ ਕੋਈ ਸਤਾ ਉਨ੍ਹਾਂ ਪਰ ਅਸਰ ਨਹੀਂ ਸੀ ਕਰ ਸਕਦੀ।

ਉਨ੍ਹਾਂ ਗ੍ਰਹਿਸਤ ਦਾ ਤਿਆਗ ਵੀ ਅਜੀਬ ਢੰਗ ਨਾਲ ਕੀਤਾ ਸੀ। ਉਨ੍ਹਾਂ ਸਾਹਿਬਾਂ ਦੀ ਸੇਵਾ ਵਿਖੇ ਬੇਨਤੀ ਕੀਤੀ ਕਿ ਮੈਂ ਪੈਨਸ਼ਨ ਲੈ ਕੇ ਹੋਤੀ ਮਰਦਾਨ ਹੀ ਰਹਿਕੇ ਤਪ ਸਾਧਨਾ ਕਰਨੀ ਚਾਹੁੰਦਾ ਹਾਂ। ਬਾਬਾ ਜੀ ਨੇ ਰਾਮਪੁਰੇ ਤੋਂ ਆਏ ਭਾਈ ਗੇਂਦਾ ਸਿੰਘ ਜੀ ਦੇ ਇਲਾਕੇ ਤੇ ਨਗਰ ਵਲੋਂ ਰੇਰੂ ਸਾਹਿਬ ਦੀ ਸੇਵਾ ਹਿਤ ਸੰਤਾਂ ਦੀ ਮੰਗ ਕੀਤੀ। ਜਦੋਂ ਸੰਤ ਅਤਰ ਸਿੰਘ ਜੀ ਮਹਾਰਾਜ ਪੈਨਸ਼ਨ ਤੋਂ ਪਹਿਲਾਂ ਹਾਜ਼ਰ ਹੋਏ ਤਦ ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਪੁਛਿਆ,"ਹਵਾਲਦਾਰਾ! ਤੂੰ ਆਪਣੇ ਮਨ ਦੀ ਦੱਸ ਕੀ ਚਾਹੁੰਦਾ ਹੈਂ?" ਆਪ ਨੇ ਕਿਹਾ,"ਮੇਹਰ ਕਰੋ, ਅਤੁਟ ਸਿਮਰਨ ਅੰਦਰ ਲਿਵ ਤੇ ਸੰਗਤ ਦੀ ਸੇਵਾ ਦੀ ਦਾਤ ਬਖਸ਼ੋ।"

ਬਾਬਾ ਜੀ ਬਹੁਤ ਹੀ ਹੱਸੇ ਤੇ ਫੁਰਮਾਇਆ,"ਹਵਾਲਦਾਰਾ ਬਹੁਤ ਕੁਝ ਕਰਮ ਤੇ ਸਤਿਗੁਰਾਂ ਵਲੋਂ ਲਈ ਜਾਣ ਵਾਲੀ ਸੇਵਾ ਪਰ ਹੀ ਨਿਰਭਰ ਹੈ। ਤੁਸੀਂ ਇਥੇ ਹੀ ਟਿਕਣਾ ਚਾਹੁੰਦੇ ਸੀ ਪਰ ਕਲਗੀਧਰ ਸੱਚੇ ਪਾਤਸ਼ਾਹ ਦੀ ਆਗਿਆ ਰਾਮਪੁਰ ਸੇਵਾ ਕਰਨ ਦੀ ਸੀ, ਸੋ ਜਾਓ ਹਲ ਵਾਹੋ ਤੇ ਧਰਮ ਦਾ ਦਾਨ ਲੋਕਾਂ ਨੂੰ ਦੇ ਕੇ ਲੋਕ ਮਨੋਬਿਰਤੀਆਂ ਨੂੰ ਸਤਿ ਚਿਤ ਅਨੰਦ ਸਰੂਪ ਨਾਲ ਜੋੜੋ।"

ਸੰਤ ਅਤਰ ਸਿੰਘ ਜੀ ਮਹਾਰਾਜ ਨੇ ਬੇਨਤੀ ਕੀਤੀ, "ਮਹਾਰਾਜ! ਘਰ ਵਾਲੀ ਤੇ ਬੱਚਾ ਗਵਾਂਢ ਸਥਾਨ ਪਰ ਆ ਕੇ ਤੰਗ ਕਰਨਗੇ। ਇਸੇ ਹੀ ਕਰਕੇ ਮੈਂ ਦੂਰ ਦੁਰਾਡੇ ਰਹਿਣਾ ਚਾਹੁੰਦਾ ਸੀ?" ਬਾਬਾ ਜੀ ਦੋ ਮਿੰਟ ਸੋਚਦੇ ਰਹੇ ਫਿਰ ਫਰਮਾਇਆ,"ਜਾਹ, ਉਸਨੂੰ ਸਾਡੇ ਪਾਸ ਲੈ ਆ। ਵਾਹਿਗੁਰੂ ਨੂੰ ਮਨਜ਼ੂਰ ਹੋਇਆ ਤਦ ਬੀਬੀ ਸਬਰ ਸੰਤੋਖ ਧਾਰ ਕੇ ਘਰ ਬੈਠ ਜਾਏਗੀ।" ਸੰਤ ਅਤਰ ਸਿੰਘ ਨਗਰ ਆਏ ਅਤੇ ਘਰ ਵਾਲੀ ਦੇਵੀ ਹੋਤੀ ਮਰਦਾਨ ਜਾਣ ਲਈ ਤਿਆਰ ਹੋ ਪਈ। ਬਾਬਾ ਜੀ ਮਹਾਰਾਜ ਨੇ ਐਸੀ ਮਿਹਰ ਦ੍ਰਿਸ਼ਟੀ ਕੀਤੀ ਕਿ ਉਸ ਬੀਰ ਪੁਤਰੀ ਨੇ ਸਬਰ ਕਰਕੇ ਘਰ ਬੈਠਣਾ ਪ੍ਰਵਾਨ ਕਰ ਲਿਆ ਤੇ ਇਹ ਵਾਅਦਾ ਕੀਤਾ ਕਿ ਉਹ ਕਦੇ ਵੀ ਬਾਬਾ ਅਤਰ ਸਿੰਘ ਜੀ ਨੂੰ ਨਹੀਂ ਮਿਲੇਗੀ ਤੇ ਨਾ ਹੀ ਨਾਦਾਨ ਬੱਚੇ ਨੂੰ ਉਨ੍ਹਾਂ ਪਾਸ ਭੇਜੇਗੀ। ਇਸ ਤਰ੍ਹਾਂ ਪਹਿਲਾ ਮੋਰਚਾ ਸਰ ਕਰਕੇ ਬਾਬਾ ਜੀ ਰਾਮਪੁਰ ਆਏ। ਰੇਰੂ ਸਾਹਿਬ ਗੁਰਦਵਾਰੇ ਦੇ ਨਾਮ ਕੋਈ ਜ਼ਮੀਨ ਨਹੀਂ ਸੀ। ਸੋ ਬਗਲੀ ਕਿਆਂ ਦੇ ਪਰਿਵਾਰ ਨੇ ਧਰਤੀ ਦੇ ਦਿਤੀ। ਪਹਿਲੀ ਉਸਾਰੀ ਹਿਤ ਸੰਤ ਜੀ ਮਹਾਰਾਜ ਨੇ ਆਪਣੀ ਧਰਮ ਕਮਾਈ ਦੇ ਸਰਕਾਰੀ ਜਮ੍ਹਾਂ ਨੌਂ ਸੌ ਰੁਪੈ ਪਹਿਲਾ ਹੀ ਦੇ ਦਿਤੇ।

ਹੌਲੀ-ਹੌਲੀ ਲੰਗਰ ਚੱਲਿਆ, ਵਧਿਆ ਫੁਲਿਆ, ਸੰਤ ਜੀ ਮਹਾਰਾਜ ਦਾ ਨਿਯਮਬਧ ਜੀਵਨ ਚਲਦਾ ਰਿਹਾ। ਅੰਮ੍ਰਿਤ ਵੇਲੇ ਦੋ ਵਜੇ ਉਠ ਕੇ ਇਕ ਸੌ ਪੰਦਰਾਂ ਸੇਰੇ ਡੋਲ ਨਾਲ ਇਸ਼ਨਾਨ ਕਰਨਾ, ਫਿਰ ਗੋਖੇ ਦੀ ਛਪੜੀ ਪਰ ਇਕ ਫਜੀ ਢੰਗ ਦੇ ਸੁਰਖਸ਼ਤ ਟੋਏ ਅੰਦਰ ਸਮਾਧੀ ਲਗਾ ਕੇ ਬੈਠ ਜਾਣਾ। ਦਿਨ ਚੜ੍ਹਨ ਤੋਂ ਪਹਿਲਾਂ ਉਠਕੇ ਗੁਰਬਾਣੀ ਦਾ ਪਾਠ ਕਰਦਿਆਂ ਬਾਹਰ ਬਗੀਚੀ ਨੂੰ ਚਲੇ ਜਾਣਾ। ਇਸ ਟੋਏ ਨਾਲ, ਜੋ ਲੰਬਾ ਸਮਾਂ ਸਿਮਰਨ ਦਾ ਸਾਥੀ ਰਿਹਾ, ਆਪ ਦਾ ਇਤਨਾ

ਪਿਆਰ ਸੀ ਕਿ ਮੀਂਹ, ਹਨ੍ਹੇਰੀ, ਝੱਖੜ, ਕੱਕਰ, ਤੂਫਾਨੀ ਸਰਦੀ ਕੋਈ ਵੀ ਗੱਲ ਆਪ ਨੂੰ ਇਸ ਜਗ੍ਹਾਂ ਬੈਠਣੋਂ ਰੋਕ ਨਹੀਂ ਸਕੀ। ਬਹੁਤ ਸਾਰੇ ਸਾਲਾਂ ਤੱਕ ਬਰਾਬਰ ਆਪ ਨੇ ਇਸੇ ਬਿਰਤੀ ਨੂੰ ਨਿਭਾਇਆ। ਇਥੋਂ ਤੱਕ ਕਿ ਜਦੋਂ ਸਾਹਿਬ ਬਾਬਾ ਆਇਆ ਸਿੰਘ ਜੀ ਵਰੱਕਤ ਕੁਟੀਆ ਹਰਦੁਆਰ ਦੀ ਉਸਾਰੀ ਕਰਵਾ ਕੇ ਨਹਿਰ ਰਾਹੀਂ ਵਾਪਸ ਆਏ ਤੇ ਅਨੰਦਪੁਰ ਤੋਂ ਇਧਰ ਆਏ ਸਨ, ਤਦ ਸੰਤ ਅਤਰ ਸਿੰਘ ਜੀ ਮਹਾਰਾਜ ਨੇ ਸੰਗਤਾਂ ਦੇ ਸਾਹਵੇਂ ਕੇਵਲ ਇਕੋ ਹੀ ਮੰਗ ਕੀਤੀ ਸੀ। 'ਅਰਦਾਸ ਕਰੋ ਮੇਰੀ ਇਸ ਟੋਏ ਨਾਲ ਨਿਭ ਜਾਏ' ਐਸੀ ਵਿਲਖਣ ਤੇ ਅਸਚਰਜ ਮੰਗ ਕਰਨ ਵਾਲੇ ਕੇਵਲ ਬਾਬਾ ਅਤਰ ਸਿੰਘ ਜੀ ਹੀ ਹੋ ਸਕਦੇ ਸਨ ਜਿਨ੍ਹਾਂ ਨੇ ਗਿਆਨੀ ਹੋ ਕੇ ਵੀ ਸਾਧਨਾ ਤੇ ਕਠਨ ਧਾਰਨਾ ਦਾ ਕਦੇ ਪਰੀਤਿਆਗ ਨਹੀਂ ਕੀਤਾ।

### ਮਕਰੰਦ ਹਸਦੇ ਭੌਰੇ

ਇਕ ਮਸ਼ਹੂਰ ਕਹਾਵਤ ਹੈ ਕਿ ਅੰਦਰਲੀ ਭਾਵਨਾ ਅੱਖਾਂ ਤੋਂ ਤੇ ਮੱਥੇ ਤੋਂ ਪ੍ਰਗਟ ਹੋ ਜਾਂਦੀ ਹੈ ਤੇ ਆਪਣੇ ਚੌਤਰਫੇ ਵੀ ਐਸਾ ਅਨਸਰ ਜਮ੍ਹਾ ਕਰਨ ਨੂੰ ਸਮਰਥ ਹੁੰਦੀ ਹੈ ਜਿਸ ਅੰਦਰ ਉਹ ਆਪ ਖਚਿਤ ਹੁੰਦਾ ਹੈ। ਜਿਸ ਤਰ੍ਹਾਂ ਬਦੀ ਕਰਨ ਵਾਲੇ ਜੁੜਦੇ ਹਨ, ਉਹ ਵੱਖਰੇ ਵੱਖਰੇ ਵਿਕਾਰਾਂ ਦੇ ਦੁਆਲੇ ਘੁੰਮਦੇ ਹੋਏ ਵੀ ਇਕ ਜਗ੍ਹਾ ਜੁੜ ਕੇ ਇਕ ਦੂਸਰੇ ਲਈ ਸਹਾਇਕ ਸਾਬਤ ਹੁੰਦੇ ਹਨ। ਇਸੇ ਤਰ੍ਹਾਂ ਸਿਮਰਨ ਤੇ ਸਤਿ ਮਾਰਗ ਦੇ ਖੋਜੀਆਂ ਦੀ ਦਸ਼ਾ ਹੈ। ਜਿਥੇ ਸਤਿ ਦਾ ਪ੍ਰਕਾਸ਼ ਹੋਵੇ ਉਥੇ ਸੁਤੇ ਹੀ ਸਤਿ ਦੇ ਖੋਜੀ ਤੇ ਇਸ ਮਹਾਨ ਮਾਰਗ ਦੇ ਪਾਂਧੀ ਮਕਰੰਦ ਰਸ ਦੇ ਭੌਰੇ ਵਾਂਗ ਕੰਵਲਾਂ ਉਪਰ ਆ ਬੈਠਦੇ ਹਨ।

ਬਾਬਾ ਜੀ ਦਾ ਪ੍ਰਣ ਸੀ ਕਿ ਉਹ ਡੇਰੇ ਤੋਂ ਬਾਹਰ ਘਟ ਹੀ ਰਹਿੰਦੇ ਸਨ। ਜੇਕਰ ਬਾਹਰ ਜਾਣ ਤਦ ਵੀ ਕੋਸ਼ਿਸ਼ ਕਰਦੇ ਸਨ ਕਿ ਛੇਤੀ ਹੀ ਨਿਜ ਘਰ ਨੂੰ ਚਲੇ ਜਾਈਏ। ਉਹ ਸਿਰਫ ਹਰ ਸਾਲ ਕਟਾਰੀ ਭਾਈ ਸੰਤਾ ਸਿੰਘ ਹੋਰਾਂ ਦੇ ਘਰ ਹੀ ਜਾਂਦੇ ਸਨ ਜਾਂ ਫਿਰ ਜਦੋਂ ਹੀ ਉਨ੍ਹਾਂ ਦੇ ਨਾਲ ਹੀ ਕੋਈ ਹੋਰ ਪਾਠ ਕਰਵਾ ਲਵੇ ਤਾਂ ਇਨਕਾਰ ਨਹੀਂ ਸਨ ਕਰਦੇ। ਵੈਸੇ ਉਹ ਸਦਾ ਇਸੇ ਹੀ ਕੋਸ਼ਿਸ਼ ਅੰਦਰ ਰਹਿੰਦੇ ਸਨ ਕਿ ਉਨ੍ਹਾਂ ਨੂੰ ਬਾਹਰ ਜਾਣਾ ਹੀ ਨਾ ਪਵੇ। ਇਕ ਵਾਰੀ ਕਿਸੇ ਮਹਾਰਾਜੇ ਦਾ ਸੱਦਾ ਮਿਲਿਆ ਸੀ ਕਿ ਉਨ੍ਹਾਂ ਦੇ ਮਹਿਲਾਂ ਅੰਦਰ ਅਖੰਡ ਪਾਠ ਕਰਨ ਆਓ। ਨਾਲ ਦੇ ਆਦਮੀ ਬਹੁਤ ਜ਼ੋਰ ਲਾਉਂਦੇ ਸਨ ਪਰ ਸੰਤ ਜੀ ਮਹਾਰਾਜ ਨੇ ਕਿਹਾ, "ਭਾਈ ਅਸੀਂ ਤਾਂ ਜੰਗਲ ਦੇ ਵਸਨੀਕ ਹਾਂ, ਸਾਨੂੰ ਸ਼ਹਿਰੀਂ ਲਿਜਾ ਕੇ ਕੀ ਕਰੋਗੇ? ਸਾਡੇ ਸੇਵਕ ਤੇ ਸਿਧੇ ਪਧਰੇ ਤੇ ਸਾਧਾਰਨ ਮਨੋਬਿਰਤੀ ਦੇ ਮਾਲਕ ਹਨ। ਅਸੀਂ ਇਨ੍ਹਾਂ ਨੂੰ ਮੁਰਗੀ ਦੇ ਬੱਚਿਆਂ ਵਾਂਗ ਮਸਾਂ ਹੀ ਦੁਨੀਆਂ ਦੀਆਂ ਇਲ ਵਰਗੀਆਂ ਬੁਰੀਆਂ ਨਜ਼ਰਾਂ ਤੋਂ ਬਚਾ ਕੇ ਰੱਖਦੇ ਹਾਂ। ਸ਼ਹਿਰ ਦੀ ਗੰਦੀ ਹਵਾ ਇਨ੍ਹਾਂ ਮਾਸੂਮਾਂ ਨੂੰ ਖਰਾਬ ਵੀ ਕਰ ਸਕਦੀ ਹੈ। ਸੋ ਸਾਡਾ ਤਾਂ ਇਕੋ ਹੀ ਯਤਨ ਹੈ ਕਿ ਇਹ ਕਿਸੇ ਤਰ੍ਹਾਂ ਐਸੀ ਪਰਪੱਕ ਤੇ ਅਡੋਲ ਬਿਰਤੀ ਨੂੰ ਪ੍ਰਾਪਤ ਹੋ ਜਾਣ ਕਿ ਫਿਰ ਸੰਸਾਰ ਇਨ੍ਹਾਂ ਵਲ ਬੁਰੀ ਨਿਗ੍ਹਾ ਕਰਕੇ ਵੀ ਇਨ੍ਹਾਂ ਦਾ ਕੁਝ ਨਾ ਵਿਗਾੜ ਸਕੇ। ਅਸਾਂ ਕੁਝ ਪਿੰਡਾਂ ਦੀ ਸੇਵਾ ਸੰਭਾਲ ਲਈ ਹੈ, ਉਹੀ ਨਿਭ ਜਾਏ ਬਹੁਤ ਹੈ। ਅਸੀਂ ਉਨਾਂ ਭਾਰ ਹੀ ਚੁਕਾਂਗੇ ਜਿੰਨਾ ਮੰਜ਼ਲ ਤੱਕ ਪੁਜ ਸਕੀਏ। ਹੋਰ ਭਾਰ ਉਨ੍ਹਾਂ ਨੂੰ ਹੀ ਸੌਂਪ ਜੋ ਕੰਧਾ ਦੇ ਕੇ ਤੁਹਾਨੂੰ ਅਗੇ ਲੈ ਜਾਣ।"

ਇਸੇ ਹੀ ਕਰੜੀ ਤੇ ਅਡੋਲ ਧਾਰਨਾ ਨੇ ਸੰਤ ਜੀ ਮਹਾਰਾਜ ਪਾਸ ਐਸੀ ਸੰਗਤ ਜਮ੍ਹਾ ਕਰ ਦਿਤੀ ਜੋ ਮਹਾਨ ਪ੍ਰੇਮ ਯੋਗੀ ਅਤੇ ਕਰਮ ਕਰਤਾ ਸਨ, ਜਿਨ੍ਹਾਂ ਨੂੰ ਫਿਰ ਸੰਸਾਰ ਦੀ ਹਵਾ ਨਹੀਂ ਸੀ ਛੋਹ ਸਕੀ। ਆਪ ਜੀ ਪਾਸ ਸੰਤ ਭਗਵਾਨ ਸਿੰਘ ਜੀ ਜੋ ਪਹਿਲਾਂ ਪਲਟਨ ਵਿਚੋਂ ਆਏ, ਬਾਬਾ ਨਥਾ ਸਿੰਘ ਜੀ ਜੋ ਬਾਬਾ ਆਇਆ ਸਿੰਘ ਜੀ ਦੇ ਸੇਵਕ ਸਨ, ਪਰ ਆਕਰਖਣ ਸ਼ਕਤੀ ਤੇ ਸਤਿ ਪ੍ਰਕਾਸ਼, ਆਤਮ ਚਿੰਤਨ, ਆਤਮ ਸਤਾ ਨੇ ਐਸਾ ਪ੍ਰਭਾਵਿਤ ਕੀਤਾ ਕਿ ਫਿਰ ਹੋਰ ਕਿਧਰੇ ਵੀ ਨਹੀਂ ਗਏ। ਬਾਬਾ ਸੇਵਾ ਸਿੰਘ ਜੀ, ਬਾਬਾ ਕਰਤਾਰ ਸਿੰਘ ਜੀ ਤੇ ਫਿਰ ਸੰਤਾ ਸਿੰਘ ਜੀ ਜਿਨ੍ਹਾਂ ਨੂੰ ਸਰੀਰਕ ਰੋਗ ਛਡਦਾ ਹੀ ਨਹੀਂ ਸੀ, ਐਸੇ ਸਥਿਰ ਹੋਏ ਕਿ ਫਿਰ ਘਰ ਜਾਣ ਨੂੰ ਦਿਲ ਹੀ ਨਹੀਂ ਕੀਤਾ। ਸੇਵਾ ਦਾ ਸਦਕਾ ਇਹ ਐਸਾ ਸਤਿਕਾਰ ਭਰਿਆ ਸਥਾਨ ਪ੍ਰਾਪਤ ਕਰ ਸਕੇ ਕਿ ਸੰਤ ਜੀ ਮਹਾਰਾਜ ਆਪ ਉਨ੍ਹਾਂ ਨੂੰ 'ਸ੍ਰੀ ਮਾਨ' ਕਹਿ ਕੇ ਪੁਕਾਰਦੇ ਸਨ।

ਪਟਿਆਲੇ ਤੋਪਖਾਨੇ ਵਿਚ ਇਕ ਕੀਰਤਨੀ ਜਥਾ ਸੀ ਜੋ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣਾ ਦੇ ਆਵਣ ਸਮੇਂ ਕੀਰਤਨ ਕਰਿਆ ਕਰਦਾ ਸੀ। ਉਹ ਚੰਗੇ ਪ੍ਰੇਮੀ ਸਨ। ਹੋਰ ਮਹਾਤਮਾਂ ਦੀ ਸੰਗਤ ਵੀ ਕਰਦੇ ਸਨ। ਬਾਬਾ ਧਿਆਨਾ ਕਹਿੰਦੇ ਸੀ, "ਓਏ ਤੁਸੀਂ ਸਾਨੂੰ ਕਿਉਂ ਝੂਠੇ ਕਰਦੇ ਹੋ, ਤੁਸਾਂ ਤਾਂ ਅਖੀਰ ਨਹਿਰ ਦੇ ਪਾਣੀ ਵਿਚ ਐਸਾ ਗੋਤਾ ਮਾਰਨਾ ਹੈ ਕਿ ਫਿਰ ਹੋਰ ਕਿਧਰੇ ਜਾਣ ਦਾ ਨਾਮ ਨਹੀਂ ਲੈਣਾ। ਜਿਨ੍ਹਾਂ ਨੂੰ ਵਡੀ ਧਿਰ ਮਿਲਣੀ ਹੈ ਉਹ ਛੋਟੀਆਂ ਧਿਰਾਂ ਕਦੋਂ ਲਭਦੇ ਹਨ। ਤੁਸਾਂ ਆਪ ਲੋਕਾਂ ਨੂੰ ਨਾਮ ਤੇ ਮੰਤਰ ਦਿਆ ਕਰਨੇ ਹਨ। ਫਿਰ ਸਾਨੂੰ ਹੀ ਕਾਹਨੂੰ ਆਖਦੇ ਹੋ ਕੁਝ ਦੱਸੋ, ਤੁਹਾਨੂੰ ਪੁਛਣ ਦੀ ਲੋੜ ਨਹੀਂ, ਪਰ ਪਛਾਣ ਇਹੀ ਹੈ ਕਿ ਉਹ ਨਹਿਰ ਦਾ ਹੀ ਕੰਢਾ ਹੋਵੇਗਾ ਨਹਿਰੋਂ ਹੀ ਰਸਤਾ ਮਿਲੇਗਾ, ਜਿਥੇ ਤੁਹਾਡਾ ਮੁਕਾਮ ਹੈ।"

ਪਟਿਆਲੇ ਤੋਪਖਾਨੇ ਇਕ ਵਾਰੀ ਭਾਈ ਸੰਤਾ ਸਿੰਘ ਜੀ ਆਏ। ਭਾਈ ਗੁਜਰ ਸਿੰਘ ਜੀ ਬਾਈ ਜੋ ਪਲਟਨ ਵਿਚ ਹੀ ਸਨ ਉਨ੍ਹਾਂ ਨਾਲ ਸੰਤਾ ਸਿੰਘ ਜੀ ਨੇ ਸੰਤ ਮਹਾਰਾਜ ਰੇਰੂ ਸਾਹਿਬ ਦਾ ਜ਼ਿਕਰ ਕੀਤਾ। ਬਚਨ ਚਲਦੇ ਰਹੇ ਅਤੇ ਇਸ ਨੇ ਨਹਿਰ ਕੰਢੇ ਦਾ ਜ਼ਿਕਰ ਕੀਤਾ ਤਦ ਉਹ ਕਹਿਣ ਲਗੇ, ਸਾਥੀਆਂ ਨਾਲ ਗੱਲ ਕਰਾਂਗੇ ਕਿਉਂਕਿ ਬਾਬਾ ਧਿਆਨਾ ਵੀ ਨਹਿਰ ਕੰਢੇ ਹੀ ਜਾਣ ਦਾ ਜ਼ਿਕਰ ਕਰਦੇ ਸਨ। ਸੋ ਇਸ ਪਿਛੋਂ ਸੰਤੋਖ ਸਿੰਘ ਜੀ ਮੁਨੀ, ਬਾਈ ਜੀ, ਬਿਸ਼ਨ ਸਿੰਘ, ਮੁਕੰਦ ਸਿੰਘ ਜੀ, ਕਿਸ਼ਨ ਸਿੰਘ ਤੇ ਹੋਰ ਸੰਗਤਾਂ ਸਮੇਤ ਸਾਰੇ ਹੀ ਰੇਰੂ ਸਾਹਿਬ ਪੁੱਜੇ, ਬਾਬਾ ਜੀ ਨੇ ਪਿਆਰ ਕੀਤਾ, ਭੁੰਨੇ ਹੋਏ ਮਿੱਠੇ ਚਾਵਲ ਜੋ ਹੋਤੀ ਮਰਦਾਨ ਦੀ ਲੰਗਰ ਸੰਪ੍ਰਦਾਏ ਦਾ ਮੋਟਾ ਨਿਸ਼ਾਨ ਤੇ ਅਮੋਲ ਪ੍ਰਸ਼ਾਦਿ ਸੀ ਇਨ੍ਹਾਂ ਨੂੰ ਛਕਾਇਆ। ਜਦੋਂ ਇਹ ਜਾਣ ਲਗੇ ਤਾਂ ਨਾਲ ਵੀ ਲੈ ਗਏ। ਸੰਤ ਬਿਸ਼ਨ ਸਿੰਘ ਜੀ ਰੌਣੀ ਖੁੱਲ੍ਹੇ ਸੁਭਾਅ ਦੇ ਹੋਣ ਦੇ ਬਾਵਜੂਦ ਸਾਧਨ ਸੰਪੰਨ ਤੇ ਤਕੜੇ ਅਭਿਆਸੀ ਸਨ, ਉਹ ਅਖਰਾਂ ਦਾ ਗਿਆਨ ਨਹੀਂ ਸਨ ਜਾਣਦੇ। ਇਸ ਕਰਕੇ ਕਈ ਵਾਰੀ ਕਿਹਾ ਕਰਦੇ ਸਨ, "ਮੇਰੀ ਖਾਹਸ਼ ਹੈ ਕਿ ਮੈਂ ਅਗਲੇ ਜਨਮ ਚੰਗਾ ਵਿਦਵਾਨ ਤੇ ਚੰਗਾ ਹਰੀ ਕੀਰਤਨ ਕਰਨ ਵਾਲਾ ਹੋਵਾਂ।" ਬਾਬਾ ਜੀ ਹੱਸਕੇ ਕਹਿੰਦੇ, "ਬਿਸ਼ਨ ਸਿੰਘ! ਜਨਮ ਦੀ ਖਾਹਸ਼ ਨਾ ਕਰਿਆ ਕਰੋ, ਮੁਕਤ ਹੋਣਾ ਹੀ ਉਤਮ ਗੱਲ ਹੈ, ਪਰ ਉਹ ਜ਼ਿਦ ਕਰਦੇ ਤਦ ਫਿਰ ਕਹਿੰਦੇ, ਚੰਗਾ ਭਾਈ! ਤੇਰੀ ਮੁਰਾਦ ਤਾਂ ਪੂਰੀ ਹੋ ਕੇ ਹੀ ਰਹੇਗੀ ਪਰ ਇਹ ਯਕੜਬਾਜ਼ੀ ਦੀ ਆਦਤ ਹੋਰਨਾਂ ਨੂੰ ਵੀ ਖਰਾਬ ਕਰ ਸਕਦੀ

ਹੈ, ਤੂੰ ਇਸ ਤੋਂ ਆਪ ਤਾਂ ਹੁਣ ਕੀ ਬਚਣਾ ਹੈ ਹੋਰਨਾਂ ਨੂੰ ਹੀ ਬਖਸ਼ ਦੇਹ।

ਜਦੋਂ ਸੰਤ ਜੀ ਮਹਾਰਾਜ ਸ਼ਾਮ ਸਮੇਂ ਕੀਰਤਨ ਕਰਨ ਉਪਰੰਤ ਬਾਹਰ ਗੋਖੇ ਦੀ ਛਪੜੀ ਵਲ ਜਾਂਦੇ ਤਦ ਹਰੀ ਚਰਣ ਕੰਵਲ ਦੇ ਭੰਵਰੇ ਉਨ੍ਹਾਂ ਦੀ ਚੌਕੜੀ ਤੋਂ ਥੋੜੀ ਹੀ ਦੂਰ ਟਿਕ ਜਾਂਦੇ ਤੇ ਗਿਆਰਾਂ ਵਜੇ ਤਕ ਟਿਕੇ ਰਹਿੰਦੇ। ਫਿਰ ਇਥੋਂ ਉਠਕੇ ਇਕ ਵਾਰ ਕੁੰਡਾ ਖੜਕਾ ਕੇ ਹੀ ਤੁਰ ਪੈਂਦੇ ਤੇ ਰਵਾਂ ਰਵੀਂ ਨਿਵਾਸ ਅਸਥਾਨ ਪਰ ਪਹਿਲਾਂ ਡੇਰੇ, ਪਿਛੋਂ ਬਗੀਚੀ ਵਿਚ ਗੁਫਾ ਅੰਦਰ ਜਾ ਕੇ ਪੂਰੇ ਇਕ ਵਜੇ ਤੱਕ ਕੇਵਲ ਦੋ ਘੰਟੇ ਹੀ ਆਰਾਮ ਕਰਦੇ ਸਨ, ਫਿਰ ਇਸ਼ਨਾਨ ਤੇ ਸਿਮਰਨ ਅਰੰਭ ਹੋ ਜਾਂਦਾ ਸੀ।

ਜਦੋਂ ਪਟਿਆਲੇ ਦੀ ਸੰਗਤ ਦਾ ਜ਼ੋਰ ਰੇਰੂ ਸਾਹਿਬ ਵੱਲ ਵੱਧਿਆ ਤਦ ਕਈ ਨਾਸਤਕ ਆਸਤਕ ਬਣੇ, ਕਈ ਜ਼ੋਰਾਵਰਾਂ ਦੇ ਜ਼ੋਰ ਤੁਟੇ। ਸਰਦਾਰ ਦਲੀਪ ਸਿੰਘ ਡਿਊੜੀ ਅਫਸਰ ਦੇ ਭੂਆ ਦੇ ਪੁਤਰ ਭਰਾ ਜੋ ਸਰਦਾਰ ਰਾਮ ਸਿੰਘ ਜੀ ਨੰਬਰਦਾਰ, ਨਗਰ ਆਲੋਵਾਲ ਜੋ ਪਟਿਆਲੇ ਤੋਂ ਕੇਵਲ ਬਾਰਾਂ ਮੀਲ ਸੀ, ਦੇ ਸਪੁਤਰ ਗੁਲਾਬ ਸਿੰਘ ਸਨ। ਉਹ ਉਸ ਸਮੇਂ ਵਿਦਿਆਰਥੀ ਦੁਨੀਆਂ ਦੇ ਹੀਰੋ ਸੀ, ਉਹ ਰੁਹਬਦਾਰ ਸ਼ਕਲ ਪਹਿਰਾਵਾ ਹਰ ਗੱਲ ਵਿਚ ਅਗਲੀ ਸਫ ਵਿਚ ਸੀ। ਕਾਰ ਸੇਵਾ ਹੋਵੇ ਜਾਂ ਫਿਰ ਕਿਸੇ ਦੀਵਾਨ ਦੀ ਸੇਵਾ ਫੁਟਬਾਲ ਦੀ ਟੀਮ ਦਾ ਖਿਲਾੜੀ ਹੋਣ ਦੇ ਨਾਲ ਹੀ ਉਹ ਸਰੀਰਕ ਹੁਸਨ ਦਾ, ਇਸ ਕਦਰ ਵਧ ਦਾ ਮਾਲਕ ਸੀ ਕਿ ਹਰ ਕੋਈ ਉਸ ਦੀ ਬਨਾਵਟ ਸਰੀਰ ਤੇ ਸ਼ਕਲ ਦੇਖ ਕੇ ਦੰਗ ਰਹਿ ਜਾਂਦਾ ਸੀ। ਪਰ ਤਬੀਅਤ ਇੰਤਹਾ ਪਸੰਦ ਸੀ। ਜਦੋਂ ਪੀਣ, ਖਾਣ, ਪਹਿਨਣ ਤੇ ਅਨੰਦ ਕਰਨ ਦਾ ਸਮਾਂ ਸੀ, ਉਹ ਅਵਲ ਨੰਬਰ ਪਰ ਸੀ। ਪਰ ਜੇਕਰ ਕਾਰ ਸੇਵਾ ਤੇ ਹੋਰ ਕਿਸੇ ਸਮੇਂ ਸੇਵਾ ਕਰਨੀ ਪਈ ਤਦ ਵੀ ਇਹ ਹੋਰ ਕਿਸੇ ਤੋਂ ਪਿਛੇ ਨਹੀਂ। ਇਹ ਇਕ ਸੰਤ ਸੰਤੋਖ ਸਿੰਘ ਜੀ ਪਾਸ ਜਾਇਆ ਕਰਦੇ ਸਨ ਜੋ ਉਦਾਸੀ ਸੰਤ ਸਨ ਪਰ ਇਕਾਂਤ ਪਸੰਦ, ਬੇਪ੍ਰਵਾਹ ਤੇ ਬੇਫਿਕਰ, ਤਿਆਗੀ, ਤਪੀ ਤੇ ਸਾਧਨਾ ਸਹਿਤ ਸਨ, ਉਹ ਗੁਲਾਬ ਸਿੰਘ ਨੂੰ ਤਕਕੇ ਕਹਿੰਦੇ ਭਾਈ ਤੇਰੀ ਅਸਲੀਅਤ ਇਹ ਨਹੀਂ ਜੋ ਅੱਜ ਦਿਸਦੀ ਹੈ, ਥੋੜ੍ਹੇ ਹੀ ਸਮੇਂ ਪਿਛੋਂ ਤੂੰ ਕਿਸੇ ਕਸਵਟੀ ਪਰ ਪਰਖਿਆ ਜਾਣਾ ਹੈ ਫਿਰ ਸੱਚੇ ਖਜ਼ਾਨੇ ਵੀ ਪ੍ਰਵਾਨ ਹੋ ਸਕੇਂਗਾ। ਤੈਨੂੰ ਇਹ ਚਿੰਤਾ ਨਹੀਂ ਕਰਨੀ ਚਾਹੀਦੀ ਕਿ ਦੁਨੀਆਂ ਅੰਦਰ ਤੇਰਾ ਕੀ ਬਣਦਾ ਹੈ, ਇਹ ਦੁਨੀਆਂ ਤੈਨੂੰ ਕੀ ਦੇ ਸਕਦੀ ਹੈ? ਤੇਰੇ ਦਰ ਤੋਂ ਕੋਈ ਸਵਾਲੀ ਨਿਰਾਸ਼ ਤੇ ਦੁਖੀ ਵਾਪਿਸ ਨਹੀਂ ਮੁੜੇਗਾ। ਆਪ ਨੇ ਇਕ ਗੁਲਾਬ ਦੇ ਇਤਰ ਦੀ ਬੜੀ ਬਹੁਮੁਲੀ ਸ਼ੀਸ਼ੀ ਕੱਢਕੇ ਕਿਹਾ,“ਭਾਈ ਇਹ ਅਤਰ ਜਿਸ ਜਗ੍ਹਾ ਲਗ ਜਾਏਗਾ ਉਥੋਂ ਕਪੜਾ ਫਟਣ ਪਰ ਵੀ ਇਸ ਦੀ ਖੁਸ਼ਬੂ ਬੰਦ ਨਹੀਂ ਹੋਵੇਗੀ, ਤੂੰ ਜਿਸ ਪਰ ਮੇਹਰ ਦੀ ਦ੍ਰਿਸ਼ਟੀ ਕਰੇਂਗ, ਉਸ ਪਰ ਜੀਵਨ ਦੇ ਆਖਰੀ ਸੁਆਸਾਂ ਤਕ ਤੇਰਾ ਅਸਰ ਕਾਇਮ ਰਹੇਗਾ।” ਗੁਲਾਬ ਸਿੰਘ ਜੈਸਾ ਅਲ੍ਹੜ ਤੇ ਅਲਮਸਤ ਨੌਜਵਾਨ ਉਸ ਸਮੇਂ ਇਹ ਗੱਲ ਸਮਝਣੋਂ ਤੇ ਸੋਚਣੋਂ ਵੀ ਅਸਮਰਥ ਸੀ, ਪਰ ਮਹਾਂਪੁਰਖਾਂ ਦੇ ਬਚਨ ਅਮੋਘ ਬਾਣ ਸਨ ਜੋ ਕਦੇ ਮੁੜ ਨਹੀਂ ਸਕਦੇ।

ਗੁਲਾਬ ਸਿੰਘ ਜੀ ਤੋਪਖਾਨੇ ਦੇ ਕੀਰਤਨੀ ਜਥੇ ਦੇ ਪੂਰੇ ਸਹਿਯੋਗੀ ਸਨ, ਉਹ ਆਮ ਕਰਕੇ ਹੀਰਾ ਸਿੰਘ ਜੀ ਪਾਸ ਆਉਂਦੇ ਸਨ ਤੇ ਕਿਸ਼ਨ ਸਿੰਘ ਹੋਰਾਂ ਨਾਲ ਵੀ ਉਨ੍ਹਾਂ ਦਾ ਧਾਰਮਿਕ ਸਹਿਚਾਰ ਸੀ। ਸੋ ਰਾਤ ਦੇ ਕੀਰਤਨ ਕਰਨ ਪਿਛੋਂ ਉਹ ਟਿਬਿਆਂ ਪਰ ਵੀ ਨਾਲ ਹੀ ਜਾ ਕੇ ਵਸਤਰ ਵਿਛਾ ਕੇ ਬੈਠ ਜਾਂਦੇ ਸਨ। ਭਾਵੇਂ ਅਜੇ ਇਸ ਗੱਲੋਂ ਨਾਦਾਨ ਹੀ ਸਨ ਕਿ ਇਹ ਸਾਰੇ ਇਥੇ ਬੈਠ ਕੇ ਕੀ ਕਰਦੇ ਹਨ। ਫਿਰ ਇਹ ਇੰਨੀ-ਇੰਨੀ ਦੇਰ ਬੈਠੇ ਰਹਿੰਦੇ ਹਨ ਅਕਦੇ ਨਹੀਂ, ਥਕਦੇ ਨਹੀਂ ਵਜਾਹ ਵੀ ਮਾਲੂਮ ਨਹੀਂ ਸਨ ਕਰ ਸਕਦੇ। ਫਿਰ ਉਹ ਪੁਛਣਾ ਵੀ ਆਪਣੀ ਹੇਠੀ ਸਮਝਦੇ ਸਨ ਕਿ ਇਹ ਅਨਜਾਣ ਹਨ। ਇਕ ਦਿਨ ਗੁਲਾਬ ਸਿੰਘ ਜੀ ਨੇ ਹੀਰਾ ਸਿੰਘ ਜੀ ਨਾਲ ਗੱਲ ਕੀਤੀ ਕਿ ਜੇਕਰ ਤੂੰ ਨਾਲ ਚਲੇਂ ਤਦ ਰੇਰੂ ਸਾਹਿਬ ਬਾਬਿਆਂ ਪਾਸੋਂ ਹੀ ਅੰਮ੍ਰਿਤ ਪਾਨ ਕਰਕੇ ਇਹ ਇਕਾਂਤ ਬੈਠ ਕੇ ਸਿਮਰਨ ਕਰਨ ਦੀ ਗੱਲ ਪੁਛੀਏ। ਉਨ੍ਹੀਂ ਦਿਨੀਂ ਗਰਮੀਆਂ ਦੀ ਤੇਜ਼ੀ ਸੀ ਇਸ ਕਰਕੇ ਰਾਤ ਸਮੇਂ ਹੀ ਲੋਕ ਲੁਧਿਆਣੇ ਪੁਜ ਜਾਂਦੇ ਸਨ ਫਿਰ ਸਵੇਰੇ ਹੀ ਪਹਿਲੀ ਗੱਡੀ ਪਰ ਚੜ੍ਹ ਕੇ ਦੁਰਾਹੇ ਤੋਂ ਡੇਰੇ ਜਾਂਦੇ ਸਨ, ਹੀਰਾ ਸਿੰਘ ਜੀ ਨੂੰ ਵੱਡਾ ਬੁਖਾਰ ਸੀ, ਕਈ ਦਿਨਾਂ ਤੋਂ ਡਾਕਟਰਾਂ ਨੇ ਰੋਟੀ ਤੇ ਅਨਾਜ ਖਾਣ ਪਰ ਪਾਬੰਦੀ ਲਗਾ ਰੱਖੀ ਸੀ। ਬੁਖਾਰ ਹਟ ਜਾਣ ਪਿਛੋਂ ਵੀ ਉਹ ਠੀਕ ਨਹੀਂ ਸਨ ਹੋ ਰਹੇ। ਹੀਰਾ ਸਿੰਘ ਜੀ ਨੇ ਕਿਹਾ, “ਗੁਲਾਬ ਸਿੰਘ ਜੇਕਰ ਬਾਬੇ ਨੂੰ ਸਾਡੀ ਗੱਲਬਾਤ ਕਰਨੀ ਮਨਜ਼ੂਰ ਹੈ ਤਦ ਉਹ ਇਹ ਤੜਾ ਤਾਪ ਆਪ ਹੀ ਉਤਾਰ ਦੇਵੇਗਾ।” ਸੋ ਫਿਰ ਉਹ ਹੌਸਲਾ ਕਰਕੇ ਉਸੇ ਹੀ ਦਿਨ ਸ਼ਾਮ ਸਮੇਂ ਤਿਆਰੀ ਕਰਕੇ ਤੁਰ ਪਏ। ਹੀਰਾ ਸਿੰਘ ਹੋਰਾਂ ਦੋ ਦਿਨ ਦੀ ਛੁੱਟੀ ਲਈ ਤੇ ਗੁਲਾਬ ਸਿੰਘ ਪਕੀ ਛੁੱਟੀ ਪਰ ਹੀ ਸੀ, ਦਸ਼ਾ ਕਾਫੀ ਬੈਰਾਗਮਈ ਸੀ ਤੇ ਪੜ੍ਹਨ ਵਲ ਮਨ ਦਾ ਰੁਖ ਬਣ ਹੁੰਦਾ ਹੀ ਨਹੀਂ ਸੀ, ਰਾਤ ਸਮੇਂ ਗੱਡੀ ਲੁਧਿਆਣੇ ਪੁਜੀ ਤੇ ਹੀਰਾ ਸਿੰਘ ਜੀ ਨੇ ਕਿਹਾ, “ਮੇਰਾ ਦਿਲ ਕਰਦਾ ਹੈ ਕਿ ਦੁੱਧ ਤੇ ਜਲੇਬੀਆਂ ਖਾਧੀਆਂ ਜਾਣ।” ਪਰ ਡਾਕਟਰ ਨੇ ਅਨਾਜ ਦੀ ਮਨਾਹੀ ਕਰ ਰਖੀ ਹੈ ਫਿਰ ਇਹ ਜਲੇਬੀਆਂ ਜ਼ਹਿਰ ਵੀ ਹੋ ਸਕਦੀਆਂ ਹਨ, ਗੁਲਾਬ ਸਿੰਘ ਨੇ ਰੋਕਿਆ।

“ਚਲੋ ਜੇਕਰ ਗੁਰੂ ਵੱਲ ਜਾਂਦਿਆਂ ਮਨਾਹੀ ਹੈ ਤਦ ਵੇਖੀ ਡਿਠੀ ਜਾਊ, ਮੈਂ ਤਾਂ ਜਲੇਬੀਆਂ ਦੁੱਧ ਖਾਊਂਗਾ ਆਪੇ ਬਾਬਾ ਅਤਰ ਸਿੰਘ ਸਾਨੂੰ ਸੁਬ੍ਹਾ ਦਰਸ਼ਨ ਹਿਤ ਠੀਕ ਹੀ ਰਖੇਗਾ, ਹੁਣ ਫ਼ਿਕਰ ਉਸ ਨੂੰ ਹੋਊ ਸਾਨੂੰ ਕਾਹਦਾ, ਘਰੋਂ ਉਸਦੇ ਦਰਸ਼ਨ ਹਿਤ ਹੀ ਚੱਲੇ ਹਾਂ, ਹੋਰ ਕੰਮ ਕੋਈ ਨਹੀਂ ਫਿਰ ਅਸੀਂ ਫਿਕਰ ਕਿਉਂ ਕਰੀਏ?” ਇਕ ਸੰਤ ਆਏ ਤੇ ਕਹਿਣ ਲੱਗੇ ਜਾਹ ਦੁਧ ਜਲੇਬੀਆਂ ਖਾਹ ਠੀਕ ਹੋ ਜਾਏਂਗਾ? ਇਹ ਸੁਣ ਕੇ ਦੋਵੇਂ ਜਣੇ ਗਏ ਦੁਧ ਜਲੇਬੀਆਂ ਖਾਧੀਆਂ ਗੁਲਾਬ ਸਿੰਘ ਜੀ ਨੇ ਤਬੀਅਤ ਅਨੁਸਾਰ ਥੋੜ੍ਹੀਆਂ, ਹੀਰਾ ਸਿੰਘ ਜੀ ਨੇ ਰੱਜ ਕੇ ਖਾ ਲਈਆਂ, ਫਿਰ ਗੁਲਾਬ ਸਿੰਘ ਜੀ ਦੇ ਸੌਂ ਜਾਣ ਪਿਛੋਂ ਹੀਰਾ ਸਿੰਘ ਜੀ ਨੇ ਉਠ ਕੇ ਹੋਰ ਦੁਧ ਜਲੇਬੀਆਂ ਖਾ ਲਈਆਂ। ਇਸੇ ਤਰ੍ਹਾਂ ਗਿਆਰਾਂ ਵਜੇ ਤੱਕ ਇਹ ਡੇਢ ਸੇਰ ਦੁੱਧ ਤੇ ਤਿੰਨ ਪਾ ਜਲੇਬੀਆਂ ਖਾ ਕੇ ਸੌਂ ਰਿਹਾ। ਸੁਬ੍ਹਾ ਇਸ ਦੀ ਤਬੀਅਤ ਬਿਲਕੁਲ ਹੀ ਠੀਕ ਹੋ ਗਈ। ਜਦੋਂ ਬਾਬਾ ਜੀ ਨੂੰ ਮੱਥਾ ਟੇਕਿਆ ਤਦ ਵੱਡੇ ਬੁਖਾਰ ਬਾਰੇ ਕਹਿਣ ਲੱਗੇ, “ਭਾਈ! ਮੈਂ ਤੇ ਜਿਸ ਨੂੰ ਵਡਾ ਤਾਪ ਹੋਵੇ ਉਸਨੂੰ ਦੁਧ ਜਲੇਬੀਆਂ ਖੁਆਂਦਾ ਹਾਂ। ਉਹ ਨੌਂ ਬਰ ਨੌਂ ਹੋ ਜਾਂਦੇ ਹਨ, ਤੂੰ ਵੀ ਇਹੀ ਇਲਾਜ ਕਰ ਲੈ ਠੀਕ ਹੋ ਜਾਏਂਗਾ।” ਹੀਰਾ ਸਿੰਘ ਤੇ ਗੁਲਾਬ ਸਿੰਘ ਹੈਰਾਨ ਸਨ ਕਿ ਦੁਧ ਜਲੇਬੀਆਂ ਤਾਂ ਲੁਧਿਆਣੇ ਖਾਧੀਆਂ ਸਨ ਫਿਰ ਇਹ ਰਾਮਪੁਰ ਇਨ੍ਹਾਂ ਦਾ ਚਰਚਾ ਕਿਥੋਂ ਆ ਗਿਆ, ਪਰ ਉਹ ਚੁਪ ਹੀ ਰਹੇ।

***‘ਚਲਦਾ’***

***(ਗਿਆਨੀ ਮੇਹਰ ਸਿੰਘ ਰਚਿਤ ਪੁਸਤਕ ‘ਨੌਂ ਰਤਨ’ ਵਿਚੋਂ ਧੰਨਵਾਦ ਸਹਿਤ)***

□□□□□□□□□

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ॥

(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪ੍ਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ ਜਨਵਰੀ ਅੰਕ, ਪੰਨਾ - 29)*

7. ਸੱਤਵੀਂ ਭਗਤੀ **'ਦਾਸਾ ਭਾਵ'** ਦੀ, ਸੇਵਕ ਬਣ ਜਾਣ ਦੀ ਹੋਇਆ ਕਰਦੀ ਹੈ। ਇਸ ਨੂੰ ਜਾਂ ਇਸ ਤਰ੍ਹਾਂ ਕਹਿ ਲਈਏ ਕਿ ਮੁੱਲ ਖਰੀਦੀ ਲਾਲੇ ਗੋਲੇ ਵਾਂਗੂੰ ਵਿਕ ਜਾਣ ਦੀ ਹੋਇਆ ਕਰਦੀ ਹੈ। ਸੇਵਕ ਓਹੀ ਹੋਇਆ ਕਰਦਾ ਹੈ ਜੋ ਤਨ, ਮਨ, ਧਨ ਗੁਰੂ ਦੇ ਚਰਨਾਂ ਵਿਚ ਭੇਟਾ ਕਰਕੇ ਹੁਕਮੀ ਬੰਦਾ ਬਣ ਜਾਵੇ। ਜਿਸ ਨੂੰ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦਸਿਆ ਹੈ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮੁ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***

***ਭਾਈ ਗੁਰਦਾਸ ਜੀ, ਵਾਰ 3/18***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

***ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ॥***
***ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥***

***ਪੰਨਾ - 28***

ਸੇਵਕ ਉਸ ਨੂੰ ਆਖਿਆ ਜਾਂਦਾ ਹੈ ਜੋ ਇਕ ਛਿਨ ਵਾਸਤੇ ਵੀ ਆਪਣੇ ਗੁਰੂ ਤੋਂ ਦੂਰ ਨਹੀਂ ਜਾਇਆ ਕਰਦਾ ਅਤੇ ਆਪਣੇ ਗੁਰੂ ਨਾਲ ਐਨਾ ਪਿਆਰ ਕਰੇ ਕਿ ਆਪ ਗੁਰੂ ਦੇ ਚਰਨਾਂ ਵਿਚ ਵਿਕ ਹੀ ਜਾਵੇ। ਹਰ ਸਮੇਂ ਗੁਰੂ ਦਾ ਪਿਆਰ, ਗੁਰੂ ਦੀ ਯਾਦ ਉਸ ਦੇ ਹਿਰਦੇ ਵਿਚ ਭੁੱਲ ਰਹਿਤ ਰਹੇ, ਜਿਹੜਾ ਆਪਣਾ ਤਨ, ਮਨ, ਧਨ, ਆਪਣੇ ਪ੍ਰਾਣ, ਆਪਣੀ ਬੁੱਧੀ, ਆਪਣਾ ਚਿਤ, ਆਪਣੀ ਹਉਂ ਗੁਰੂ ਦੇ ਚਰਨਾਂ ਵਿਚ ਭੇਟ ਕਰਕੇ ਹੁਕਮੀ ਬੰਦਾ ਬਣ ਜਾਵੇ, ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਐਸੇ ਸੇਵਕ ਵਿਰਲੇ ਹੀ ਹੋਇਆ ਕਰਦੇ ਹਨ। ਗੱਲਾਂਬਾਤਾਂ ਵਾਲੇ ਤਾਂ ਬਹੁਤ ਹੀ ਹੋਇਆ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

***ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ॥***

***ਪੰਨਾ - 433***

ਅਤੇ ਐਸਾ ਵੀ ਫੁਰਮਾਨ ਆਉਂਦਾ ਹੈ -

***ਗਲੀ ਅਸੀਂ ਚੰਗੀਆ ਆਚਾਰੀ ਬੁਰੀਆਹ॥***
***ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥***
***ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਅਹਿ॥***
***ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥***
***ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥***
***ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥***

***ਪੰਨਾ - 85***

ਜਿਸ ਦੇ ਮਨ ਵਿਚੋਂ ਅਜੇ ਮਾਣ ਦੂਰ ਨਹੀਂ ਹੋਇਆ ਅਤੇ ਸੇਵਕ ਬਣ ਕੇ ਅਭਿਮਾਨ ਕਰਦਾ ਹੈ, ਪੂਰੀ ਤਰ੍ਹਾਂ ਨਾਲ ਆਪਣਾ ਆਪਾ ਗੁਰੂ ਦੇ ਚਰਨਾਂ ਵਿਚ ਸਮਰਪਣ ਨਹੀਂ ਕੀਤਾ ਮਹਾਰਾਜ ਫੁਰਮਾਨ ਕਰਦੇ ਹਨ ਕਿ ਪਿਆਰਿਓ! ਉਹ ਸੇਵਕ ਨਹੀਂ ਹੋਇਆ ਕਰਦਾ, ਉਹ ਕੋਈ ਗਰਜ਼ੀ ਬੰਦਾ ਹੈ ਜੋ ਆਪਣੀਆਂ ਗਰਜਾਂ ਵਾਸਤੇ ਗੁਰੂ ਦੀ ਸੇਵਾ ਦਾ ਢੌਂਗ ਬਣਾ ਕੇ ਗੁਰੂ ਤੋਂ ਕੁਝ ਲੈਣ ਲਈ ਤਤਪਰ ਹੁੰਦਾ ਹੈ। ਸੇਵਕ ਤਾਂ ਕ੍ਰੋੜਾਂ ਵਿਚੋਂ ਇਕ ਅੱਧ ਹੀ ਹੋਇਆ ਕਰਦਾ ਹੈ -

***ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥***
***ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥***

***ਪੰਨਾ - 51***

ਦਾਸਾ ਭਾਵ ਦਾ ਵਰਤਾਵਾ ਹੋਰ ਸਪਸ਼ਟ ਕਰਦੇ ਹੋਏ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਓਤਿ ਪੋਤਿ ਸੇਵਕ ਸੰਗਿ ਰਾਤਾ॥***
***ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ॥***
***ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥***
***ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥***
***ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ॥***
***ਸੋਈ ਕਮਾਵੈ ਜੋ ਸਾਹਿਬ ਭਾਵੈ***
***ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ॥***
***ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ॥***
***ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ॥***
***ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ***
***ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ॥***
***ਅਪੁਨੈ ਠਾਕੁਰਿ ਜੋ ਪਹਿਰਾਇਆ॥***
***ਬਹੁਰਿ ਨ ਲੇਖਾ ਪੁਛਿ ਬੁਲਾਇਆ॥***
***ਤਿਸੁ ਸੇਵਕ ਕੈ ਨਾਨਕ ਕੁਰਬਾਣੀ***
***ਸੋ ਗਹਿਰ ਗਭੀਰਾ ਗਉਹਰੁ ਜੀਉ॥*** ***ਪੰਨਾ - 101***

ਅਤੇ ਇਸ ਤਰ੍ਹਾਂ ਵੀ ਫੁਰਮਾਨ ਕਰਦੇ ਹਨ -

***ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ***
***ਘਾਸੀ ਕਉ ਹਰਿ ਨਾਮੁ ਕਢਾਈ॥***
***ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ॥***

***ਪੰਨਾ - 166***

ਸੇਵਕ ਦੇ ਵਰਤਾਰੇ ਬਾਰੇ ਫੁਰਮਾਨ ਕਰਦੇ ਦਸਦੇ ਹਨ -

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥*
*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥ ਪੰਨਾ - 286*

ਦਾਸਾ ਭਾਵ ਨੂੰ ਸਮਝਣ ਲਈ ਇਕ ਉਦਾਹਰਨ ਹੈ ਕਿ ਅਫਗਾਨਿਸਤਾਨ ਦੇ ਇਕ ਰਾਜੇ ਨੇ ਨਖਾਸ ਮੰਡੀ ਵਿਚੋਂ ਇਕ ਗੁਲਾਮ ਮੁੱਲ ਲਿਆਂਦਾ ਜਿਸ ਦੀ ਬੋਲ ਚਾਲ, ਤੁਰਨ, ਫਿਰਨ ਦਾ ਢੰਗ, ਖਾਣ ਪੀਣ ਤੇ ਰਹਿਤ ਮਰਿਆਦਾ ਕੁਝ ਅਲੌਕਿਕ ਹੀ ਸੀ। ਬਾਦਸ਼ਾਹ ਦੇ ਮਨ ਵਿਚ ਰਹਿਮ ਆਇਆ। ਉਸ ਨੇ ਗੁਲਾਮ ਨੂੰ ਬੁਲਾ ਕੇ ਪੁਛਿਆ ਕਿ ਤੇਰਾ ਨਾਮ ਕੀ ਹੈ? ਤੂੰ ਕਪੜੇ ਕਿਹੋ ਜਿਹੇ ਪਹਿਨਣਾ ਚਾਹੁੰਦਾ ਹੈਂ? ਤੂੰ ਕਦੋਂ ਸੌਣਾ ਚਾਹੁੰਦਾ ਹੈਂ, ਕਦੋਂ ਜਾਗਣਾ ਚਾਹੁੰਦਾ ਹੈਂ ਅਤੇ ਕੀ ਖਾਣਾ ਚਾਹੁੰਦਾ ਹੈਂ? ਉਸ ਵੇਲੇ ਉਸ ਗੁਲਾਮ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਹੇ ਬਾਦਸ਼ਾਹ ਸਲਾਮਤ! ਮੈਂ ਹੁਣ ਸੁਤੰਤਰ ਬੰਦਾ ਨਹੀਂ ਹਾਂ। ਮੈਂ ਆਪਣੇ ਭਾਗਾਂ ਦਾ ਮਾਰਿਆ ਫੜਿਆ ਗਿਆ ਹਾਂ ਅਤੇ ਮੈਂ ਗੁਲਾਮੀ ਦੇ ਵਿਚ ਬੰਨ੍ਹਿਆ ਜਾ ਚੁਕਿਆ ਹਾਂ। ਗੁਲਾਮ ਦਾ ਕੋਈ ਵੀ ਅਧਿਕਾਰ ਨਹੀਂ ਹੋਇਆ ਕਰਦਾ। ਗੁਲਾਮ ਦੀ ਹਾਲਤ ਪਸ਼ੂਆਂ ਵਰਗੀ ਹੋਇਆ ਕਰਦੀ ਹੈ। ਪਸ਼ੂ ਨੂੰ ਜੇ ਕੋਈ ਪਾਣੀ ਪਿਲਾ ਦੇਵੇ ਤਾਂ ਉਸ ਦੀ ਮੇਹਰਬਾਨੀ, ਜੇ ਉਹ ਪਿਆਸਾ ਹੀ ਖੜ੍ਹਾ ਰਹੇ ਤਾਂ ਉਸ ਦਾ ਕਿਸੇ ਉਪਰ ਜ਼ੋਰ ਨਹੀਂ ਹੋਇਆ ਕਰਦਾ। ਇਸੇ ਤਰ੍ਹਾਂ ਨਾਲ ਗੁਲਾਮ ਦੀ ਕੋਈ ਸੁਣਵਾਈ ਨਹੀਂ ਹੈ ਭਾਵੇਂ ਉਸ ਨੂੰ ਭੁੱਖਾ ਤਿਹਾਇਆ ਰੱਖ ਕੇ, ਦਿਨ ਰਾਤ ਕੰਮ ਕਰਵਾ ਕੇ ਮਾਰ ਦੇਵੋ। ਕਿਉਂਕਿ ਉਹ ਭਾਗਾਂ ਤੋਂ ਹੀਣਾ ਹੋ ਚੁਕਿਆ ਹੁੰਦਾ ਹੈ, ਅੱਲਾਹ ਦੀ ਵੀ ਉਸ ਉਪਰ ਕਰੋਪੀ ਜ਼ਰੂਰ ਹੋਈ ਹੋਣੀ ਹੈ, ਕਿਉਂਕਿ ਸੁਖਾਂ ਦੇ ਵਿਚੋਂ ਧੱਕ ਕੇ ਉਸ ਨੇ ਗੁਲਾਮੀ ਦੇ ਵਿਚ ਧੱਕਾ ਮਾਰ ਦਿਤਾ ਹੈ। ਸੋ ਮਹਾਰਾਜ! ਮੇਰਾ ਨਾਮ ਕੀ ਰਹਿ ਗਿਆ, ਮੈਨੂੰ ਤਾਂ ਜਿਸ ਨਾਮ ਨਾਲ ਵੀ ਤੁਸੀਂ ਪੁਕਾਰ ਲਵੋਂਗੇ, ਚਾਹੇ ਉਹ ਕੁੱਤਾ ਕਹੋ, ਚਾਹੇ ਬਿੱਲਾ ਕਹੋ, ਮੈਂ ਉਸੇ ਨਾਲ ਹੀ ਬੋਲ ਪਿਆ ਕਰਾਂਗਾ। ਜਿਹੋ ਜਿਹੇ ਕੱਪੜੇ ਤੁਹਾਨੂੰ ਮੇਰੇ ਸਰੀਰ ਤੇ ਪਹਿਨੇ ਭਾਉਂਦੇ ਹਨ ਚਾਹੇ ਉਹ ਫਟੇ ਹੋਣ, ਚਾਹੇ ਨਵੇਂ ਹੋਣ ਇਸ ਨਾਲ ਮੇਰਾ ਕੋਈ ਸਬੰਧ ਨਹੀਂ ਹੈ। ਮੇਰੀਆਂ ਸਾਰੀਆਂ ਭਾਵਨਾਵਾਂ ਮਰ ਚੁੱਕੀਆਂ ਹਨ, ਹੁਣ ਮੈਂ ਕੋਈ ਵੀ ਫੁਰਨਾ ਨਹੀਂ ਕਰਦਾ ਜੋ ਕੁਝ ਹੋ ਰਿਹਾ ਹੈ ਮੈਂ ਉਸ ਨਾਲ ਹੀ ਸਹਿਮਤ ਹਾਂ। ਜਦੋਂ ਆਪ ਅਵਾਜ਼ ਮਾਰ ਦੇਵੋਂਗੇ ਉਸ ਵੇਲੇ ਮੈਂ ਸੇਵਾ ਲਈ ਹਾਜ਼ਰ ਹੋਵਾਂਗਾ ਅਤੇ ਜਦੋਂ ਆਪ ਫੁਰਮਾਨ ਕਰ ਦੇਵੋਗੇ ਕਿ ਜਾਹ ਸੌਂ ਜਾਹ ਤਾਂ ਮੈਂ ਧਰਤੀ ਉਪਰ ਹੀ ਲੇਟ ਕੇ ਆਪਣਾ ਸਮਾਂ ਪੂਰਾ ਕਰ ਲਵਾਂਗਾ। ਸੋ ਜਿਹੋ ਜਿਹਾ ਖਾਣ ਲਈ ਦੇਵੋਂਗੇ ਭਾਵੇਂ ਜੁਠਾ ਹੋਵੇ, ਸੁੱਚਾ ਹੋਵੇ, ਭਾਵੇਂ ਸੁਆਦ ਹੋਵੇ, ਭਾਵੇਂ ਬੇਸੁਆਦ ਹੋਵੇ, ਭਾਵੇਂ ਕੌੜਾ ਹੋਵੇ, ਕੁਸੈਲਾ ਹੋਵੇ ਮੈਂ ਓਹੀ ਖਾ ਕੇ ਅੱਲਾਹ ਤਾਲਾਹ ਦਾ ਸ਼ੁਕਰ ਕਰਾਂਗਾ। ਇਸੇ ਤਰ੍ਹਾਂ ਨਾਲ ਗੁਰੂ ਦੇ ਹਜ਼ੂਰ ਜੋ ਸੇਵਕ ਰਹਿੰਦਾ ਹੈ ਉਸ ਨੂੰ ਗੁਲਾਮ ਹੋ ਕੇ ਹੀ ਰਹਿਣਾ ਪੈਂਦਾ ਹੈ। ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਸੰਕੇਤ ਦਿਤਾ ਹੈ -

*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਭਾਈ ਗੁਰਦਾਸ ਜੀ, ਵਾਰ 3/18*

ਸੋ ਗੁਰੂ ਦੀ ਆਗਿਆ ਮਨ ਵਿਚ ਸਹਿੰਦਾ ਹੈ ਅਤੇ ਉਸੇ ਵਿਚ ਖੁਸ਼ ਰਹਿੰਦਾ ਹੈ। ਜੋ ਆਪਣੇ ਆਪ ਨੂੰ ਕੁਝ ਵੀ ਬਣਾ ਕੇ ਨਹੀਂ ਦਿਖਾਉਂਦਾ, ਪੂਰੀ ਤਰ੍ਹਾਂ ਨਾਲ ਆਪਾ ਸਮਰਪਣ ਕੀਤਾ ਹੋਇਆ ਹੈ ਅਤੇ ਗੁਰੂ ਦਾ ਦਸਿਆ ਹੋਇਆ ਕਾਰਜ ਸ੍ਵਾਸ ਗਿਰਾਸ ਨਾਮ ਧਿਆਉਣ ਦਾ ਪੂਰੀ ਇਮਾਨਦਾਰੀ ਨਾਲ ਕਰਦਾ ਹੈ, ਜਿਸ ਨੇ ਆਪਣਾ ਮਨ, ਆਪਣੇ ਸਾਰੇ ਫੁਰਨੇ, ਆਪਣੀਆਂ ਸਾਰੀਆਂ ਭਵਿੱਖਤ ਦੀਆਂ ਯੋਜਨਾਵਾਂ ਗੁਰੂ ਦੇ ਚਰਨਾਂ ਵਿਚ ਅਰਪਣ ਕਰਕੇ ਪ੍ਰਭੂ ਹੁਕਮ ਵਿਚ ਜੀਵਨ ਬਤੀਤ ਕਰਨ ਦਾ ਮਨ ਬਣਾਇਆ ਹੈ, ਉਸ ਨੂੰ ਸੇਵਕ ਜਾਂ ਦਾਸ ਕਿਹਾ ਜਾਂਦਾ ਹੈ। ਅਜਿਹੇ ਸੇਵਕ ਦੇ ਸਾਰੇ ਕਾਰਜ ਗੁਰੂ ਰਾਸ ਕਰਦਾ ਹੈ। ਜਦੋਂ ਨਿਹਕਾਮ ਹੋ ਕੇ ਉਹ ਸੇਵਾ ਕਰਦਾ ਹੈ ਤਾਂ ਉਸ ਦਾ ਫਲ ਉਸ ਨੂੰ ਪ੍ਰਭੂ ਪ੍ਰਾਪਤੀ ਵਿਚ ਮਿਲਦਾ ਹੈ, ਉਸ ਦੀ ਰਖਸ਼ਾ ਗੁਰੂ ਆਪ ਕਰਦਾ ਹੈ ਜਿਵੇਂ ਕਿ -

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥*
*ਪੰਨਾ - 403*

ਜਿਹੋ ਜਿਹੀ ਆਗਿਆ ਗੁਰੂ ਕਰਦਾ ਹੈ ਉਸ ਨੂੰ ਖੁਸ਼ ਹੋ ਕੇ ਮੰਨਦਾ ਹੈ, ਸਹਿਜ ਵਿਚ ਜੀਵਨ ਬਤੀਤ ਕਰਦਾ ਹੈ। ਆਗਿਆ ਵਿਚ ਭੁੱਖਾ ਰਹਿ ਕੇ ਜੀਵਨ, ਸੋਗ, ਹਰਖ ਤੋਂ ਆਪਣੇ ਆਪ ਨੂੰ ਅਛੋਹ ਰਖਦਾ ਹੈ। ਜੋ ਵੀ ਹੁਕਮ ਗੁਰੂ ਵਲੋਂ ਮਿਲਦਾ ਹੈ ਉਸ ਨੂੰ ਸਿਰ ਮੱਥੇ ਮੰਨਦਾ ਹੈ, ਨਾ ਕੋਈ ਆਪਣੇ ਅੰਦਰ ਮਾਣ ਹੈ, ਨਾ ਮੋਹ ਹੈ, ਨਾ ਕਿਸੇ ਚੀਜ਼ ਦਾ ਲੋਭ ਹੈ, ਗੁਰੂ ਦੇ ਹੁਕਮ ਵਿਚ ਨਾਮ ਦਾ ਵਪਾਰ ਕਰਦਾ ਹੈ। ਅਜਿਹੇ ਸੇਵਕ ਦੀ ਪ੍ਰੀਤ ਅਖੀਰ ਤਕ ਗੁਰੂ ਨਾਲ ਨਿਭ ਜਾਂਦੀ ਹੈ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥*
*ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥*
*ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥*
*ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥*
*ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥*
*ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥*
*ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥*
*ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥*

*ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥*
*ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥*
*ਪੰਨਾ - 1000*

ਸੇਵਕ ਕਿਸੇ ਚੀਜ਼ ਦਾ ਵੀ ਮਾਲਕ ਨਹੀਂ ਹੁੰਦਾ। ਗੁਰੂ ਦੇ ਦਰਸ਼ਨ ਵਿਚ ਐਨਾ ਪ੍ਰਸੰਨ ਰਹਿੰਦਾ ਹੈ, ਐਨਾ ਖੁਸ਼ ਰਹਿੰਦਾ ਹੈ ਕਿ ਜਿੰਨਾਂ ਖੁਸ਼ ਉਹ ਰਾਜ ਪ੍ਰਾਪਤ ਕਰਕੇ ਵੀ ਨਾ ਹੋਵੇ। ਜਦੋਂ ਗੁਰੂ ਪਿਆਰ ਨਾਲ ਬੁਲਾ ਕੇ ਕਹਿ ਦਿੰਦਾ ਹੈ ਕਿ ਇਥੇ ਬੈਠੋ ਤਾਂ ਮਹਾਨ ਸੁੱਖ ਮੰਨਦਾ ਹੈ। ਗੁਰੂ ਮਹਾਰਾਜ ਜੀ ਇਸ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਹਨ –

*ਇਹੁ ਤਨੁ ਤੁਮਰਾ ਸਭੁ ਗ੍ਰਿਹੁ ਧਨੁ ਤੁਮਰਾ ਹੀਂਉ ਕੀਓ ਕੁਰਬਾਨਾਂ।*
*ਕੋਟਿ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖਿ ਦ੍ਰਿਸ਼ਟਾਨਾਂ॥*
*ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ ਸੁਖ ਨਾਨਕ ਅੰਤੁ ਨ ਜਾਨਾਂ॥*
*ਪੰਨਾ - 1213*

ਸੋ ਸੇਵਕ ਗੁਰੂ ਦੇ ਚਰਨਾਂ ਵਿਚ ਆਪਣਾ ਆਪਾ ਭੇਟ ਕਰ ਦਿੰਦਾ ਹੈ ਅਤੇ ਗੁਰੂ ਦਾ ਭਾਣਾ ਮੰਨ ਕੇ ਸ਼ਬਦ ਨੂੰ ਹਿਰਦੇ ਵਿਚ ਹਰ ਸਮੇਂ ਧਾਰ ਕੇ ਰਖਦਾ ਹੈ। ਹਉਮੈ ਦਾ ਕੋਈ ਵੀ ਲੇਸ ਉਸ ਵਿਚ ਨਹੀਂ ਆਉਂਦਾ। ਉਹ ਆਪਣੇ ਆਪ ਨੂੰ ਕੁਝ ਵੀ ਨਹੀਂ ਸਮਝਦਾ ਕਿਉਂਕਿ ਜੀਵ ਭਾਵ ਪੈਦਾ ਹੋ ਜਾਣਾ ਹੀ ਹਉਮੈ ਹੋਇਆ ਕਰਦਾ ਹੈ। ਆਪਣੇ ਆਪ ਨੂੰ ਵਖਰਾ ਸਮਝਣਾ ਇਹ ਹਉਮੈ ਦੀ ਨਿਸ਼ਾਨੀ ਹੋਇਆ ਕਰਦੀ ਹੈ। ਜਿਸ ਨੇ ਸਭ ਕੁਝ ਗੁਰੂ ਨੂੰ ਅਰਪਣ ਕਰ ਦਿਤਾ, ਉਹ ਉਸ ਦੇ ਪ੍ਰੇਮ ਵਿਚ ਮਸਤ ਹੋ ਜਾਂਦਾ ਹੈ। ਉਸ ਨੂੰ ਜੇ ਦਿਸਦਾ ਹੈ ਤਾਂ ਗੁਰੂ, ਜੇ ਸੁਣਦਾ ਹੈ ਤਾਂ ਗੁਰੂ, ਜੇ ਬੋਲਦਾ ਹੈ ਤਾਂ ਗੁਰੂ, ਹਰ ਸਮੇਂ ਗੁਰੂ ਵਿਚ ਅਭੇਦ ਰਹਿੰਦਾ ਹੈ ਜਿਸ ਦੇ ਬਾਰੇ ਫੁਰਮਾਨ ਹੈ –

*ਨਾਨਕ ਸੇਵਕੁ ਸੋਈ ਆਖੀਐ ਸੋ ਸਿਰੁ ਧਰੇ ਉਤਾਰਿ।।*
*ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ।।*
*ਪੰਨਾ - 1247*

ਇਸ ਤਰ੍ਹਾਂ ਜੋ ਸੇਵਕ ਇਸ ਦਾਸਾ ਭਾਵ ਸਹਿਤ ਭਗਤੀ ਕਰਦਾ ਹੈ ਉਹ ਵਾਹਿਗੁਰੂ ਵਿਚ ਅਭੇਦ ਹੋ ਜਾਇਆ ਕਰਦਾ ਹੈ। ਵਾਹਿਗੁਰੂ ਜੀ ਤੇ ਉਸ ਦਾ ਕੋਈ ਫਰਕ ਨਹੀਂ ਰਿਹਾ ਕਰਦਾ। ਜਿਵੇਂ ਪਾਣੀ ਵਿਚੋਂ ਲਹਿਰਾਂ ਉਠਦੀਆਂ ਹਨ ਅਤੇ ਪਾਣੀ ਵਿਚ ਹੀ ਸਮਾਅ ਜਾਂਦੀਆਂ ਹਨ। ਉਹ ਠਾਕੁਰ ਦਾ ਰੂਪ ਬਣ ਜਾਂਦਾ ਹੈ –

*ਹਰਿ ਕਾ ਸੇਵਕੁ ਸੋ ਹਰਿ ਜੇਹਾ॥*
*ਭੇਦੁ ਨ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ॥ ਪੰਨਾ - 1076*

*ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ॥*
*ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ॥*
*ਪੰਨਾ - 1209*

ਅਜਿਹੇ ਭਾਵ ਵਿਚ ਆ ਕੇ ਜੋ ਗੁਰੂ ਦੀ ਸੇਵਾ ਕਰਦਾ ਹੈ ਉਸ ਨੂੰ ਦਰਗਾਹ ਵਿਚ ਪੂਰਾ ਮਾਣ ਪ੍ਰਾਪਤ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ –

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26*

ਸੋ ਇਸ ਕਰਕੇ ਸਤਿਗੁਰੂ ਦਾ ਸੇਵਕ ਬਣਨਾ ਅਤਿ ਉਤਮ ਪਦਵੀ ਹੈ ਪਰ ਸੇਵਕ ਦੀਆਂ ਰਹਿਤਾਂ ਹੋਇਆ ਕਰਦੀਆਂ ਹਨ, ਉਸ ਵਿਚ ਪੂਰਾ ਸਾਵਧਾਨ ਰਹਿਣਾ ਪੈਂਦਾ ਹੈ। ਜਿਸ ਤਰ੍ਹਾਂ ਕਿ ਫੁਰਮਾਨ ਹੈ –

*ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥*
*ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥*
*ਪੰਨਾ - 27*

ਸੇਵਕ ਦੇ ਮਨ ਵਿਚ ਅਜਿਹਾ ਜੀਵਨ ਹੋਇਆ ਕਰਦਾ ਹੈ –

*ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ॥*
*ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ॥*
*ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ॥*
*ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ॥*
*ਪੰਨਾ - 518*

*ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥*
*ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥*
*ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥*
*ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ॥*
*ਪੰਨਾ - 648*

ਦਾਸਾ ਭਾਵ ਦੀ ਗੁਰੂ ਘਰ ਵਿਚ ਬਹੁਤ ਹੀ ਮਹਾਨਤਾ ਹੈ ਜਿਸ ਨੂੰ ਅਸੀਂ ਗੁਰੂ ਸੇਵਾ ਕਹਿ ਕੇ ਸਮਝਣ ਦਾ ਯਤਨ ਕਰਦੇ ਹਾਂ। ਸੇਵਾ ਕਰਨੀ ਬਹੁਤ ਹੀ ਔਖੀ ਹੈ ਕਿਉਂਕਿ ਮੈਂ ਭਾਵ ਮਰਦਾ ਨਹੀਂ ਹੈ ਅਤੇ ਅਸੀਂ ਗੁਰੂ ਤੋਂ ਹਰ ਵਕਤ ਆਪਣੀਆਂ ਮਨ ਦੀਆਂ ਮੁਰਾਦਾਂ ਮੰਗਦੇ ਰਹਿੰਦੇ ਹਾਂ ਪਰ ਸੇਵਕ ਦੇ ਮਨ ਵਿਚ ਕੋਈ ਵੀ ਮੰਗ ਨਹੀਂ ਹੋਇਆ ਕਰਦੀ। ਉਸ ਦੇ ਅੰਦਰ ਤਾਂ ਉਤਸ਼ਾਹ ਹੋਇਆ ਕਰਦਾ ਹੈ ਕਿ ਮੈਂ ਗੁਰੂ ਦੀ ਸੇਵਾ ਕਰਾਂ ਅਤੇ ਜਿਵੇਂ ਕਿ –

*ਤਿਸ ਗੁਰ ਕਉ ਝੂਲਾਵਉ ਪਾਖਾ॥*
*ਮਹਾ ਅਗਨਿ ਤੇ ਹਾਥ ਦੇ ਰਾਖਾ॥*
*ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ॥*
*ਜਿਸੁ ਗੁਰ ਤੇ ਅਕਲ ਗਤਿ ਜਾਣੀ॥*
*ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ।।*
*ਜਿਸੁ ਪ੍ਰਸਾਦਿ ਵੈਰੀ ਸਭ ਮੀਤ॥ ਪੰਨਾ - 239*

ਇਹ ਸੇਵਾ ਗੁਰੂ ਦੀ ਕ੍ਰਿਪਾ ਬਗੈਰ ਨਹੀਂ ਮਿਲਿਆ ਕਰਦੀ। ਜਿਵੇਂ ਕਿ –

*ਟਹਲ ਮਹਲ ਤਾਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥*
*ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ॥।*
*ਪੰਨਾ - 255*

ਇਸ ਦੇ ਵਿਪਰੀਤ ਜੋ ਬੱਧਾ ਚੱਟੀ ਭਰਦਾ ਹੈ ਉਸ ਦਾ ਕੋਈ ਕਾਰਜ, ਸੇਵਾ ਥਾਂ ਨਹੀਂ ਪਿਆ ਕਰਦੀ ਜਿਵੇਂ ਕਿ –

*ਬਧਾ ਚਟੀ ਜੋ ਭਰੇ ਨਾ ਗੁਣੁ ਨ ਉਪਕਾਰੁ॥*
*ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥*
*ਪੰਨਾ - 787*

ਸੇਵਾ ਦੀ ਭਾਵਨਾ ਸੇਵਕ ਦੇ ਮਨ ਵਿਚ ਚਾਓ ਦਿੰਦੀ ਹੈ। ਉਹ ਗੁਰੂ ਪਾਸੋਂ ਹਰ ਵਕਤ ਸੇਵਾ ਕਰਨ ਲਈ ਅਰਦਾਸ ਕਰਦਾ ਹੋਇਆ ਕਹਿੰਦਾ ਹੈ, ਹੇ ਪ੍ਰਭੂ! ਇਕੋ ਇਕ ਮੇਰਾ ਮਨੋਰਥ ਪੂਰਾ ਕਰੋ ਕਿ ਮੈਂ ਸੀਸ ਦੇ ਉਤੇ, ਸੰਤਾਂ ਦੀ ਸੇਵਾ ਲਈ, ਜਲ ਢੋਵਾਂ ਅਤੇ ਹੱਥਾਂ ਦੇ ਨਾਲ ਉਨ੍ਹਾਂ ਦੇ ਚਰਨ ਧੋਵਾਂ, ਝਾੜੂ ਦੇਵਾਂ, ਸੰਗਤਾਂ ਨੂੰ ਪੱਖਾ ਝੁਲਾਵਾਂ। ਸੰਤਾਂ ਦੇ ਬਚਨਾਂ ਵਿਚੋਂ ਅੰਮ੍ਰਿਤ ਝਰਦਾ ਹੈ ਜੋ ਮੇਰੀ ਜਲਨ ਬੁਝਾ ਦਿੰਦਾ ਹੈ, ਜਦੋਂ ਕੀਰਤਨ ਮੰਡਲੀ ਕੀਰਤਨ ਕਰਦੀ ਹੈ ਤਾਂ ਉਨ੍ਹਾਂ ਨਾਲ ਮਿਲ ਕੇ ਮੈਂ ਵੀ ਤੇਰੇ ਗੁਣ ਗਾਵਾਂ ਅਤੇ ਮੈਨੂੰ ਆਪਣੇ ਭਗਤਾਂ ਦੇ ਚਰਨਾਂ ਵਿਚ ਥਾਂ ਦੇ ਦੇਵੋ –

*ਜਲੁ ਢੋਵਉ ਇਹ ਸੀਸ ਕਰਿ ਕਰ ਪਗ ਪਖਲਾਵਉ॥*
*ਬਾਰਿ ਜਾਉ ਲਖੁ ਬੇਰੀਆ ਦਰਸੁ ਪੇਖਿ ਜੀਵਾਵਉ॥*
*ਕਰਉ ਮਨੋਰਥ ਮਨੈ ਮਾਹਿ ਅਪਨੇ ਪ੍ਰਭ ਤੇ ਪਾਵਉ॥*
*ਦੇਉ ਸੁਹਨੀ ਸਾਧ ਕੈ ਬੀਜਨੁ ਢੋਲਾਵਉ॥*
*ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ॥*
*ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ॥*
*ਜਬ ਭਗਤਿ ਕਰਹਿ ਸੰਤ ਮੰਡਲੀ ਤਿਨ ਮਿਲਿ ਹਰਿ ਗਾਵਉ॥*
*ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ॥*
*ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ॥*
*ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ॥*

*ਪੰਨਾ - 813*

ਹੇ ਪ੍ਰਭੂ! ਮੈਨੂੰ ਆਪਣੇ ਦਾਸਾਂ ਦਾ ਗੁਲਾਮ ਬਣਾ ਦੇ ਕਿਉਂਕਿ ਉਨ੍ਹਾਂ ਕੋਲ ਅੰਮ੍ਰਿਤ ਨਾਮ ਦਾ ਖਜ਼ਾਨਾ ਹੈ ਅਤੇ ਮੈਂ ਉਹ ਅੰਮ੍ਰਿਤ ਬੋਲ ਸੁਣ ਕੇ ਕੰਨਾਂ ਨੂੰ ਪਵਿੱਤਰ ਕਰਾਂ। ਫੁਰਮਾਨ ਹੈ –

*ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ॥*
*ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ॥*
*ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ॥*
*ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ॥*

*ਪੰਨਾ - 518*

ਜਿਸ ਨੇ ਦਾਸਾ ਭਗਤੀ ਕੀਤੀ ਹੈ ਉਹ ਬਹੁਤ ਉਚੇ ਦਰਜੇ ਪ੍ਰਾਪਤ ਕਰ ਲੈਂਦਾ ਹੈ।

8. ਅੱਠਵੀਂ ਭਗਤੀ **ਸਖਾ ਭਗਤੀ** ਹੋਇਆ ਕਰਦੀ ਹੈ। ਪ੍ਰਮੇਸ਼ਰ ਨੂੰ ਆਪਣਾ ਪਰਮ ਮਿਤਰ ਜਾਣ ਕੇ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ।

ਗੁਰੂ ਦਸ਼ਮੇਸ਼ ਪਿਤਾ ਜੀ ਅਨੰਦਪੁਰ ਸਾਹਿਬ ਸ਼ਾਹੀ ਫੌਜਾਂ ਨੇ ਘੇਰੇ ਵਿਚ ਲਏ ਹੋਏ ਹਨ। ਹਰ ਰੋਜ਼ ਹਮਲੇ ਹੁੰਦੇ ਹਨ, ਮਹਾਨ ਯੁੱਧਾਂ ਵਿਚ ਯੋਧੇ ਸ਼ਹੀਦੀਆਂ ਪਾ ਰਹੇ ਹਨ। ਸਮੇਂ ਨੂੰ ਵਿਚਾਰਦਿਆਂ ਗੁਰੂ ਮਹਾਰਾਜ ਜੀ ਨੇ ਹੁਕਮ ਦਿਤਾ ਕਿ ਜਿੰਨੇ ਕੀਮਤੀ ਵਸਤਰ ਹਨ ਸਾਰੇ ਇਕ ਥਾਂ ਇਕੱਠੇ ਕਰਕੇ, ਇਨ੍ਹਾਂ ਉਪਰ ਕਿਓੜਾ ਆਦਿ ਛਿੜਕ ਕੇ ਅਗਨ ਭੇਟ ਕਰ ਦਿਓ। ਜੋ ਉਸ ਸਮੇਂ ਗੁਰੂ ਮਹਾਰਾਜ ਪਾਸ ਸੋਨਾ ਸੀ ਉਹ ਸਾਰਾ ਸਤਿਲੁਜ ਵਿਚ ਸੁਟਵਾ ਦਿਤਾ। ਛੇ ਮਹੀਨੇ ਲੰਘ ਗਏ, ਖਾਣ ਪੀਣ ਵਾਸਤੇ ਸਭ ਕੁਝ ਖਤਮ ਹੋ ਗਿਆ। ਆਪਾ ਭਾਵ ਮਿਟਾ ਕੇ ਸੇਵਾ ਕਰਨ ਵਾਲੇ ਸਿੰਘਾਂ ਨੇ ਦਰਖਤਾਂ ਦੀਆਂ ਛਿਲਾਂ ਲਾਹ ਕੇ ਅਤੇ ਦਰਖਤਾਂ ਦੇ ਪੱਤੇ ਉਬਾਲ ਕੇ ਪੀ ਲਏ ਪਰ ਗੁਰੂ ਮਹਾਰਾਜ ਜੀ ਪਾਸ ਜਾ ਕੇ ਕਦੇ ਵੀ ਸ਼ਕਾਇਤ ਨਾ ਕੀਤੀ। ਦਾਸਾ ਭਾਵ ਵਿਚ ਆਪਣਾ ਧਰਮ ਪੂਰੀ ਤਰ੍ਹਾਂ ਪਾਲ ਰਹੇ ਸਨ।

ਅਖੀਰ ਗੁਰੂ ਮਹਾਰਾਜ ਜੀ ਨੇ 500 ਸਿੰਘਾਂ ਸਮੇਤ ਕਿਲਾ ਛੱਡ ਦਿਤਾ ਅਤੇ ਸਰਸੇ ਦੇ ਕੰਢੇ ਬਹੁਤ ਭਿਆਨਕ ਯੁੱਧ ਹੋਇਆ। ਸਰਸਾ ਚੜ੍ਹਿਆ ਹੋਇਆ ਸੀ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਹਨ੍ਹੇਰੇ ਵਿਚ ਇਕ ਬ੍ਰਾਹਮਣ ਰਸੋਈਏ ਗੰਗੂ ਨਾਲ ਦਰਿਆ ਦੇ ਝੱਲ ਵਿਚ ਇਕ ਪਾਸੇ ਹੋ ਗਏ ਅਤੇ ਨਵਾਬ ਸਰਹੰਦ ਨੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿਤੇ। ਆਪ ਨੇ ਚਮਕੌਰ ਸਾਹਿਬ ਜਾ ਕੇ ਪੂਰੇ ਚਾਰ ਪਹਿਰ ਭਿਆਨਕ ਯੁੱਧ ਰਚਾਇਆ। ਲੱਖਾਂ ਫੌਜਾਂ ਨੂੰ ਦਿਨ ਭਰ ਨੇੜੇ ਨਾ ਆਉਣ ਦਿਤਾ। ਸਿੰਘਾਂ ਨੇ ਗੁਰਮਤਾ ਕਰਕੇ ਮਹਾਰਾਜ ਜੀ ਨੂੰ ਕਿਹਾ ਕਿ ਮਹਾਰਾਜ ਸੱਚੇ ਪਾਤਸ਼ਾਹ! ਜੇ ਆਪ ਸਲਾਮਤ ਹੋ ਤਾਂ ਅਜੇ ਵੀ ਪੰਥ ਦਾ ਕੁਝ ਨਹੀਂ ਵਿਗੜਿਆ ਆਪ ਫੇਰ ਉਸੇ ਪੰਥ ਦੀ ਸਾਜਨਾ ਕਰ ਲਵੋਂਗੇ। ਅਸੀਂ ਕੁਝ ਵੀ ਕਰਨ ਨੂੰ ਸਮਰੱਥ ਨਹੀਂ ਹਾਂ। ਗੁਰੂ ਮਹਾਰਾਜ ਜੀ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਵਿਚੋਂ ਨਿਕਲ ਕੇ ਮਾਛੀਵਾੜੇ ਇਕ ਬਾਗ ਵਿਚ ਪਹੁੰਚ ਜਾਂਦੇ ਹਨ। ਪੋਹ ਦਾ ਮਹੀਨਾ ਸੀ ਧਰਤੀ ਬਾਰਸ਼ ਕਰਕੇ ਗਿੱਲੀ ਹੋਈ ਪਈ ਸੀ, ਕਹਿਰਾਂ ਦੀ ਸਰਦੀ ਪੈ ਰਹੀ ਸੀ ਜਿਸ ਵਿਚ ਹੱਥ ਸੁੰਨ ਹੋ ਕੇ ਸ਼ਸ਼ਤਰ ਵੀ ਨਹੀਂ ਸੀ ਚੁਕ ਸਕਦੇ। ਸਾਧਾਰਣ ਬੰਦਾ ਜੇ ਅਜਿਹੀ ਸਰਦੀ ਵਿਚ ਬਾਹਰ ਰਹਿ ਜਾਵੇ ਤਾਂ ਉਹ ਆਕੜ ਕੇ ਚੜ੍ਹਾਈ ਕਰ ਜਾਂਦਾ ਹੈ। ਅਜਿਹੀ ਸਰਦੀ ਵਿਚ ਆਪ ਧਰਤੀ ਉਪਰ ਪਏ ਹਨ, ਹੇਠਾਂ ਕੋਈ ਵੀ ਚੀਜ਼ ਵਿਛਾਉਣ ਵਾਸਤੇ ਨਹੀਂ ਹੈ। ਉਪਰ ਲੈਣ ਵਾਸਤੇ ਨਾ ਕੋਈ ਵਸਤਰ ਹੈ, ਨਾ ਸਿਰ ਹੇਠ ਲੈਣ ਵਾਸਤੇ ਸਿਰਾਣਾ ਆਪ ਨੇ ਖੂਹ ਤੋਂ ਮਿੱਟੀ ਦੀ ਟਿੰਡ ਲਾਹੀ, ਉਸ ਨੂੰ ਸਿਰ੍ਹਾਣੇ ਰੱਖਿਆ, ਅਕਾਲ ਪੁਰਖ ਵਲ ਸਨਮੁਖ ਹੋ ਕੇ ਆਪਣਾ ਮਿਤਰ ਜਾਣ ਕੇ ਪਿਆਰ ਭਰਿਆ ਸੁਨੇਹਾ ਦਿਤਾ ਜਿਸ ਵਿਚ ਇਨ੍ਹਾਂ ਸਾਰੀਆਂ ਤਕਲੀਫਾਂ ਬਾਰੇ ਕੋਈ ਵੀ ਸ਼ਿਕਵਾ ਨਹੀਂ ਸੀ। ਇਸ ਦੇ ਵਿਪਰੀਤ ਸੁਖਾਂ ਨੂੰ ਰੋਗ ਹੀ ਦਸਿਆ। ਰਜਾਈਆਂ ਦਾ ਓਡਣ ਨਾਗਾਂ ਦੇ ਨਿਵਾਸ ਤੁਲ ਦਸਿਆ, ਥਾਲਾਂ ਵਿਚ ਖਾਣ ਪੀਣ ਨੂੰ, ਸੁਰਾਹੀ ਨੂੰ ਸੂਲ ਦੱਸਿਆ; ਪਿਆਲੇ ਨੂੰ ਖੰਜਰ ਦੀ ਤੁਲਨਾ ਦਿਤੀ ਅਤੇ ਸੁਖਾਂ ਨੂੰ ਕਸਾਈ ਦੀ, ਜੋ ਬਕਰੇ ਦੀ ਗਰਦਨ ਮਰੋੜ ਕੇ ਤਸੀਹੇ ਦਿੰਦਾ ਹੈ, ਉਸਦੇ ਸਮਾਨ ਦਸਿਆ ਹੈ ਅਤੇ ਪੂਰੇ ਪ੍ਰਸੰਨ ਚਿੱਤ ਨਾਲ ਸੁਨੇਹਾ ਦਿਤਾ ਕਿ ਹੇ ਪਿਆਰਿਆ! ਤੇਰਾ ਦਿਤਾ ਹੋਇਆ ਇਹ ਧਰਤੀ ਦਾ ਵਿਛੋਣਾ ਮੈਨੂੰ ਬੁਰਾ ਨਹੀਂ ਲਗਦਾ, ਗਿੱਲੀ ਧਰਤੀ ਮੈਨੂੰ ਕੋਈ ਦੁਖ ਨਹੀਂ ਪਹੁੰਚਾ ਰਹੀ, ਠੰਢੀ ਵਗਦੀ ਰੀਵੀ ਮੇਰੇ ਮਨ ਦੀ ਖੁਸ਼ੀ ਨੂੰ ਭੰਗ ਨਹੀਂ ਕਰ ਰਹੀ, ਨਾ ਹੀ ਮੈਨੂੰ ਆਪਣੇ ਪਿਆਰੇ ਗੁਰਸਿਖਾਂ ਦੇ ਸ਼ਹੀਦ ਹੋਣ ਦਾ ਗਮ ਹੈ, ਪਿਆਰੇ ਪੁਤਰਾਂ ਦਾ ਅੱਖਾਂ ਸਾਮ੍ਹਣੇ ਸ਼ਹੀਦ ਹੋ ਜਾਣਾ ਮੇਰੇ ਅੰਦਰ ਕੋਈ ਅਸਰ ਪੈਦਾ ਨਹੀਂ ਕਰ ਰਿਹਾ। ਇਸ ਦੇ ਵਿਪਰੀਤ ਮੈਂ ਅਤਿ ਪ੍ਰਸੰਨ ਹਾਂ ਕਿ ਤੂੰ ਮੈਨੂੰ ਪੈਣ ਵਾਸਤੇ ਨੰਗੀ ਤੇ ਗਿੱਲੀ ਧਰਤੀ ਦਾ ਵਿਛੋਣਾ ਤੇ ਉਪਰ ਲੈਣ ਵਾਸਤੇ ਠੰਢੀ ਬਰਫ ਵਰਗੀ ਚਲ ਰਹੀ ਹਵਾ ਦੀ ਚਾਦਰ ਦਿਤੀ ਹੈ। ਮਹਿਲਾਂ ਦੇ ਸੁਖ ਨੂੰ ਭੱਠ ਵਰਗਾ ਦਸਦੇ ਕਿਹਾ ਕਿ ਹੇ ਪਿਆਰਿਆ! ਇਹ ਸੁਨੇਹਾ ਮੇਰਾ ਤੇਰੇ ਦਰ ਤੇ ਪਹੁੰਚੇ ਕਿ ਜਿਸ ਹਾਲ ਵਿਚ ਤੂੰ ਰੱਖ ਰਿਹਾ ਹੈਂ ਮੈਂ ਉਸ ਵਿਚ ਖੁਸ਼ ਹਾਂ ਕਿਉਂਕਿ ਤੂੰ ਮੇਰਾ ਅਤਿ ਦਾ ਪਿਆਰਾ ਮਿੱਤਰ ਹੈਂ।

ਆਪ ਜੀ ਨੇ ਫੁਰਮਾਨ ਕੀਤਾ –

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਣਾ।*
*ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਣਾ।*
*ਖਿਆਲ ਪਾਤਿਸ਼ਾਹੀ ੧੦*

ਇਸ ਭਗਤੀ ਨੂੰ ਸਖਾ ਭਾਵ ਦੀ ਭਗਤੀ ਜਾਂ ਸੁਹਾਗਣ ਦੀ ਪਤੀਵਰਤਾ ਭਗਤੀ ਨਾਲ ਤੁਲਨਾ ਦਿਤੀ ਗਈ ਹੈ। ਜਿਸ ਤਰ੍ਹਾਂ ਪਤੀਵਰਤਾ ਇਸਤ੍ਰੀ ਆਪਣੇ ਪਤੀ ਦੇ ਪਿਆਰ ਵਿਚ ਸਦਾ ਹੀ ਪ੍ਰਸੰਨ ਰਹਿੰਦੀ ਹੈ। ਪਤੀਵਰਤਾ ਇਸਤ੍ਰੀ ਉਹ ਹੁੰਦੀ ਹੈ ਜਿਹੜੀ ਆਪਣੇ ਪਤੀ ਦੇ ਔਗੁਣ ਦੇਖ ਕੇ, ਓਹਦੀ ਬਿਮਾਰੀ ਨੂੰ ਦੇਖ ਕੇ, ਉਸ ਦੀ ਕਰੂਰਤਾ ਨੂੰ ਦੇਖ ਕੇ ਕਦੇ ਵੀ ਪਰ-ਪੁਰਸ਼ ਦਾ ਧਿਆਨ ਮਨ ਵਿਚ ਨਹੀਂ ਲਿਆਉਂਦੀ ਅਤੇ ਉਸ ਦੇ ਨਾਲ ਹੀ ਪੂਰਨ ਪ੍ਰਸੰਨਤਾ ਵਿਚ ਰਹਿੰਦੀ ਹੈ।

ਧਰਮ ਗ੍ਰੰਥਾਂ ਵਿਚ ਆਉਂਦਾ ਹੈ ਕਿ ਨਾਰਾਇਣ ਜੀ ਕਹਿੰਦੇ ਹਨ ਹੇ ਨਾਰਦ! ਮੈਂ ਤੈਨੂੰ ਪਤੀਵਰਤਾ ਇਸਤ੍ਰੀਆਂ ਦਾ ਵਰਤ, ਉਨ੍ਹਾਂ ਦੀ ਰਹਿਤ ਬਾਰੇ ਦਸਦਾ ਹਾਂ। ਉਨ੍ਹਾਂ ਦਾ ਪਤੀ ਭਾਵੇਂ ਕਰੂਪ ਹੋਵੇ, ਖੋਟੇ ਆਚਰਣ ਵਾਲਾ ਹੋਵੇ ਜਾਂ ਸੁੰਦਰ ਸੁਭਾਵ ਵਾਲਾ ਪਤੀ ਹੋਵੇ ਉਹ ਪਿਆਰ ਹੀ ਕਰਦੀਆਂ ਹਨ। ਦੂਜਾ – ਪਤੀ ਰੋਗੀ ਹੋਵੇ, ਕ੍ਰੋਧੀ ਹੋਵੇ, ਭੂਤਾਂ ਪ੍ਰੇਤਾਂ ਦੇ ਸੁਭਾਅ ਵਾਲਾ ਹੋਵੇ, ਸ਼ਰਾਬ ਪੀਣ ਵਾਲਾ ਹੋਵੇ, ਬਿਰਧ ਹੋਵੇ, ਗੂੰਗਾ ਹੋਵੇ, ਅੰਨਾ ਹੋਵੇ, ਭਿਅੰਕਰ, ਦਰਿਦ੍ਰੀ ਹੋਵੇ, ਕੰਜੂਸ ਹੋਵੇ, ਨਿੰਦਕ ਹੋਵੇ, ਡਰਪੋਕ ਹੋਵੇ, ਚਰਿਤਰਹੀਣਾ ਹੋਵੇ, ਦੂਸਰੀਆਂ ਇਸਤ੍ਰੀਆਂ ਨਾਲ ਪਿਆਰ ਕਰਨ ਵਾਲਾ ਹੋਵੇ ਪਰ ਪਤੀਵਰਤਾ ਇਸਤ੍ਰੀ ਨੂੰ ਉਹ ਪਤੀ ਵੀ ਪ੍ਰਭੂ ਸਰੂਪ ਹੀ ਨਜ਼ਰ ਆਉਂਦਾ ਹੈ ਅਤੇ ਉਸਦੀ ਪੂਜਾ ਕਰਦੀਆਂ ਹਨ। ਪਤੀ ਤੋਂ ਬਗੈਰ ਕਿਸੇ ਦੇਵਤੇ, ਮਨੁੱਖ, ਗੰਧਰਵ ਨਾਲ ਸਤੀ ਇਸਤ੍ਰੀਆਂ ਨੂੰ ਪਿਆਰ ਨਹੀਂ ਹੁੰਦਾ। ਪਤੀ ਦਾ ਬੁਰਾ ਭੁੱਲ ਕੇ ਵੀ ਨਹੀਂ ਕਰਦੀਆਂ। ਪਤੀਵਰਤਾ ਇਸਤ੍ਰੀਆਂ ਪਤੀ ਨੂੰ ਭੋਜਨ ਕਰਾ ਕੇ ਪਿਛੋਂ ਆਪ ਭੋਜਨ ਕਰਦੀਆਂ ਹਨ। ਉਹ ਪਤੀ ਦੇ ਦੁਖ ਵਿਚ ਦੁਖੀ ਅਤੇ ਉਸ ਨੂੰ ਪ੍ਰਸੰਨ ਦੇਖ ਕੇ ਹੀ ਪ੍ਰਸੰਨ ਰਹਿੰਦੀਆਂ ਹਨ। ਕਦੇ ਵੀ ਓਲਾਂਭਾ ਨਹੀਂ ਦਿੰਦੀਆਂ। ਜੇ ਪਤੀ ਪ੍ਰਦੇਸ ਚਲਿਆ ਜਾਵੇ ਤਾਂ ਉਸਦੀ ਯਾਦ ਵਿਚ ਵਰਤ ਰਖਦੀਆਂ ਹਨ। ਜਦੋਂ ਪਤੀ ਸੌਂ ਜਾਵੇ ਪਿਛੋਂ ਆਪ ਸੌਂਦੀਆਂ ਹਨ ਅਤੇ ਪਹਿਲਾਂ ਉਠਦੀਆਂ ਹਨ। ਜੇ ਪਤੀ ਸਰੀਰ ਛੱਡ ਜਾਵੇ ਤਾਂ ਉਸ ਦੇ ਪਿਆਰ ਵਿਚ ਸਰੀਰ ਛੱਡ ਦਿੰਦੀਆਂ ਹਨ। ਐਸੀਆਂ ਸੁਭਾਅ ਵਾਲੀਆਂ ਇਸਤ੍ਰੀਆਂ ਜੋ ਹਨ ਉਨ੍ਹਾਂ ਨੂੰ ਪਤੀਵਰਤਾ ਇਸਤ੍ਰੀਆਂ ਕਿਹਾ ਜਾਂਦਾ ਹੈ। ਉਹ ਵੀ ਸੰਸਾਰ ਸਾਗਰ ਤੋਂ ਤਰ ਜਾਂਦੀਆਂ ਹਨ ਅਤੇ ਆਪਣੇ ਪਤੀ ਨੂੰ ਵੀ ਬੈਕੁੰਠ ਧਾਮ ਤਕ ਲੈ ਜਾਂਦੀਆਂ ਹਨ। ਬਾਣੀ ਵਿਚ ਵੀ ਫੁਰਮਾਨ ਆਉਂਦਾ ਹੈ ਕਿ ਹੇ ਪ੍ਰਭੂ! ਤੂੰ ਹੀ ਮੇਰਾ ਮਿੱਤਰ ਹੈਂ, ਤੂੰ ਹੀ ਮੇਰਾ ਸਖਾ ਹੈਂ, ਤੇਰੇ ਨਾਲ ਹੀ ਮੇਰੀ ਪ੍ਰੀਤ ਹੈ, ਤੂੰ ਹੀ ਮੇਰੀ ਪਤਿ ਹੈਂ, ਤੂੰ ਹੀ ਮੇਰਾ ਗਹਿਣਾ ਹੈਂ, ਤੇਰੇ ਬਿਨਾਂ ਮੈਂ ਇਕ ਪਲ ਵੀ ਨਹੀਂ ਰਹਿ ਸਕਦਾ। ਤੂੰ ਹੀ ਮੇਰਾ ਮਾਲਕ ਹੈਂ, ਤੇਰੇ ਨਾਲ ਹੀ ਮੇਰਾ ਸਬੰਧ ਹੈ ਜਿਵੇਂ ਵੀ ਤੂੰ ਮੈਨੂੰ ਰਖਦਾ ਹੈਂ ਮੈਂ ਉਸੇ ਤਰ੍ਹਾਂ ਰਹਿ ਕੇ ਪ੍ਰਸੰਨ ਹਾਂ, ਤੂੰ ਮੇਰੀ ਨੌਂ ਨਿੱਧੀਆਂ ਹੈਂ, ਤੂੰ ਮੇਰਾ ਅਤੁੱਟ ਭੰਡਾਰ ਹੈਂ, ਤੂੰ ਮੇਰੇ ਮਨ ਦਾ ਆਧਾਰ ਹੈਂ, ਤੂੰ ਮੇਰੀ ਸੋਭਾ ਹੈਂ, ਤੂੰ ਹੀ ਮੇਰਾ ਤਕੀਆ ਹੈਂ, ਇਹ ਭੇਤ ਮੈਂ ਆਪਣੇ ਗੁਰੂ ਤੋਂ ਪਾਇਆ ਹੈ। ਇਸ ਤਰ੍ਹਾਂ ਨਾਲ ਫੁਰਮਾਨ ਹੈ –

*ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ॥*
*ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ॥*
*ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ॥*
*ਤੁਝ ਬਿਨੁ ਨਿਮਖੁ ਨ ਜਾਈ ਰਹਣਾ॥*
*ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ॥*
*ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ॥*
*ਜਿਉ ਤੁਮ ਰਾਖਹੁ ਤਿਵ ਹੀ ਰਹਨਾ॥*
*ਜੋ ਤੁਮ ਕਹਹੁ ਸੋਈ ਮੋਹਿ ਕਰਨਾ॥*
*ਜਹ ਪੇਖਉ ਤਹਾ ਤੁਮ ਬਸਨਾ॥*
*ਨਿਰਭਉ ਨਾਮੁ ਜਪਉ ਤੇਰਾ ਰਸਨਾ॥*
*ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ॥*
*ਰੰਗ ਰਸਾ ਤੂੰ ਮਨਹਿ ਅਧਾਰੁ॥*
*ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ॥*
*ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ॥*
*ਮਨ ਤਨ ਅੰਤਰਿ ਤੁਹੀ ਧਿਆਇਆ॥*
*ਮਰਮੁ ਤੁਮਾਰਾ ਗੁਰ ਤੇ ਪਾਇਆ॥*
*ਸਤਿਗੁਰ ਤੇ ਦ੍ਰਿੜਿਆ ਇਕੁ ਏਕੈ॥*
*ਨਾਨਕ ਦਾਸ ਹਰਿ ਹਰਿ ਹਰਿ ਟੇਕੈ॥ ਪੰਨਾ - 181*

ਮਿੱਤਰ ਦੇ ਛੇ ਲੱਛਣ ਹੋਇਆ ਕਰਦੇ ਹਨ। ਉਹ ਪਾਪ ਤੋਂ ਬਚਦਾ ਹੈ। ਪਿਆਰ ਵਿਚ ਅਤੇ ਮਿੱਤਰ ਦੇ ਭਲੇ ਵਿਚ ਜੁੜਦਾ ਹੈ। ਮਿੱਤਰ ਦੀਆਂ ਗੁਪਤ ਗੱਲਾਂ, ਮਿੱਤਰ ਦੇ ਦੋਸ਼ ਛੁਪਾ ਕੇ ਰਖਦਾ ਹੈ, ਜਦੋਂ ਬਿਪਤਾ ਪੈ ਜਾਵੇ ਤਾਂ ਮਿੱਤਰ ਦਾ ਸਾਥ ਕਦੇ ਵੀ ਨਹੀਂ ਛਡਦਾ। ਜੇ ਕਾਲ ਪੈ ਜਾਵੇ ਤਾਂ ਮਿੱਤਰ ਨੂੰ ਅੰਨ ਵੀ ਦਿੰਦਾ ਹੈ, ਧਨ ਵੀ ਦਿੰਦਾ ਹੈ।

ਸੁਦਾਮੇ ਨੇ ਕ੍ਰਿਸ਼ਨ ਮਹਾਰਾਜ ਜੀ ਨਾਲ ਮਿੱਤਰ ਭਗਤੀ ਨਿਭਾਈ। ਜਦੋਂ ਕ੍ਰਿਸ਼ਨ ਮਹਾਰਾਜ ਜੀ ਨੇ ਸੁਦਾਮੇ ਦੀ ਹਾਲਤ ਦੇਖੀ ਜਿਸ ਬਾਰੇ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਫੁਰਮਾਨ ਕੀਤਾ ਹੈ ਕਿ ਸੁਦਾਮਾ ਦਲਿਦਰੀ ਹੋ ਕੇ ਬਹੁਤ ਦੁਖ ਸਹਿ ਰਿਹਾ ਸੀ, ਨਾ ਉਸ ਪਾਸ ਕੱਪੜਾ ਸੀ, ਨਾ ਮਾਇਆ ਸੀ, ਉਸ ਦੀ ਘਰਵਾਲੀ ਸਦਾ ਹੀ ਉਸ ਨੂੰ ਕੋਸਦੀ ਰਹਿੰਦੀ ਸੀ ਕਿ ਤੂੰ ਕ੍ਰਿਸ਼ਨ ਮਹਾਰਾਜ ਦਾ ਮਿਤਰ ਹੋ ਕੇ ਭੁੱਖਾ ਮਰਦਾ ਹੈਂ, ਉਹ ਦੁਆਰਕਾ ਦੀ ਰਾਜ ਗੱਦੀ ਉਪਰ ਬੈਠੇ ਹਨ ਤੇ ਤੇਰੇ ਕੋਲ ਦੋ ਵੇਲੇ ਦਾ ਖਾਣ ਲਈ ਵੀ ਨਹੀਂ ਹੈ। ਜਿਵੇਂ ਤੂੰ ਦਲਿੱਦਰ ਲੈ ਕੇ ਹੀ ਪੈਦਾ ਹੋਇਆ ਹੋਵੇਂ। ਤੂੰ ਆਪਣੇ ਮਿੱਤਰ ਕੋਲ ਜਾਹ।

ਇਸ ਤਰ੍ਹਾਂ ਦੇ ਨਾਲ ਰੋਜ਼-ਰੋਜ਼ ਦੇ ਕਹਿਣ ਤੇ ਸੁਦਾਮਾ ਜੀ ਕ੍ਰਿਸ਼ਨ ਮਹਾਰਾਜ ਜੀ ਦੇ ਪਾਸ ਜਾਣ ਲਈ ਲੰਮੀ ਯਾਤਰਾ ਤੇ ਤੁਰ ਪੈਂਦੇ ਹਨ ਅਤੇ ਰਸਤੇ ਵਿਚ ਸੋਚਦੇ ਜਾਂਦੇ ਹਨ ਕਿ ਉਹ ਤਾਂ ਰਾਜ ਸਿੰਘਾਸ਼ਨ ਤੇ ਬੈਠੇ ਹਨ, ਮੇਰੀ ਤਾਂ ਧੋਤੀ ਵੀ ਫਟੀ ਹੋਈ ਹੈ, ਨਾ ਹੀ ਮੇਰੇ ਪੈਰਾਂ ਵਿਚ ਜੁੱਤੀ ਹੈ, ਮੈਂ ਦੁਰਬਲ ਹਾਂ, ਮੇਰੇ ਸਰੀਰ ਦੀਆਂ ਹੱਡੀਆਂ ਨਿਕਲੀਆਂ ਪਈਆਂ ਹਨ, ਮੈਨੂੰ ਕਿਸ ਨੇ ਕ੍ਰਿਸ਼ਨ ਨਾਲ ਮਿਲਾਉਣਾ ਹੈ, ਮੇਰੀ ਤਾਂ ਕਿਸੇ

ਨੇ ਗੱਲ ਵੀ ਨਹੀਂ ਸੁਣਨੀ। ਇਸ ਤਰ੍ਹਾਂ ਸੋਚਦਾ-ਸੋਚਦਾ ਦੁਆਰਕਾ ਪਹੁੰਚ ਜਾਂਦਾ ਹੈ ਉਸ ਨੇ ਕਿਹਾ ਕਿ ਮੈਂ ਕ੍ਰਿਸ਼ਨ ਮਹਾਰਾਜ ਜੀ ਦਾ ਮਿਤਰ ਹਾਂ। ਚੌਬਦਾਰ ਸੁਣ ਕੇ ਹੱਸ ਪਏ ਅਤੇ ਇਕ ਦੂਜੇ ਨੂੰ ਕਹਿਣ ਲੱਗੇ ਕਿ ਆਹ ਕੰਗਾਲ ਕਹਿੰਦਾ ਹੈ ਕਿ ਮੈਂ ਕ੍ਰਿਸ਼ਨ ਮਹਾਰਾਜ ਜੀ ਜੋ ਸੋਲ੍ਹਾਂ ਕਲਾ ਸੰਪੂਰਨ ਅਵਤਾਰ ਹਨ ਉਨ੍ਹਾਂ ਦਾ ਮਿਤਰ ਹਾਂ। ਉਨ੍ਹਾਂ ਦੀ ਹਾਲਤ ਬਾਰੇ ਇਕ ਕਵੀ ਨੇ ਲਿਖਿਆ ਹੈ –

*ਸੀਸ ਪਗਾ ਨ ਝਗਾ ਤਨ ਮੇਂ ਨਹਿ ਜਾਨੇ ਕੋ ਆਹਿ ਵਸੇ ਕੋ ਗ੍ਰਾਮਾ।*<br>
*ਧੋਤੀ ਫਟੀ ਸੀ ਲਟੀ ਦੁਪਟੀ ਨਹਿ ਪਾਇਓ ਪਾਇ ਨ ਔਰ ਨ ਸਾਮਾ।*<br>
*ਦੁਆਰ ਖੜੋ ਦ੍ਵਿਜ ਦੁਰਬਲ ਦੇਖਿ ਰਹਿਓ ਚਕ ਸੋਂ ਵਸੁਧਾ ਅਭਿਰਾਮਾ।*<br>
*ਪਰ ਪੂਛਤ ਦੀਨ ਦਯਾਲ ਕੋ ਧਾਮ ਬਤਾਵਤ ਅਪਨੋ ਨਾਮ ਸੁਦਾਮਾ॥*

ਜਦੋਂ ਕ੍ਰਿਸ਼ਨ ਮਹਾਰਾਜ ਜੀ ਨੇ ਸੁਣਿਆ ਕਿ ਮੇਰਾ ਪਰਮ ਮਿੱਤਰ ਸੁਦਾਮਾ ਇਸ ਹਾਲਤ ਵਿਚ ਆਇਆ ਹੈ ਤਾਂ ਉਸੇ ਵੇਲੇ ਸਿੰਘਾਸਨ ਤੋਂ ਉਠ ਕੇ ਮੁੱਖ ਦੁਆਰ ਉਪਰ ਪਹੁੰਚ ਜਾਂਦੇ ਹਨ। ਉਸ ਦੀ ਦੀਨ ਦਸ਼ਾ ਦੇਖ ਕੇ ਐਨਾ ਨੇਤਰਾਂ ਵਿਚੋਂ ਜਲ ਬਹਾਇਆ ਕਿ ਉਨ੍ਹਾਂ ਨੇ ਪਰਾਤ ਵਿਚੋਂ ਪਾਣੀ ਵੀ ਨਾ ਲਿਆ ਹੰਝੂਆਂ ਨਾਲ ਹੀ ਚਰਨ ਧੋ ਦਿਤੇ। ਕੱਚੇ ਚੌਲਾਂ ਦਾ ਫੱਕਾ ਮਾਰ ਕੇ ਆਪਣੀ ਯੋਗ ਮਾਇਆ ਦੇ ਨਾਲ ਬਹੁਤ ਹੀ ਸੁੰਦਰ ਮਕਾਨ ਬਣਾ ਦਿਤੇ ਅਤੇ ਬਿਨਾਂ ਮੰਗਿਆਂ ਹੀ ਆਪਣੇ ਮਿੱਤਰ ਨੂੰ ਸਭ ਕੁਝ ਦੇ ਦਿਤਾ ਜਿਸ ਦੇ ਬਾਰੇ ਇਸ ਤਰ੍ਹਾਂ ਲਿਖਿਆ ਹੈ –

*ਕਾਹੇ ਬਿਹਾਲ ਬਿਮਾਇਨ ਤੇ ਅਰ ਕੰਟਕ ਜਾਲ ਲਗੇ ਪਗ ਜੋਏ।*<br>
*ਹਾਇ ਸਖਾ ਤੁਮ ਪਾਇਓ ਇਤੋ ਦੁਖ ਆਇ ਇਤੇ ਨ ਕਿਤੇ ਦਿਨ ਖੋਏ।*<br>
*ਦੇਖ ਸੁਦਾਮੇ ਕੀ ਦੀਨ ਦਸ਼ਾ ਕਰੁਣਾ ਕਰਕੇ ਕਰੁਣਾ ਨਿਧਿ ਰੋਏ।*<br>
*ਪਾਣੀ ਪਰਾਤ ਕੋ ਹਾਥ ਛੁਇਓ ਅਰ ਨੈਨਨ ਕੇ ਜਲ ਸਿਉ ਪਗ ਧੋਏ।*<br>
*ਕੰਚਨ ਕੈ ਮੁੜ ਧਾਮ ਭਰੇ ਸ਼ੁਭ ਕੰਚਨ ਕੋ ਪੁਰ ਸੌਧ ਸੁਹਾਈ।*<br>
*ਦ੍ਵੈ ਘਟ ਸਾਤ ਸੁ ਯੱਗ ਕਰੇ ਮਮ ਪੂਰਨ ਲਛ ਪ੍ਰਤੱਖਜ ਸਮਾਈ।*<br>
*ਸਾਠ ਸੁ ਭਾਰ ਕੀ ਕਾ ਗਣੀਐ ਗਤਿ ਲਛ ਸਮਾਜਨ ਪਾਰ ਨ ਪਾਈ।*<br>
*ਦੇਖਿ ਚਰਿਤ ਦਯਾ ਨਿਧਿ ਕੌ ਅਬ ਸਾਠ ਸੁ ਭਾਰ ਮਿਲੇ ਨ ਉਪਾਇ॥*

ਭਾਈ ਗੁਰਦਾਸ ਜੀ ਲਿਖਦੇ ਹਨ –

*ਬਿਪ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ।*<br>
*ਲਾਗੂ ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ।*<br>
*ਚਲਿਆ ਗਣਦਾ ਗਟੀਆ ਕਿਉ ਕਰਿ ਜਾਈਐ ਕਉਣੁ ਮਿਲਾਏ।*<br>
*ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ।*<br>
*ਦੂਰਹੁ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।*<br>
*ਪਹਿਲੇ ਦੇ ਪਰਦਖਣਾ ਪੈਰੀ ਪੈ ਕੇ ਲੈ ਗਲਿ ਲਾਏ।*<br>
*ਚਰਣੋਦਕੁ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ।*<br>
*ਪੁਛੇ ਕੁਸਲੁ ਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ।*<br>
*ਲੈ ਕੇ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁਚਾਏ।*<br>
*ਚਾਰਿ ਪਦਾਰਥ ਸਕੁਚਿ ਪਠਾਏ।*

*ਭਾਈ ਗੁਰਦਾਸ ਜੀ, ਵਾਰ 10/9*

ਸੋ ਇਹ ਸਖਾ ਭਗਤੀ ਕਹਾਇਆ ਕਰਦੀ ਹੈ।

ਕ੍ਰਿਸ਼ਨ ਮਹਾਰਾਜ ਜੀ ਨੇ ਗੋਪੀਆਂ ਨੂੰ ਗਿਆਨ ਦੇਣ ਵਾਸਤੇ ਊਧਵ ਨੂੰ ਭੇਜਿਆ ਕਿ ਤੂੰ ਜਾ ਕੇ ਉਨ੍ਹਾਂ ਨੂੰ ਯੋਗ ਦਾ ਉਪਦੇਸ਼ ਕਰ। ਉਹ ਸਖਾ ਜਾਣ ਕੇ ਭਗਤੀ ਕਰਦੀਆਂ ਸਨ ਤਾਂ ਉਨ੍ਹਾਂ ਨੇ ਊਧਵ ਨੂੰ ਕਿਹਾ ਕਿ ਸਾਨੂੰ ਜੋਗ ਦੀ ਲੋੜ ਨਹੀਂ ਸਾਡਾ ਜੋ ਵਿਜੋਗ ਹੈ ਉਹ ਜੋਗ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਵਿਜੋਗੀ ਦੀ ਦਸ਼ਾ ਜੋਗੀ ਤੋਂ ਕਿਤੇ ਉਪਰ ਹੁੰਦੀ ਹੈ। ਅਸੀਂ ਵਿਯੋਗਣਾਂ ਹੋ ਚੁਕੀਆਂ ਹਾਂ। ਜਿਹੜੇ ਵਿਯੋਗ ਦੇ ਲੱਛਣ ਤੂੰ ਦਸਦਾ ਹੈਂ ਉਹ ਅਸਾਡੇ ਕੋਲ ਪਹਿਲਾਂ ਹੀ ਹਨ। ਯੋਗੀ ਜਗਤ ਨੂੰ ਛੱਡ ਦਿੰਦਾ ਹੈ, ਅਸੀਂ ਯੋਗ ਵੀ, ਜਗਤ ਵੀ ਦੋਨੋਂ ਹੀ ਛੱਡ ਦਿਤੇ ਹਨ। ਜੋਗੀ ਬਾਹਰੋਂ ਸੁਆਹ ਮਲਦਾ ਹੈ, ਅਸੀਂ ਆਪਣੇ ਸਰੀਰ ਨੂੰ ਸੁਆਹ ਕਰ ਲਿਆ ਹੈ। ਜੋਗੀ ਆਪਣੇ ਕੰਨਾਂ ਨੂੰ ਵਿੰਨ ਲੈਂਦਾ ਹੈ ਅਸੀਂ ਆਪਣੇ ਕੰਨ ਅਤੇ ਪ੍ਰਾਣ ਦੋਨਾਂ ਨੂੰ ਹੀ ਵਿੰਨਾਂ ਲਿਆ ਹੈ। ਜੋਗੀ ਨਾਥ ਕਹਿੰਦੇ ਹਨ, ਅਸੀਂ ਕ੍ਰਿਸ਼ਨ ਦਾ ਨਾਮ ਹਰ ਸਮੇਂ ਰਟਦੀਆਂ ਹਾਂ। ਜੋਗੀਆਂ ਨੇ ਕੰਨਾਂ ਵਿਚ ਮੁੰਦਰਾ ਪਾਈਆਂ ਹੋਈਆਂ ਹਨ, ਅਸੀਂ ਗਹਿਣੇ ਪਾਏ ਹੋਏ ਹਨ। ਸਾਡੇ ਸਿਰਾਂ ਤੇ ਕੇਸ ਹਨ ਅਤੇ ਜੋਗੀ ਦੇ ਸਿਰ ਤੇ ਜਟਾਂ ਹਨ। ਹੇ ਊਧਵ! ਤੂੰ ਬਿਰਹੁ ਦੀਆਂ ਗੱਲਾਂ ਜਾਣਦੇ ਹੋਏ ਵੀ ਕਿਉਂ ਅਣਜਾਣ ਬਣਿਆ ਹੋਇਆ ਹੈਂ। ਤੂੰ ਦੱਸ, ਜੋਗੀ ਤੋਂ ਵਿਯੋਗੀ ਕਿਤੇ ਘੱਟ ਹੈ? ਸੋ ਪ੍ਰੇਮ ਦੀ ਸੇਲ੍ਹੀ, ਧਿਆਨ ਦਾ ਆਸਾ, ਲਗਨ ਦੀ ਅਗਨ, ਬਿਰਹੁ ਦੀ ਭਸਮ ਅਸੀਂ ਮਲੀ ਹੈ। ਅਸਾਨੂੰ ਆਪਣੇ ਪ੍ਰੀਤਮ ਤੋਂ ਬਿਨਾਂ ਇਕ ਛਿਨ ਵੀ ਲੰਘਾਉਣਾ ਔਖਾ ਹੈ। ਦੇਖ ਊਧਵ! ਸਾਡੀ ਲਾਜ ਵੀ ਗਈ, ਧੀਰਜ ਵੀ ਗਈ, ਆਪਣਾ ਆਪ ਭੁਲ ਗਿਆ ਹੈ, ਕਾਲ ਵੀ ਸਾਡਾ ਨਾਮ ਸੁਣ ਕੇ ਡਰਦਾ ਹੈ। ਜੋ ਵਿਯੋਗ ਹੈ ਇਹੀ ਸੱਚਾ ਜੋਗ ਹੈ, ਜੋਗੀ ਕੀ ਜ਼ਹਿਰ ਖਾ ਕੇ ਮਰਦੇ ਹਨ। ਸਾਡਾ ਤਨ ਸਿਆਮ ਦਾ ਹੀ ਹੋ ਗਿਆ ਹੈ, ਸਾਡਾ ਮਨ ਸਿਆਮ ਦਾ ਹੀ ਹੋ ਗਿਆ ਹੈ, ਸਾਡਾ ਧਨ ਵੀ ਓਹੀ ਹੈ ਅਸੀਂ ਤਾਂ ਅੱਠੇ ਪਹਿਰ ਉਸ ਦੇ ਵਿਚ ਲੀਨ ਰਹਿੰਦੀਆਂ ਹਾਂ। ਹਿਰਦੇ ਵਿਚ ਸਿਆਮ ਹੈ, ਪ੍ਰਾਣਾਂ ਵਿਚ ਸਿਆਮ। ਅੰਨ੍ਹੇ ਦੀ ਲੱਕੜੀ ਵਾਂਗੂੰ ਸਾਡਾ ਆਧਾਰ ਸਿਆਮ ਹੈ। ਸਿਆਮ ਹੀ ਸਾਡੀ ਪਤ ਹੈ, ਸਿਆਮ ਹੀ ਸਾਡੀ ਮਤ ਹੈ, ਸਿਆਮ ਹੀ ਸਾਡਾ ਤਪ ਹੈ। ਹੇ ਊਧਵ! ਤੂੰ ਬਉਰਾ ਹੋ ਗਿਆ ਕਿ ਤੂੰ ਚਿੱਠੀ ਲੈ ਆਇਆ ਹੈਂ। ਸਾਡੇ ਤਾਂ ਹਿਰਦੇ ਵਿਚ ਜੋਗ ਵਾਸਤੇ ਕੋਈ ਥਾਂ ਹੀ ਨਹੀਂ, ਸਾਡੇ ਤਾਂ ਰੋਮ-ਰੋਮ ਵਿਚ ਸਿਆਮ ਦਾ ਬਿਰਹਾ ਹੈ। ਗੁਰੂ ਮਹਾਰਾਜ ਇਸੇ ਤਰ੍ਹਾਂ ਭਾਵ ਪ੍ਰਗਟ ਕਰਦੇ ਹੋਏ ਫੁਰਮਾਨ ਕਰਦੇ ਹਨ –

*ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥*<br>
*ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥*<br>
*ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥*<br>
*ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖ ਨਾਸਾ॥*<br>
*ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ॥*<br>
*ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ॥*

*ਪੰਨਾ - 764*

ਇਸੇ ਤਰ੍ਹਾਂ ਨਾਲ ਪਤੀਵਰਤਾ ਇਸਤ੍ਰੀ ਵਾਂਗੂੰ ਅਤੇ ਪੂਰੇ ਮਿਤਰ ਵਾਂਗੂੰ ਪਿਆਰ ਕਰਨਾ ਸਾਧਕ ਲਈ ਸਖਾ ਭਗਤੀ ਕਹਾਉਂਦੀ ਹੈ।

ਨੌਵੀਂ **ਆਤਮ ਨਿਵੇਦਨ** ਭਗਤੀ ਹੋਇਆ ਕਰਦੀ ਹੈ। ਇਸ ਵਿਚ ਸਭ ਕੁਝ ਪ੍ਰਭੂ ਨੂੰ ਅਰਪਣ ਕਰ ਦਿਤਾ ਜਾਂਦਾ ਹੈ। ਆਪਣੇ ਕੋਲ ਕੁਝ ਵੀ ਬਾਕੀ ਨਹੀਂ ਰਹਿੰਦਾ।

*ਜਿਨ ਕਉ ਪੂਰਬਿ ਲਿਖਿਆ ਤਿਨ ਸਖਾ ਗੋਵਿੰਦੁ॥*
*ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ॥*
*ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ॥*
*ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ॥*
*ਪੰਨਾ - 47*

ਬੁੱਲੇਸ਼ਾਹ ਸਯੱਦ ਸੀ ਅਤੇ ਉਸ ਦਾ ਮੁਰਸ਼ਦ ਰਾਈਂ ਸੀ। ਉਸ ਨੇ ਇਕ ਕਾਫੀ ਵਿਚ ਦਸਿਆ ਹੈ ਕਿ ਭੈਣਾਂ ਤੇ ਭਰਜਾਈਆਂ ਮੈਨੂੰ ਸਮਝਾਉਣ ਆਈਆਂ ਅਤੇ ਕਹਿੰਦੀਆਂ ਹਨ ਕਿ ਤੂੰ ਕਿਉਂ ਐਡੀ ਕੁਲ ਦਾ ਹੋ ਕੇ ਰਾਈਆਂ ਨੂੰ ਮੰਨਦਾ ਹੈਂ। ਤੇਰਾ ਨਾਨਾ ਪਾਕ ਮੁਹੰਮਦ ਸੀ, ਤੂੰ ਇਥੇ ਖਾਰੀਆਂ ਚੁਕੀ ਫਿਰਦਾ ਹੈਂ। ਸਾਨੂੰ ਤਾਂ ਸ਼ਰਮ ਆਉਂਦੀ ਹੈ ਕਿ ਤੂੰ ਰਾਈਆਂ ਦਾ ਚਾਕਰ ਬਣਿਆ ਫਿਰਦਾ ਹੈਂ।

ਤਾਂ ਬੁਲੇਸ਼ਾਹ ਨੇ ਉਤਰ ਦਿਤਾ ਕਿ ਜਿਹੜਾ ਮੈਨੂੰ ਸਯੱਦ ਕਹੇਗਾ ਉਹ ਦੋਜ਼ਕ ਨੂੰ ਜਾਵੇਗਾ ਅਤੇ ਜਿਹੜਾ ਮੈਨੂੰ ਰਾਈਂ ਆਖੇਗਾ ਉਹ ਬਹਿਸ਼ਤਾਂ ਦੀਆਂ ਪੀਂਘਾਂ ਝੂਟੇਗਾ –

*ਜਿਹੜਾ ਸਾਨੂੰ ਸਯੱਦ ਸਦੀਦੇ ਦੋਜ਼ਕ ਮਿਲੈ ਸਜਾਈਆਂ।*
*ਜੇ ਕੋ ਸਾਨੂੰ ਰਾਈਂ ਸਦਦੇ ਬਹਿਸ਼ਤੀ ਪੀਘਾਂ ਪਾਈਆਂ।*
*ਬੁੱਲੇਸ਼ਾਹ ਦੀ ਜ਼ਾਤਿ ਕੀ ਪੁਛਦਾ ਧੁਰਿ ਮਿਟੀ ਮੁਠ ਛਾਈਆਂ।*
*ਅਨੈਤ ਸ਼ਾਹ ਦੇ ਕਦਮੀ ਲਗਿਆਂ ਪਾਂਚ ਤਨ ਬਹੁ ਫਿਰਾਈਆਂ।*
*ਕਾਫੀਆਂ ਬੁਲ੍ਹੇਸ਼ਾਹ*

ਗੁਰੂ ਮਹਾਰਾਜ ਜੀ ਆਤਮ ਨਿਵੇਦਨ ਬਾਰੇ ਫੁਰਮਾਉਂਦੇ ਹਨ –

*ਕਿਆ ਦੇਵਉ ਜਾ ਸਭੁ ਕਿਛੁ ਤੇਰਾ॥*
*ਸਦ ਬਲਿਹਾਰਿ ਜਾਉ ਲਖ ਬੇਰਾ॥*
*ਤਨੁ ਮਨੁ ਜੀਉ ਪਿੰਡੁ ਦੇ ਸਾਜਿਆ॥*
*ਗੁਰ ਕਿਰਪਾ ਤੇ ਨੀਚੁ ਨਿਵਾਜਿਆ॥*
*ਖੋਲਿ ਕਿਵਾਰਾ ਮਹਲਿ ਬੁਲਾਇਆ॥*
*ਜੈਸਾ ਸਾ ਤੈਸਾ ਦਿਖਲਾਇਆ॥*
*ਕਹੁ ਨਾਨਕ ਸਭੁ ਪੜਦਾ ਤੂਟਾ॥*
*ਹਉ ਤੇਰਾ ਤੂ ਮੈ ਮਨਿ ਵੂਠਾ॥ ਪੰਨਾ - 887*

ਗੁਰੂ ਮਹਾਰਾਜ ਜੀ ਇਸੇ ਨਿਵੇਦਨ ਭਗਤੀ ਬਾਰੇ ਫੁਰਮਾਨ ਕਰਦੇ ਹਨ –

*ਤੂੰ ਜਲਨਿਧਿ ਹਮ ਮੀਨ ਤੁਮਾਰੇ॥*
*ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ॥*
*ਤੁਮਰੀ ਆਸ ਪਿਆਸਾ ਤੁਮਰੀ*
*ਤੁਮ ਹੀ ਸੰਗਿ ਮਨੁ ਲੀਨਾ ਜੀਉ॥*
*ਜਿਉ ਬਾਰਿਕੁ ਪੀ ਖੀਰੁ ਅਘਾਵੈ॥*
*ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ॥*
*ਤ੍ਰਿਖਾਵੰਤ ਜਲੁ ਪੀਵਤ ਠੰਢਾ*
*ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ॥*
*ਜਿਉ ਅੰਧਿਆਰੈ ਦੀਪਕੁ ਪਰਗਾਸਾ॥*
*ਭਰਤਾ ਚਿਤਵਤ ਪੂਰਨ ਆਸਾ॥*
*ਮਿਲਿ ਪ੍ਰੀਤਮ ਜਿਉ ਹੋਤ ਅਨੰਦਾ*
*ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ॥ ਪੰਨਾ - 100*

ਭਗਤ ਰਵੀਦਾਸ ਜੀ ਫੁਰਮਾਨ ਕਰਦੇ ਹਨ ਜੇ ਤੂੰ ਪਹਾੜ ਹੈਂ ਤਾਂ ਅਸੀਂ ਤੇਰੇ ਮੋਰ ਹਾਂ; ਜੇ ਤੂੰ ਚੰਦ ਹੈਂ ਤਾਂ ਅਸੀਂ ਚਕੋਰ ਹਾਂ, ਜੇ ਤੂੰ ਦੀਵਾ ਹੈਂ ਤਾਂ ਅਸੀਂ ਤੇਰੀ ਬੱਤੀ ਹਾਂ ਜੇ ਤੂੰ ਤੀਰਥ ਹੈਂ ਤਾਂ ਅਸੀਂ ਤੇਰੇ ਯਾਤਰੂ ਹਾਂ। ਹੇ ਪ੍ਰਭੂ ਅਸੀਂ ਸਾਰੇ ਸੰਸਾਰ ਨਾਲੋਂ ਪ੍ਰੀਤ ਤੋੜ ਕੇ ਤੇਰੇ ਨਾਲ ਪ੍ਰੀਤ ਜੋੜੀ ਹੈ ਜਿਥੇ ਵੀ ਅਸੀਂ ਜਾਂਦੇ ਹਾਂ ਉਥੇ ਤੂੰ ਹੀ ਤੂੰ ਹੈਂ –

*ਜਉ ਤੁਮ ਗਿਰਿਵਰ ਤਉ ਹਮ ਮੋਰਾ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥*
*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥*
*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥*
*ਜਉ ਤੁਮ ਦੀਵਰਾ ਤਉ ਹਮ ਬਾਤੀ॥*
*ਜਉ ਤੁਮ ਤੀਰਥ ਤਉ ਹਮ ਜਾਤੀ॥*
*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥*
*ਜਹ ਜਹ ਜਾਉ ਤਹਾ ਤੇਰੀ ਸੇਵਾ॥*
*ਤੁਮ ਸੋ ਠਾਕੁਰੁ ਅਉਰੁ ਨ ਦੇਵਾ॥*
*ਤੁਮਰੇ ਭਜਨ ਕਟਹਿ ਜਮ ਫਾਂਸਾ॥*
*ਭਗਤਿ ਹੇਤ ਗਾਵੈ ਰਵਿਦਾਸਾ॥ ਪੰਨਾ - 658*

ਇਸ ਦੇ ਬਾਰੇ ਗੁਰੂ ਮਹਾਰਾਜ ਜੀ ਹੋਰ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਜਿਵੇਂ ਮੱਛੀ ਪਾਣੀ ਬਿਨਾਂ ਨਹੀਂ ਰਹਿ ਸਕਦੀ, ਚਾਤ੍ਰਿਕ ਸ੍ਵਾਂਤੀ ਬੂੰਦ ਤੋਂ ਬਿਨਾਂ ਹੋਰ ਜਲ ਨਹੀਂ ਪੀਂਦਾ, ਹਰਨ ਘੰਡੇਹੇੜੇ ਦੇ ਸ਼ਬਦ ਦਾ ਵਿੰਨ੍ਹਿਆ ਹੋਇਆ ਜਾਨ ਦੀ ਪ੍ਰਵਾਹ ਨਹੀਂ ਕਰਦਾ, ਭੰਵਰਾ ਫੁੱਲ ਵਿਚ ਮਸਤ ਹੋਇਆ ਹੋਇਆ ਆਪਣੀ ਜਾਨ ਗਵਾ ਦਿੰਦਾ ਹੈ। ਇਸ ਤਰ੍ਹਾਂ ਦੀ ਪ੍ਰੀਤ ਸੰਤਾਂ ਦੀ ਵਾਹਿਗੁਰੂ ਨਾਲ ਹੋਇਆ ਕਰਦੀ ਹੈ ਫੁਰਮਾਨ ਹੈ –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ - 708*

ਸੋ ਇਸ ਤਰ੍ਹਾਂ ਦੇ ਨਾਲ ਨੌਧਾ ਭਗਤੀ ਬਾਰੇ ਜੋ ਹੁਕਮ ਆਇਆ ਹੈ –

*ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ॥ ਰਹਾਉ॥*
*ਪੰਨਾ - 683*

ਇਹ ਨਮਸਕਾਰ ਭਗਤੀ ਹੈ।

ਅੱਜ ਜੋ ਮਹਾਰਾਜ ਜੀ ਦਾ ਹੁਕਮ ਆਇਆ ਹੈ ਉਸ ਵਿਚ ਨਮਸਕਾਰ ਭਗਤੀ ਦਾ ਜ਼ਿਕਰ ਕੀਤਾ ਗਿਆ ਹੈ। ਦੂਸਰੇ ਅੱਧ ਵਿਚ *'ਗੁਣ ਗਾਵਹੁ ਗੋਪਾਲ ਰਾਇ॥'* ਦਾ ਹੁਕਮ ਹੋਇਆ ਹੈ।

*ਗੁਨ ਗਾਵਤ ਤੇਰੀ ਉਤਰਸਿ ਮੈਲੁ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ॥ ਪੰਨਾ - 289*

ਇਸਦੇ ਬਾਰੇ ਵਿਸਥਾਰ ਦੇ ਨਾਲ ਭਗਤੀ ਦੇ ਪ੍ਰਸੰਗ ਵਿਚ ਦਸ ਦਿਤਾ ਗਿਆ ਹੈ। ਜਿਸ ਦਾ ਆਪਣਾ ਆਪਾ ਵਾਹਿਗੁਰੂ ਜੀ ਦੇ ਨਾਲ ਜੁੜ ਚੁਕਿਆ ਹੋਵੇ ਉਹ ਜਦੋਂ ਕੀਰਤਨ

ਕਰਦਾ ਹੈ ਤਾਂ ਜੋ ਐਨਰਜੀ ਉਸ ਦੇ ਅੰਦਰ ਪੈਦਾ ਹੁੰਦੀ ਹੈ ਉਸਦੀਆਂ ਲਹਿਰਾਂ ਚਾਰੇ ਪਾਸੇ ਨਿਕਲਦੀਆਂ ਹਨ। ਜੋ ਸੁਣਦਾ ਹੈ ਉਸ ਦੇ ਅੰਦਰ ਵੀ ਲੰਘਦੀਆਂ ਤੁਰੀਆਂ ਜਾਂਦੀਆਂ ਹਨ।

ਇਕ ਵਾਰੀ ਅਜਿਹਾ ਹੋਇਆ ਕਿ ਚੰਡੀਗੜ੍ਹ ਵਿਚ, 19 ਸੈਕਟਰ ਮਹਾਰਾਜ ਜੀ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲੇ) ਦੇ ਦੀਵਾਨ ਲੱਗੇ ਹੋਏ ਸਨ। ਸਾਰਾ ਪੰਡਾਲ ਭਰ ਕੇ ਸੜਕੋਂ ਪਾਰ ਸੌ-ਦੋ ਸੌ ਦੇ ਕਰੀਬ ਸਕੂਲ ਦੇ ਪਾਰਕ ਵਿਚ ਜਗਿਆਸੂ ਬੈਠੇ ਕੀਰਤਨ ਸੁਣ ਰਹੇ ਸਨ। ਉਸੇ ਸਮੇਂ ਕੋਈ ਪਹੁੰਚੇ ਹੋਏ ਸਾਧੂ ਆ ਗਏ ਉਹ ਕਹਿਣ ਲੱਗੇ ਇਸ ਗੁਰਦੁਆਰੇ ਵਿਚ ਕੌਣ ਕੀਰਤਨ ਕਰ ਰਿਹਾ ਹੈ। ਗੁਰਦੁਆਰੇ ਦੇ ਅੰਦਰ ਦਾਖਲ ਹੋਣ ਤੋਂ ਗੈਰ ਸਿਖ ਝਿਜਕਿਆ ਕਰਦੇ ਸਨ ਕਿਉਂਕਿ ਆਪਣੀ ਮਨ ਮਤ ਨਾਲ ਅਜਿਹੀਆਂ ਪਾਬੰਦੀਆਂ ਲਾ ਦਿਤੀਆਂ ਸਨ ਕਿ ਗੈਰ ਸਿੱਖ ਨੂੰ ਸੰਗਤ ਵਿਚ ਬੈਠਣਾ ਹੀ ਬਹੁਤ ਔਖਾ ਹੋ ਗਿਆ ਸੀ। ਉਹ ਮਹਾਤਮਾ ਵੀ ਸੜਕ ਪਾਰ ਕਰਕੇ ਸਕੂਲ ਦੇ ਗਰਾਉਂਡ ਵਿਚ ਜਾ ਬੈਠੇ, ਉਸ ਨੇ ਸਾਥੀਆਂ ਨੂੰ ਕਿਹਾ ਕਿ ਇਹ ਜਿਹੜੀ ਅਵਾਜ਼ ਆ ਰਹੀ ਹੈ ਇਹਦੇ ਵਿਚ ਐਨੀ ਜ਼ਬਰਦਸਤ vibration (ਥਰਾਹਟ) ਹੈ ਕਿ ਹਿਰਦਿਆਂ ਨੂੰ ਵਿੰਨਦੀ ਤੁਰੀ ਜਾ ਰਹੀ ਹੈ। ਜਿਹੜੇ ਬਚਨ ਇਨ੍ਹਾਂ ਦੇ ਮੁੱਖ ਤੋਂ ਨਿਕਲ ਰਹੇ ਹਨ ਉਹ ਅੰਦਰ ਰੋਸ਼ਨ ਕਰਦੇ ਤੁਰੇ ਜਾ ਰਹੇ ਹਨ। ਜਨਮਾਂ ਜਨਮਾਂਤਰਾਂ ਦੀ ਮੈਲ ਕੱਟੀ ਜਾ ਰਹੇ ਹਨ। ਅੰਤਸ਼ਕਰਣ ਵਿਚ ਪਈ ਹੋਈ ਜਨਮਾਂ ਜਨਮਾਂਤਰਾਂ ਦੀ ਮੈਲ, ਹਉਮੈ ਦੀ ਫੈਲੀ ਹੋਈ ਵਿਹੁ ਗੁਣ ਗਾਉਣ ਨਾਲ ਉਤਰ ਜਾਇਆ ਕਰਦੀ ਹੈ।

ਦੂਸਰੇ ਦਿਨ ਮੈਨੂੰ ਇਕ ਪ੍ਰੇਮੀ ਕਹਿਣ ਲੱਗਿਆ ਕਿ 19 ਸੈਕਟਰ ਦੀਵਾਨ ਲਗਦੇ ਹਨ, ਤੁਸੀਂ ਜ਼ਰੂਰ ਆ ਕੇ ਸੁਣੋ। ਉਸ ਨੇ ਕਿਹਾ ਕਿ ਕੋਈ ਸਾਧੂ ਆਏ ਹੋਏ ਹਨ, ਮੈਂ 20 ਸੈਕਟਰ ਵਿਚ ਰਹਿੰਦਾ ਹਾਂ, ਅਸੀਂ ਗਰਮੀ ਕਰਕੇ ਘਰ ਦੀ ਉਪਰਲੀ ਛੱਤ ਤੇ ਪਏ ਸੀ, ਮੇਰੀ ਮਾਤਾ ਨੇਤਰਾਂ ਤੋਂ ਹੀਣੀ ਹੈ, ਜਦੋਂ ਅਵਾਜ਼ ਸਾਡੇ ਕੰਨਾਂ ਵਿਚ ਪਈ ਤਾਂ ਮੇਰੀ ਮਾਤਾ ਨੇ ਕਿਹਾ ਕਿ ਇਹ ਅਵਾਜ਼ ਕਿਧਰੋਂ ਆ ਰਹੀ ਹੈ? ਤਾਂ ਉਸ ਹਿੰਦੂ ਵੀਰ ਨੇ ਆਪਣੀ ਮਾਤਾ ਨੂੰ ਕਿਹਾ ਕਿ ਮਾਤਾ! ਇਹ ਸਿੱਖਾਂ ਦੇ ਗੁਰਦੁਆਰੇ 'ਚੋਂ ਆ ਰਹੀ ਹੈ। ਉਸ ਨੇ ਕਿਹਾ ਕਿ ਬੇਟਾ! ਮੇਰੇ ਨੇਤਰ ਨਹੀਂ ਹਨ, ਤੂੰ ਮੈਨੂੰ ਉਸ ਅਵਾਜ਼ ਦੇ ਨੇੜੇ ਲੈ ਚਲ, ਦੇਖ ਮੈਨੂੰ ਦਿਸਦਾ ਨਹੀਂ ਤੂੰ ਮੇਰੇ ਤੇ ਕ੍ਰਿਪਾ ਕਰ। ਜਦੋਂ ਮੈਂ ਆਪਣੀ ਮਾਂ ਨੂੰ ਸਾਇਕਲ ਤੇ ਬਿਠਾ ਕੇ ਉਥੇ ਲੈ ਗਿਆ ਤਾਂ ਉਸ ਵੇਲੇ ਸ਼ਬਦ ਪੜ੍ਹਿਆ ਜਾ ਰਿਹਾ ਸੀ -

***ਧਾਰਨਾ - ਖੋਟੇ ਕਰਮਾਂ ਨੇ ਵਿਛੋੜਾ ਤੈਥੋਂ ਪਾ ਲਿਆ,***<br>***ਕ੍ਰਿਪਾ ਕਰਕੇ ਮੇਲ ਲੈ ਗੁਰਾ - 2, 2.***<br>***ਮੇਰੇ ਪਿਆਰੇ, ਕ੍ਰਿਪਾ ਕਰਕੇ ਮੇਲ ਲੈ ਗੁਰਾ - 2***<br>***ਖੋਟੇ ਕਰਮਾਂ ਨੇ ਵਿਛੋੜਾ ਤੈਥੋਂ ਪਾ ਲਿਆ, .......।***

ਉਹ ਅਵਾਜ਼ ਕੀ ਸੀ ਉਹ ਅਸਾਡੇ ਅੰਦਰੋਂ ਇਸ ਤਰ੍ਹਾਂ ਲੰਘ ਗਈ ਜਿਵੇਂ ਕਿ ਕਿਸੇ ਨੇ ਪੂਰੇ ਜ਼ੋਰ ਨਾਲ ਬਾਣ ਮਾਰਿਆ ਹੋਵੇ, ਮੈਂ ਵੀ ਰੋਣ ਲੱਗ ਗਿਆ ਤੇ ਮੇਰੀ ਮਾਂ ਵੀ ਰੋਣ ਲੱਗ ਗਈ।

ਸੋ 'ਗੁਣ ਗਾਵਹੁ ਗੋਪਾਲ ਰਾਇ' ਦਾ ਗੁਣ ਹੈ ਜਦੋਂ ਬਹੁਤ ਸਾਵਧਾਨੀ ਨਾਲ ਗੁਣ ਗਾਏ ਜਾਂਦੇ ਹਨ ਤਾਂ ਜਨਮਾਂ-ਜਨਮਾਤਰਾਂ ਦੀ ਮੈਲ ਉਤਰ ਜਾਇਆ ਕਰਦੀ ਹੈ। ਅਜਿਹੇ ਕੀਰਤਨ ਦੀ ਅਵਾਜ਼ ਜਿਥੋਂ ਤਕ ਜਾਂਦੀ ਹੈ ਉਹ ਸਾਰਾ ਵਾਤਾਵਰਣ ਪਵਿੱਤਰ ਹੋ ਜਾਂਦਾ ਹੈ।

ਸਾਧਸੰਗਤ ਜੀ! ਇਹ ਪ੍ਰੇਮੀ ਜਿਨ੍ਹਾਂ ਦੇ ਗ੍ਰਿਹਿ ਵਿਚ ਅੱਜ ਬ੍ਰਹਮ ਮਹੂਰਤ ਤੋਂ ਪੂਰੇ ਤਿੰਨ ਘੰਟੇ ਪੰਜ ਵਜੇ ਸਵੇਰ ਤਕ ਕੀਰਤਨ ਹੋਇਆ ਤੁਸੀਂ ਸਾਰੇ ਇਸ ਵਿਚ ਸ਼ਾਮਲ ਹੋਏ, ਹਰੀ ਦਾ ਜਸ ਕਰਿਆ। ਇਹ ਸੇਵਾ ਹੈ ਜਿਸ ਦੇ ਕਰਨ ਨਾਲ ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਇਆ ਕਰਦਾ ਹੈ। ਸੋ ਇਸ ਦਾ ਸਹੀ ਤਰੀਕਾ ਇਹ ਹੈ ਕਿ ਅੰਮ੍ਰਿਤ ਵੇਲੇ ਉਠੋ, ਇਸ਼ਨਾਨ ਕਰੋ, ਮਨ ਤੇ ਤਨ ਅਰੋਗ ਜਾਂਦੇ ਹਨ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥***<br>***ਪੰਨਾ - 611***

ਪੂਰੇ ਉਮਾਹ ਨਾਲ ਸਤਿਸੰਗ ਵਿਚ ਆਵੋ, ਉਸ ਤੋਂ ਪਿਛੋਂ ਸਤਿਸੰਗ ਵਿਚ ਆ ਕੇ ਚੌਂਕੜਾ ਮਾਰ ਕੇ, ਸੁਰਤ ਨੂੰ ਗੁਰੂ ਚਰਨਾਂ ਨਾਲ ਜੋੜ ਕੇ ਕੰਨਾਂ ਨਾਲ ਬਾਣੀ ਸ੍ਰਵਣ ਕਰੋ ਅਤੇ ਰਸਨਾ ਦੇ ਨਾਲ ਸਿਮਰਨ ਕਰੋ। ਸੁਰਤ ਨਾਲ ਨਾਮ ਜਪੋ, ਪ੍ਰਭੂ ਦੀ ਸੇਵਾ ਨਾਮ ਜਪਣਾ ਹੀ ਹੋਇਆ ਕਰਦੀ ਹੈ ਕਿਉਂਕਿ ਬੰਦਗੀ ਕਰਨ ਨਾਲ ਸਾਰਾ ਵਾਤਾਵਰਣ ਸ਼ੁੱਧ ਹੋ ਜਾਂਦਾ ਹੈ, ਅੰਦਰ ਗਿਆਨ ਪੈਦਾ ਹੋ ਜਾਂਦਾ ਹੈ। ਗਿਆਨ ਦੀ ਜੋਤ ਜਗਣ ਨਾਲ ਸਾਰੇ ਭਰਮ ਖਤਮ ਹੋ ਜਾਂਦੇ ਹਨ। ਉਹ ਗਿਆਨਵਾਨ ਪੁਰਸ਼ ਤੱਤ ਵੇਤਾ ਸੰਸਾਰ ਦਾ ਭਲਾ ਕਰਦਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਸਾਗਰੁ ਤਰਿਆ ਸਾਧੂ ਸੰਗੇ॥***<br>***ਨਿਰਭਉ ਨਾਮੁ ਜਪਹੁ ਹਰਿ ਰੰਗੇ॥ ਪੰਨਾ - 684***

ਸਾਧੂ ਦੀ ਸੰਗਤ ਮਿਲਣ ਨਾਲ ਇਹ ਬਿਖੜਾ ਸਾਗਰ ਸਹਿਜ ਨਾਲ ਤਰ ਹੋ ਜਾਂਦਾ ਹੈ। ਕਿਸ਼ਤੀ ਤੇ ਬੈਠ ਕੇ ਦਰਿਆ ਪਾਰ ਹੋ ਜਾਂਦਾ ਹੈ ਇਸੇ ਤਰ੍ਹਾਂ ਸਾਧੂਆਂ ਦੀ ਸੰਗਤ ਕਰਕੇ ਇਸ ਬਿਖੜੇ ਸੰਸਾਰ ਸਾਗਰ ਨੂੰ ਤਰ ਜਾਈਦਾ ਹੈ। ਸੋ ਜੋ ਬੇਨਤੀਆਂ ਆਪ ਦੇ ਚਰਨਾਂ ਵਿਚ ਅਰਜ਼ ਕੀਤੀਆਂ ਹਨ ਉਨ੍ਹਾਂ ਨੂੰ ਹਿਰਦੇ ਵਿਚ ਵਸਾਓ। ਗੁਰੂ ਘਰ ਵਿਚ ਭਗਤੀ ਪ੍ਰਧਾਨ ਹੈ। ਹਠ ਯੋਗ, ਹੋਰ ਕਿਸਮ ਦੇ ਯੋਗ ਉਨਾਂ ਫਲ ਨਹੀਂ ਦਿੰਦੇ ਜਿੰਨਾ ਭਗਤੀ ਤੋਂ ਪ੍ਰਾਪਤ ਹੋ ਜਾਇਆ ਕਰਦਾ ਹੈ। ਸੋ ਇਨ੍ਹਾਂ ਅੱਖਰਾਂ ਦੇ ਨਾਲ ਮੈਂ ਸਮਾਪਤ ਕਰਦਾ ਹਾਂ।

ਵਾਹਿਗੁਰੂ ਜੀ ਅਸਾਨੂੰ ਭਗਤੀ ਦੀ ਦਾਤ ਬਖਸ਼ਣ ਅਤੇ ਜਨਮਾਂ ਜਨਮਾਤਰਾਂ ਤੋਂ ਵਿਛੁੜਿਆਂ ਨੂੰ ਆਪਣਾ ਪਿਆਰ ਬਖਸ਼ਣ। ਪ੍ਰੇਮਾ ਭਗਤੀ ਸਾਰੀਆਂ ਭਗਤੀਆਂ ਦਾ ਸ਼੍ਰੋਮਣੀ ਫਲ ਹੈ। ਪ੍ਰੇਮ ਵਾਹਿਗੁਰੂ ਵਿਚ ਪੂਰੀ ਤਰ੍ਹਾਂ ਅਭੇਦ ਕਰਾ ਦਿੰਦਾ ਹੈ।

ਅੱਜ ਕਾਫੀ ਸਮਾਂ ਅਰਜ਼ ਕਰਦਿਆਂ ਲੰਘ ਗਿਆ ਹੈ ਹੁਣ ਚਾਨਣਾ ਹੋਣ ਵਾਲਾ ਹੈ ਅਤੇ ਘਰੀਂ ਵਾਪਸ ਪਰਤਣ ਦਾ ਸਮਾਂ ਹੋ ਆਇਆ ਹੈ। ਵਾਹਿਗੁਰੂ ਜੀ ਕ੍ਰਿਪਾ ਕਰਨ।

***ਵਾਹਿਗੁਰੂ ਜੀ ਕਾ ਖਾਲਸਾ***<br>***ਵਾਹਿਗੁਰੂ ਜੀ ਕੀ ਫਤਹਿ।***

# ਪਉੜੀ ਦਰ ਪਉੜੀ

*ਸੰਤ ਕਲਿਆਣਦਾਸ ਜੀ*
*ਕੁਟੀਆ ਜਵਾਲਾ ਪੁਰੀ*
*ਸ੍ਰੀ ਅਨੰਦਪੁਰ ਸਾਹਿਬ*

*(ਲੜੀ ਜੋੜਨ ਲਈ ਦੇਖੋ ਦਸੰਬਰ ਅੰਕ, ਪੰਨਾ - 43 )*

1. ਸੇਵਾ, 2. ਸ਼ਰਧਾ, 3. ਸਿਮਰਨ, 4. ਸਮਾਧੀ

ਸ਼ਰਧਾ ਦਾ ਸਿਖਰ

## ਸ੍ਰੀ ਗੁਰੂ ਅਮਰਦਾਸ ਜੀ

ਬਾਬਾ ਅਮਰਦਾਸ ਜੀ ਬੋਲੇ, "ਬੇਟੀ! ਤੂੰ ਮੈਨੂੰ ਆਪਣੇ ਪਿਤਾ ਗੁਰੂ ਪਾਸ ਲੈ ਕੇ ਚੱਲ। ਇਸ ਉਪਕਾਰੀ ਕਾਰਜ ਵਿਚ ਮੇਰੀ ਸਹਾਇਤਾ ਕਰ ਜਿਨ੍ਹਾਂ ਦੇ ਬਚਨਾਂ ਨਾਲ ਮੇਰੇ ਤਪਤ ਹਿਰਦੇ ਨੂੰ ਸੀਤਲਤਾ ਮਿਲੀ ਹੈ, ਮੈਂ ਉਨ੍ਹਾਂ ਦੇ ਦਰਸ਼ਨ ਛੇਤੀ ਤੋਂ ਛੇਤੀ ਕਰਨਾ ਚਾਹੁੰਦਾ ਹਾਂ। ਬੇਟੀ ਜਲਦੀ ਕਰ, ਇਹ ਘਰੋਗੀ ਕੰਮ ਸੰਕੋਚ ਕੇ ਚੱਲਣ ਦੀ ਤਿਆਰੀ ਕਰ।"

ਬੀਬੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਪਿਤਾ ਜੀ! ਤੁਹਾਡਾ ਹੁਕਮ ਸਿਰ ਮੱਥੇ ਪ੍ਰੰਤੂ ਪਿਤਾ ਗੁਰੂ ਨੇ ਵਿਦਾਈ ਸਮੇਂ ਇਹ ਆਦੇਸ਼ ਦਿਤਾ ਸੀ ਕਿ ਜਦੋਂ ਤਕ ਤੈਨੂੰ ਅਸੀਂ ਆਪ ਨਾ ਸੱਦੀਏ ਤੂੰ ਆਪਣੇ ਆਪ ਪੇਕੇ (ਸਾਡੇ ਪਾਸ) ਨਹੀਂ ਆਉਣਾ। ਹੁਣ ਮੈਂ ਉਨ੍ਹਾਂ ਦੇ ਹੁਕਮ ਦੀ ਉਲੰਘਣਾ ਕਿਵੇਂ ਕਰਾਂ।"

"ਬੇਟੀ! ਉਹ ਵੀ ਤੇਰੇ ਪਿਤਾ ਹਨ, ਅਸੀਂ ਵੀ ਤੇਰੇ ਪਿਤਾ ਹਾਂ ਜਿਵੇਂ ਉਨ੍ਹਾਂ ਦਾ ਹੁਕਮ ਮੰਨਣਾ ਜ਼ਰੂਰੀ ਹੈ ਤਿਵੇਂ ਸਾਡਾ ਬਚਨ ਵੀ ਮੋੜਨਾ ਨਹੀਂ ਬਣਦਾ। ਫੇਰ ਤੂੰ ਆਪਣੀ ਮਰਜ਼ੀ ਨਾਲ ਥੋੜ੍ਹੇ ਚੱਲੀ ਹੈਂ। ਤੂੰ ਆਪਣੇ ਸਵਾਰਥ ਲਈ ਨਹੀਂ ਚੱਲੀ। ਦੂਜੇ ਦੇ ਭਲੇ ਲਈ ਚੱਲੀ ਹੈਂ। ਪਰਉਪਕਾਰ ਲਈ ਚੱਲੀ ਹੈਂ, ਗੁਰੂ ਸਰਬੱਗ ਤੇ ਅੰਤਰਜਾਮੀ ਹਨ, ਉਹ ਉਥੇ ਬੈਠੇ ਹੀ ਮੇਰੀ ਵੇਦਨਾ ਜਾਣਦੇ ਹਨ, ਤੈਨੂੰ ਨਰਾਜ਼ ਨਹੀਂ ਹੋਣਗੇ। ਇਹ ਹੁਕਮ ਅਦੂਲੀ ਨਹੀਂ ਹੈ, ਸਗੋਂ ਉਨ੍ਹਾਂ ਦੇ ਅਨੁਕੂਲ ਕਰਤੱਵ ਹੈ।"

ਬੀਬੀ ਨੇ ਹੱਥ ਜੋੜ ਕੇ ਸ੍ਵੀਕਿਰਤੀ ਦੇ ਦਿਤੀ ਤੇ ਆਖਿਆ, "ਪਿਤਾ ਜੀ! ਜਿਵੇਂ ਤੁਹਾਡੀ ਰਜਾਇ।" ਬੀਬੀ ਨੇ ਵਿਹਾਰ ਸੰਕੋਚ ਦਿਤੇ ਅਤੇ ਤਿਆਰੀ ਕਰਨ ਲੱਗੀ। ਬਾਬਾ ਅਮਰਦਾਸ ਜੀ ਨੇ ਪਾਲਕੀ ਤੇ ਕਹਾਰਾਂ ਦਾ ਪ੍ਰਬੰਧ ਕੀਤਾ। ਜਲ ਪਾਨ ਕਰਕੇ ਬੀਬੀ ਪਾਲਕੀ ਸਵਾਰ ਹੋ ਗਈ ਅਤੇ ਕਹਾਰ ਉਠਾ ਕੇ ਚੱਲੇ। ਬਾਬਾ ਅਮਰਦਾਸ ਜੀ ਪੈਦਲ ਚੱਲੇ। ਮੰਜ਼ਲ-ਮੰਜ਼ਲ ਖਡੂਰ ਸਾਹਿਬ ਪਹੁੰਚੇ।

ਜਦੋਂ ਸ੍ਰੀ ਅਮਰਦਾਸ ਜੀ ਖਡੂਰ ਸਾਹਿਬ ਦੇ ਨੇੜੇ ਪਹੁੰਚੇ ਤਾਂ ਸੰਸਾ ਉਠ ਖੜ੍ਹਾ ਹੋਇਆ ਅਤੇ ਮਨ ਵਿਚ ਖਿਆਲ ਆਇਆ ਕਿ ਉਹ ਮੈਨੂੰ ਆਪ ਬੁਲਾਉਣ।

ਪਹਿਲਾਂ ਸਿੱਖ ਗੁਰੂ ਨੂੰ ਪਛਾਨਣ ਲਈ ਅੰਤਰ ਆਤਮੇ ਹੀ ਕੋਈ ਨਾ ਕੋਈ ਚਿਤਵਨੀ ਕਰ ਹੀ ਲੈਂਦਾ ਹੈ ਜਿਸ ਤੋਂ ਉਸ ਦਾ ਨਿਸ਼ਚਾ ਪ੍ਰਪੱਕ ਹੋ ਜਾਵੇ। ਫੇਰ ਉਹ ਗੁਰੂ ਦੀ ਪੂਜਾ ਕਰਦਾ ਹੈ, ਗੁਰੂ ਨੂੰ ਆਪਾ ਸਮਰਪਨਾ ਸਿੱਖ ਦਾ ਸ੍ਰੇਸ਼ਟ ਕਰਤੱਵ ਹੈ। ਗੁਰੂ ਦਾਤਾ ਹੈ, ਆਪਾ ਸਮਰਪਨ ਕਰਨਾ ਸਿੱਖ ਲਈ ਆਵਸ਼ਕ ਹੈ। ਸਿੱਖ ਦੀ ਅਰਪਨ ਯੋਗ ਵਸਤੂ ਕੀ ਹੈ? ਗੁਰੂ ਦੇ ਪਰਵਾਨ ਕਰਨ ਯੋਗ ਵਸਤੂ ਕੀ ਹੈ?

ਤਨ, ਮਨ, ਧਨ - ਤਨ ਕਰਕੇ ਸੇਵਾ ਵਿਚ ਜੁੱਟ ਜਾਣਾ, ਸੁਖ, ਸਵਾਰਥ ਤੋਂ ਉਚਾ ਹੋ ਕੇ ਸਰੀਰ ਰਾਹੀਂ ਗੁਰੂ ਕਾਰਜ, ਗੁਰੂ ਸੇਵਾ ਕਰਨੀ, ਜੇ ਕਿਤੇ ਸਰੀਰ ਦੀ ਅਹੂਤੀ ਵੀ ਦੇਣੀ ਪਵੇ ਤਾਂ ਸਰੀਰ ਨੂੰ ਆਪਣਾ ਨਾ ਸਮਝ ਕੇ ਗੁਰੂ ਦਾ ਸਮਝ ਕੇ ਨਿਛਾਵਰ ਕਰ ਦੇਣਾ, ਗੁਰੂ ਨੂੰ ਅਰਪੇ ਆਪੇ ਨੂੰ ਜਾਣੇ ਅਤੇ ਮਿਥਿਆ ਕਰਮ ਨਾ ਕਰੇ ਜਿਵੇਂ ਕਿ -

*ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ॥*
*ਮਿਥਿਆ ਹਸਤ ਪਰ ਦਰਬ ਕਉ ਹਿਰਹਿ॥*
*ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ॥*
*ਮਿਥਿਆ ਰਸਨਾ ਭੋਜਨ ਅਨ ਸ੍ਵਾਦ॥*
*ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ॥*
*ਮਿਥਿਆ ਮਨ ਪਰ ਲੋਭ ਲੁਭਾਵਹਿ॥*
*ਮਿਥਿਆ ਤਨ ਨਹੀ ਪਰਉਪਕਾਰਾ॥*
*ਮਿਥਿਆ ਬਾਸੁ ਲੇਤ ਬਿਕਾਰਾ॥* *ਪੰਨਾ - 269*

ਗੁਰੂ ਦੇ ਸਰੀਰ ਦੀ ਦੁਰਵਰਤੋਂ ਨਾ ਕਰੇ, ਮਿਥਿਆ ਵਿਹਾਰ ਨਾ ਕਰੇ। ਇਸ ਤਰ੍ਹਾਂ ਗੁਰੂ ਨੂੰ ਇਹ ਤਨ ਦੇਣਾ ਹੈ।

ਮਨ ਦੇਣਾ - ਕੁਵਿਚਾਰ ਤਿਆਗ ਕੇ ਸੁਵਿਚਾਰ ਧਾਰੇ। ਕਿਸੇ ਦਾ ਬੁਰਾ ਨਾ ਚਿਤਵੇ, ਸਰਬੱਤ ਦਾ ਭਲਾ ਮੰਗੇ।

*ਪਰ ਕਾ ਬੁਰਾ ਨ ਰਾਖਹੁ ਚੀਤ॥* *ਪੰਨਾ - 386*

ਹਰ ਦਮ ਗੁਰੂ ਦੀ ਯਾਦ ਬਣੀ ਰਹੇ। ਗੁਰੂ ਦਾ ਜਸ ਫੁਰੇ, ਨਾਮ ਦੀ ਚੜ੍ਹਦੀ ਕਲਾ ਲੋਚੇ, ਗੁਰੂ ਸਰੂਪ ਮਨ ਵਿਚ ਬੈਠੇ।

*ਗੁਰ ਕੀ ਮੂਰਤਿ ਮਨ ਮਹਿ ਧਿਆਨ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥* *ਪੰਨਾ - 864*

ਗੁਰੂ ਕੀ ਰਮਜ਼ (ਇਸ਼ਾਰਾ, ਸੰਕੇਤ) ਸਮਝੇ, ਗੁਰੂ ਕੀ ਇੱਛਾ ਸਮਝੇ। ਆਪਣੀ ਹੁਜਤ (ਮਨ ਮਤ) ਛੱਡ ਕੇ ਗੁਰਮਤਿ (ਗੁਰੂ ਦੀ ਰਜ਼ਾ) ਧਾਰਨ ਕਰੇ -

*ਗੁਰ ਕੇ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥* *ਪੰਨਾ - 286*

ਤੇਰੀ ਮਰਜ਼ੀ ਤੇਰੀ ਮਰਜ਼ੀ, ਤੇਰੀ ਰਜ਼ਾ ਤੇਰੀ ਰਜ਼ਾ।

*ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ॥*
*ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ॥*
*ਪੰਨਾ - 450*

ਹਰ ਹਾਲਤ ਵਿਚ ਗੁਰੂ ਦਾ ਹੁਕਮ ਮੰਨਣਾ, ਭਾਣਾ ਮੰਨਣਾ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥*
*ਪੰਨਾ - 757*

ਦੇਣਾ ਤਾਂ ਸਰੀਰ ਵੀ ਔਖਾ ਹੈ, ਕਠਿਨ ਹੈ, ਬਹੁਤ ਹੀ ਮੁਸ਼ਕਿਲ ਹੈ ਪਰੰਤੂ ਮਨ ਦੇਣਾ ਅਤਿ ਕਠਿਨ ਹੈ, ਸਰੀਰ ਤਾਂ ਸੌਖਾ ਦੇ ਹੋ ਸਕਦਾ ਹੈ ਲੇਕਿਨ ਮਨ ਅਰਪਣ ਕਰਨਾ ਅਤਿ ਕਠਿਨ ਹੈ।

ਰਾਵਣ ਨੇ ਸਿਰ ਤਾਂ ਦਸ ਵਾਰ ਕੱਟ-ਕੱਟ ਕੇ ਚੜ੍ਹਾ ਦਿਤੇ, ਪਰੰਤੂ ਮਨ ਨੂੰ ਅਰਪਣ ਨਹੀਂ ਕਰ ਸਕਿਆ -

***ਮਨੁ ਅਰਪਉ ਧਨੁ ਰਾਖਉ ਆਗੈ***
***ਮਨ ਕੀ ਮਤਿ ਮੋਹਿ ਸਗਲ ਤਿਆਗੀ॥ ਪੰਨਾ - 204***

ਆਪਣੀ ਸਗਲ ਮਤ ਤਿਆਗ ਕੇ ਗੁਰੂ ਦੀ ਮਤ ਅਨੁਸਾਰ ਹੋਣਾ ਮਨ ਦਾ ਦਾਨ ਹੈ।

ਧਨ ਦਾਨ - ਧਨ ਨੂੰ ਗੁਰੂ ਦੀ ਅਮਾਨਤ ਜਾਣ ਕੇ ਵਰਤੇ ਅਤੇ ਗੁਰੂ ਦੀ ਦਾਤ ਬਖਸ਼ਿਸ਼ ਜਾਣੇ, ਆਪਣੀ ਕਮਾਈ ਦਾ ਗਰਬ ਨਾ ਕਰੇ, ਬਖਸ਼ਿਸ਼ ਸਮਝੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਹੋ ਗਈ, ਸੀਸ ਤਾਂ ਭਾਈ ਜੈਤਾ ਜੀ ਨੇ ਸੰਭਾਲ ਲਿਆ ਜੋ ਕਿ ਰੂੰਈ ਦੇ ਗੱਡਿਆਂ ਵਿਚ ਲੁਕਦਾ ਛਿਪਦਾ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਿਆ। ਮੁਗਲ ਸਰਕਾਰ ਨੇ ਨਾਕਾਬੰਦੀ ਕਰਕੇ ਸੀਸ ਦੀ ਜ਼ਬਰਦਸਤ ਤਲਾਸ਼ ਆਰੰਭ ਕਰ ਦਿਤੀ ਅਤੇ ਦੂਜੇ ਪਾਸੇ ਘੋਸ਼ਣਾ ਸ਼ੁਰੂ ਕਰ ਦਿਤੀ ਕਿ ਹਿੰਦੂ ਆਪਣੇ ਗੁਰੂ ਦੀ ਲਾਸ਼ ਲੈ ਜਾਣ, ਲੇਕਿਨ ਇਹ ਸਭ ਸਿਰ ਲੱਭਣ ਦੀ ਚਾਲ ਸੀ। ਗੁਰੂ ਦੀ ਦੇਹ ਇਮਾਨਦਾਰੀ ਨਾਲ ਦੇਣ ਦਾ ਇਰਾਦਾ ਨਹੀਂ ਸੀ, ਕਿਸੇ ਵੀ ਹਿੰਦੂ ਨੂੰ ਦੇਹ ਚੁੱਕਣ ਦੀ ਹਿੰਮਤ ਨਹੀਂ ਸੀ, ਲੁਬਾਣੇ ਸਿੱਖਾਂ ਨੇ ਗੁਰਮਤਾ ਕੀਤਾ ਗੁਰੂ ਨੂੰ ਸਾਡੇ ਮੱਖਣਸ਼ਾਹ ਨੇ ਪ੍ਰਗਟ ਕੀਤਾ ਸੀ, ਉਹ ਤਾਂ ਛਿਪ ਕੇ ਭਗਤੀ ਕਰਦੇ ਰਹਿਣਾ ਚਾਹੁੰਦੇ ਸਨ, ਹੁਣ ਇਸ ਸੰਕਟ ਵਿਚ ਸਾਡਾ ਫਰਜ਼ ਹੈ ਗੁਰੂ ਜੀ ਦੀ ਦੇਹ ਦਾ ਬਾ ਅਦਬ ਸੰਸਕਾਰ ਕਰਕੇ ਅਸਥੀਆਂ ਦੀ ਸੰਭਾਲ ਕਰੀਏ। ਸਰਕਾਰ ਨੇ ਲਾਸ਼ ਨਹੀਂ ਦੇਣੀ ਬਲਕਿ ਲਾਸ਼ ਮੰਗਣ ਵਾਲਿਆਂ ਨੂੰ ਅਨੁਆਈ ਸਮਝ ਕੇ ਗ੍ਰਿਫਤਾਰ ਕਰਨਗੇ ਅਤੇ ਸੀਸ ਦੀ ਚੋਰੀ ਦਾ ਭੇਦ ਪੁੱਛਣਗੇ।

ਜਦੋਂ ਗੁਰੂ ਸਾਹਿਬ ਤੇ ਤਲਵਾਰ ਚੱਲੀ ਤਾਂ ਜ਼ਬਰਦਸਤ ਅੰਧੇਰੀ ਆਈ ਸੀ, ਉਸ ਅੰਧੇਰੀ ਤੋਂ ਬਚਣ ਲਈ ਪੁਲਿਸ ਦੇ ਪਹਿਰੇਦਾਰ ਸਿਪਾਹੀ ਇਧਰ ਉਧਰ ਹੋ ਗਏ, ਸੀਸ ਸੁੰਨਾ ਛੱਡ ਦਿਤਾ। ਭਾਈ ਜੈਤਾ ਜੀ ਅੰਧੇਰੀ ਦਾ ਫਾਇਦਾ ਉਠਾ ਕੇ ਸੀਸ ਲੈ ਗਏ, ਅੰਧੇਰੀ ਹਟ ਗਈ ਤਾਂ ਸੀਸ ਗਾਇਬ ਸੀ, ਧੜ ਪਿਆ ਸੀ। ਸਰਕਾਰੀ ਭਗਦੜ ਮਚ ਗਈ। ਸਾਰੀ ਦਿੱਲੀ ਸੀਲ ਕਰ ਦਿਤੀ, ਨਾਕੇ ਬੰਦੀਆਂ ਹੋ ਗਈਆਂ, ਤਲਾਸ਼ੀਆਂ ਸ਼ੁਰੂ ਕਰ ਦਿਤੀਆਂ। ਸੀਸ ਤਾਂ ਹਨ੍ਹੇਰੀ ਦੇ ਆਸਰੇ ਚੁਕਿਆ ਗਿਆ, ਹੁਣ ਧੜ ਕਿਸ ਜੁਗਤੀ ਨਾਲ ਉਠਾਇਆ ਜਾਵੇ, ਹੁਣ ਪਹਿਰਾ ਵੀ ਪਹਿਲਾਂ ਨਾਲੋਂ ਸਖਤ ਸੀ।

ਗੁਰਮਤਾ ਕਰਕੇ ਲੁਬਾਣੇ ਬਰਾਦਰੀ ਨੇ ਇਕ ਜੁਗਤ ਸੋਚੀ। ਵੀਹ ਤੀਹ, ਪੰਜਾਹ ਬੈਲ ਗੱਡੇ ਤਿਆਰ ਕੀਤੇ। ਕੁਝ ਫਰਜ਼ੀ ਮਾਲ ਤਿਆਰ ਕਰਕੇ ਚਾਂਦਨੀ ਚੌਂਕ ਨੂੰ ਤੋਰ ਲਏ, ਭਜਾ-ਭਜਾ ਕੇ ਗਰਦ ਉਠਾਉਣ ਲੱਗੇ (ਉਦੋਂ ਸੜਕਾਂ ਬਜ਼ਾਰ ਕੱਚੇ ਸਨ) ਓਹੀ ਗੱਡੇ ਬਾਰ-ਬਾਰ ਮੋੜ-ਮੋੜ ਕੇ ਚਾਂਦਨੀ ਚੌਂਕ ਲਿਆ ਕੇ ਲੰਘਾਉਣ ਤੇ ਮੋੜ ਕੇ ਲੈ ਜਾਣ, ਮਕਸਦ ਵੱਧ ਤੋਂ ਵੱਧ ਗਰਦ ਉਡਾਉਣ ਦਾ ਸੀ। ਪਹਿਰੇਦਾਰ ਸਿਪਾਹੀ ਗਰਦ ਤੋਂ ਬਚਣ ਲਈ ਇਧਰ ਉਧਰ ਮਕਾਨਾਂ ਵਿਚ ਹੋ ਗਏ। ਭਾਈ ਨਗਾਹੀਏ ਤੇ ਹੋਰ ਲਬਾਣਿਆਂ ਨੇ ਦੇਹ ਉਠਾਈ ਤੇ ਗੱਡੇ ਵਿਚ ਰੱਖ ਕੇ ਆਪਣੇ ਘਰਾਂ ਨੂੰ ਲੈ ਗਏ, ਘਰ ਕੱਚੇ ਤੇ ਝੌਂਪੜੀਆਂ ਸਨ, ਜਿਥੇ ਅੱਜ ਰਕਾਬ ਗੰਜ ਸਾਹਿਬ ਗੁਰਦੁਆਰਾ ਹੈ।

ਭਾਈ ਨਗਾਹੀਆ ਨੇ ਮਹਾਰਾਜ ਜੀ ਦੀ ਦੇਹ ਬੜੇ ਅਦਬ ਨਾਲ ਇਸ਼ਨਾਨ ਕਰਾ ਕੇ ਕਫਣ ਦੁਸ਼ਾਲਿਆਂ ਨਾਲ ਢਕ ਕੇ ਬੜੇ ਸੁੰਦਰ ਆਸਣ ਤੇ ਬਿਰਾਜਮਾਨ ਕਰ ਦਿਤੀ। ਸਾਰੇ ਲੁਬਾਣੇ ਪਰਿਵਾਰਾਂ ਨੇ ਦਰਸ ਕੀਤੇ ਅਤੇ ਸ਼ਾਮ ਦੇ ਸਮੇਂ ਦਾ ਇੰਤਜ਼ਾਰ ਕਰਨ ਲੱਗੇ। ਉਧਰ ਦੇਹ ਦੀ ਢੂੰਡ ਪੜਤਾਲ ਵੀ ਬੜੀ ਤੇਜ਼ੀ ਨਾਲ ਹੋਣ ਲੱਗੀ।

ਹੁਣ ਵਿਚਾਰ ਕਰਨ ਲੱਗੇ, ਸੰਸਕਾਰ ਕਿਸ ਤਰ੍ਹਾਂ ਕਰੀਏ। ਖੁਲ੍ਹੇ ਵਿਚ ਚਿਖਾ ਬਣਾ ਕੇ ਸੰਸਕਾਰ ਕੀਤਾ ਤਾਂ ਪਤਾ ਲਗ ਜਾਵੇਗਾ। ਸੋ ਭਾਈ ਨਗਾਹੀਏ ਨੇ ਆਪਣੇ ਘਰ ਝੌਂਪੜੀ ਵਿਚ ਹੀ ਚਿਖਾ ਬਣਾ ਕੇ ਘਰ ਨੂੰ ਅੱਗ ਲਾ ਦਿਤੀ ਅਤੇ ਬਚਾਓ-ਬਚਾਓ ਦਾ ਰੌਲਾ ਪਾਉਣ ਲੱਗੇ। ਘਰ ਵਿਚੋਂ ਕੋਈ ਸਮਾਨ ਨਹੀਂ ਕੱਢਿਆ, ਗੁਆਂਢੀ ਲਬਾਣੇ ਪਾਣੀ ਦੀ ਬਜਾਏ ਘੀ ਸੁੱਟਣ ਲੱਗੇ ਅਤੇ ਲੱਕੜੀਆਂ ਸੁੱਟਣ ਲੱਗੇ। ਨੇੜੇ ਪੁਲਿਸ ਵੀ ਢੂੰਡ ਪੜਤਾਲਾਂ ਕਰ ਰਹੀ ਸੀ। ਬੈਲ ਗਾੜੀਆਂ ਦੀ ਚੈਕਿੰਗ ਹੋ ਰਹੀ ਸੀ। ਪੁਲਿਸ ਨੂੰ ਕਿਸੇ ਨਾਲ ਕੀ ਹਮਦਰਦੀ ਸੀ, ਬੇਪਰਵਾਹ ਕੋਲ ਹੀ ਫਿਰਦੇ ਰਹੇ, ਕਿਸੇ ਨੂੰ ਸ਼ੱਕ ਨਹੀਂ ਹੋਇਆ, ਸੱਚੀਂ ਮੁਚੀਂ ਘਰ ਸੜਦਾ ਸਮਝਿਆ। ਸਵੇਰੇ ਨੂੰ ਤਾਂਬੇ ਦੀਆਂ ਗਾਗਰਾਂ ਮੰਗਾਈਆਂ ਫੂਲ ਅਸਤੀਆਂ ਚੁਗੀਆਂ ਤੇ ਭਰ ਕੇ ਜ਼ਮੀਨ ਵਿਚ ਸਾਂਭ ਦਿਤੀਆਂ। ਥੜ੍ਹਾ ਬਣਾ ਕੇ ਉਪਰ ਛਪਰੀ ਪਾ ਦਿਤੀ ਅਤੇ ਆਪਣੀ ਰਹਿਣ ਦੀ ਕੁਲੀ ਵਖਰੀ ਬਣਾਉਣ ਲੱਗੇ।

ਗੁਰੂ ਦੀ ਦੇਹ ਦਾ ਸੰਸਕਾਰ ਕਰਨ ਲਈ ਆਪਣਾ ਘਰ ਸਣੇ ਸੋਜ ਸਮਗਰੀ ਜਲਾ ਦਿਤਾ, ਆਪਣਾ ਘਰ ਅਤੇ ਧਨ ਗੁਰੂ ਦਾ ਸਮਝਿਆ, ਉਸ ਦੀ ਬਖਸ਼ਿਸ਼ ਜਾਂ ਅਮਾਨਤ ਜਾਣੀ। ਇਹ ਹੈ ਧਨ ਅਰਪਣ।

ਇਸ ਤਰ੍ਹਾਂ ਸਿੱਖ, ਗੁਰੂ ਨੂੰ ਦੇਣ ਯੋਗ ਵਸਤੂ, ਤਨ, ਮਨ, ਧਨ ਦਿੰਦਾ ਹੈ। ਗੁਰੂ ਦਾਤਾ ਸਿੱਖ ਦੀ ਪਰਖ ਕਰਕੇ ਦੀਕਸ਼ਾ ਦਿੰਦਾ ਹੈ। ਸਿੱਖ ਦੀ ਗੁਰੂ ਤੇ ਪ੍ਰਤੀਤ ਵਧਦੀ ਹੈ ਪੂਰਨ ਨਿਸ਼ਚਾ ਆਉਣ ਤੇ ਆਪਾ ਸਮਰਪਨ ਕਰਕੇ 'ਮੁਰਦਾ ਹੋਇ ਮੁਰੀਦ' ਵਾਲੀ ਜੀਵਨ ਜਾਚ ਜਿਉਂਦਿਆਂ ਗੁਰੂ ਦੀ ਪ੍ਰਸੰਨਤਾ ਹਾਸਲ ਕਰ ਲੈਂਦਾ ਹੈ। 'ਗੁਰੂ ਗੋਰ (ਕਬਰ) ਮੁਰੀਦ ਮੁਰਦਾ' ਹੋਣਾ ਹੀ ਪੂਰਨ ਸਮਰਪਣ ਹੈ। ਪੂਰਨ ਸਮਰਪਣ ਬਿਨਾਂ ਗੁਰੂ ਦਾ ਮਨ ਨਹੀਂ ਮੰਨਣਾ। ਜਦੋਂ ਬੀਸ ਬਿਸਵੇ ਗੁਰੂ ਤੇ ਮਨ ਮੰਨ ਜਾਵੇ ਤਾਂ ਸਿੱਖ ਪ੍ਰਮੇਸ਼ਰ ਨੂੰ, ਬ੍ਰਹਮ ਨੂੰ, ਆਪਣੇ ਸਰੂਪ ਨੂੰ ਜਾਣ ਜਾਂਦਾ ਹੈ -

***ਬੀਸ ਬਿਸਵੇ ਗੁਰ ਕਾ ਮਨੁ ਮਾਨੈ॥***
***ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ॥ ਪੰਨਾ - 287***

ਬਾਬਾ ਅਮਰਦਾਸ ਜੀ ਨੇ ਗੁਰੂ ਦੀ ਪਰਖ ਕਰਨੀ ਚਾਹੀ, ਕੀ ਗੁਰੂ ਅੰਤਰਜਾਮੀ ਹਨ? ਕੀ ਗੁਰੂ ਘਟ ਘਟ ਦੀ ਜਾਨਣਹਾਰ ਹਨ? ਕੀ ਗੁਰੂ ਮੇਰੀ ਵੇਦਨਾ ਜਾਣ ਗਏ ਹਨ?

ਕੀ ਗੁਰੂ ਨੂੰ ਮੇਰੇ ਆਗਮਨ ਦੀ ਅਗੰਮੀ ਸੂਚਨਾ ਪ੍ਰਾਪਤ ਹੋ ਗਈ ਹੈ?

ਇਹ ਵਿਚਾਰ ਕੇ ਬਾਬਾ ਅਮਰਦਾਸ ਜੀ ਬੀਬੀ ਨੂੰ ਬੋਲੇ, "ਬੇਟੀ! ਪਹਿਲਾਂ ਤੂੰ ਇਕੱਲੀ ਜਾਹ, ਫੇਰ ਮੇਰੇ ਲਈ ਆਗਿਆ ਤੇ ਹੁਕਮ ਲੈ ਕੇ ਲੈ ਜਾਣਾ। ਮੈਂ ਇਥੇ ਹੀ ਬੈਹਨਾ ਹਾਂ।" ਕਹਾਰਾਂ ਨੂੰ ਕਿਹਾ, "ਤੁਸੀਂ ਆਪਣੇ ਮੂੰਹੋਂ ਮੇਰੇ ਆਉਣ ਦੀ ਗੱਲ ਨਹੀਂ ਕਰਨੀ। ਗੁਰੂ ਜੋ ਕਹੇ ਉਹ ਆ ਕੇ ਮੈਨੂੰ ਦਸਣਾ ਅਤੇ ਉਨ੍ਹਾਂ ਦੀ ਆਗਿਆ ਲੈ ਕੇ ਮੈਨੂੰ ਲੈ ਜਾਣਾ।"

ਇਕ ਖਡੂਰ ਸਾਹਿਬ ਤੋਂ ਦੂਰ ਬਾਬਾ ਅਮਰਦਾਸ ਜੀ ਪਿੰਡ ਦੇ ਬੰਨੇ ਤੇ ਬਹਿ ਗਏ।

ਕਹਾਰ ਬੀਬੀ ਦੀ ਪਾਲਕੀ ਲੈ ਕੇ ਗੁਰੂ ਸਾਹਿਬ ਪਾਸ ਪਹੁੰਚੇ। ਬੀਬੀ ਦੀ ਪਾਲਕੀ ਨੇੜੇ ਜਾ ਉਤਾਰੀ। ਬੀਬੀ ਪਾਲਕੀ 'ਚੋਂ ਉਤਰ ਕੇ ਨੰਗੇ ਪੈਰੀਂ ਗੁਰੂ ਦੇ ਹਜ਼ੂਰ ਪਹੁੰਚੀ, ਨਮਸ਼ਕਾਰ ਕਰਨ ਤੋਂ ਪਹਿਲਾਂ ਹੀ ਸਤਿਗੁਰ ਬੋਲ ਪਏ, ਪੁਤਰੀ ਤੂੰ ਸਾਡੀ ਆਗਿਆ ਦਾ ਉਲੰਘਣ ਕਿਉਂ ਕੀਤਾ? ਬਿਨਾਂ ਸੱਦੇ ਤੋਂ ਕਿਉਂ ਆਈ? ਜੇ ਬਿਨਾਂ ਸੱਦੇ ਤੋਂ ਆ ਹੀ ਗਈ ਸੀ ਤਾਂ ਜਿਸ ਦੇ ਕਾਰਨ ਆਈ ਹੈਂ, ਉਸ ਨੂੰ ਰਸਤੇ ਵਿਚ ਕਿਉਂ ਬਿਠਾ ਕੇ ਆਈ? ਨਾਲ ਕਿਉਂ ਨਹੀਂ ਲਿਆਈ?

ਪਿਤਾ ਜੀ ਖਿਮਾ ਕਰੋ, ਮੈਂ ਆਪਣੀ ਇੱਛਾ ਨਾਲ ਨਹੀਂ ਆਈ, ਧਰਮ ਪਿਤਾ ਦੇ ਹੁਕਮ ਨਾਲ ਹੀ ਆਈ ਹਾਂ। ਆਪ ਅੰਤਰਜਾਮੀ ਹੋ, ਜਾਣੀ ਜਾਣ ਹੋ, ਆਪ ਤੋਂ ਕੁਝ ਵੀ ਲੁਕਿਆ ਛਿਪਿਆ ਨਹੀਂ ਹੈ।

ਗੁਰੂ, ਪੀਰ, ਫਕੀਰ, ਦੇਵਤਾ, ਬ੍ਰਹਮ ਗਿਆਨੀ, ਮਹਾਂਪੁਰਖ ਜੋ ਵੀ ਆਪਣੇ ਆਤਮ ਸਰੂਪ ਨਾਲ ਅਭੇਦ ਹੋ ਜਾਂਦੇ ਹਨ, ਉਹ ਸਰਵ ਵਿਆਪੀ, ਸਰਬ ਦੇਸੀ ਹੋ ਜਾਂਦੇ ਹਨ। ਇਕ ਲੱਖ, ਕਰੋੜ, ਅਰਬਾਂ, ਸ਼ਰਧਾਲੂ ਜਿਥੇ-ਜਿਥੇ ਦੂਰ ਨੇੜੇ ਕਿਤੇ ਵੀ ਯਾਦ ਕਰਨ ਉਨ੍ਹਾਂ ਸਾਰਿਆਂ ਨੂੰ ਇਕੋ ਸਮੇਂ ਵੇਖ ਲੈਂਦੇ ਹਨ, ਉਨ੍ਹਾਂ ਦੇ ਕਰਤੱਬ ਤੇ ਮੋਨ ਭਾਵ ਪੜ੍ਹ ਲੈਂਦੇ ਹਨ। ਗੁਰੂ ਘਰਾਂ ਵਿਚ ਜੋੜ ਮੇਲਿਆਂ ਤੇ ਲੱਖਾਂ ਸੰਗਤਾਂ ਹਾਜ਼ਰ ਹੁੰਦੀਆਂ ਹਨ, ਲੰਗਰਾਂ ਵਿਚ ਸੇਵਾ ਕਰਦਿਆਂ, ਮੱਥਾ ਟੇਕਦਿਆਂ, ਦੂਰ-ਦੂਰ ਤਕ, ਫਿਰਦੇ-ਤੁਰਦੇ, ਬੈਠੇ ਉਠਦੇ, ਮੰਦੇ ਚੰਗੇ ਵਿਚਾਰ, ਵਿਹਾਰ ਕਰਦਿਆਂ ਸਭਨਾਂ ਨੂੰ ਇਕੋ ਵੇਲੇ ਉਤਨੇ ਹੀ ਰੂਪ ਧਾਰ ਕੇ, ਸਭਨਾਂ ਦੇ ਫੁਰਨਿਆਂ ਨੂੰ ਪੜ੍ਹ ਲੈਂਦੇ ਹਨ। ਇੰਗਲੈਂਡ, ਅਮਰੀਕਾ, ਕਾਨੇਡਾ, ਕੰਦਰਾਂ, ਪਰਬਤ, ਧਰਤੀ, ਸਮੁੰਦਰ, ਸਾਰੀ ਸ੍ਰਿਸ਼ਟੀ ਵਿਚ ਕੋਈ ਕਿਤੇ ਵੀ ਹੋਵੇ, ਗੁਰੂ ਦੀ ਦ੍ਰਿਸ਼ ਫੋਕਸ ਤੋਂ ਬਾਹਰ ਕੁਛ ਨਹੀਂ। ਉਸ ਦੀ ਅੱਖ ਵਿਸ਼ਾਲ ਹੁੰਦੀ ਹੈ। ਹਾਥੀ ਦੀ ਚਿੰਘਾੜ ਤੋਂ ਲੈ ਕੇ ਕੀੜੀ ਦੀ ਪੁਕਾਰ ਵੀ ਸੁਣ ਲੈਂਦੇ ਹਨ। ਕਿਸੇ ਵੀ ਦੇਸ਼ ਦੇ ਮਹਾਂਪੁਰਖ ਹੋਣ ਉਨ੍ਹਾਂ ਨੂੰ (ਜੋ ਆਤਮਦਰਸੀ ਹਨ) ਕਿਸੇ ਲਿੱਪੀ ਜਾਂ ਭਾਸ਼ਾ ਦਾ ਕੋਈ ਫਰਕ ਨਹੀਂ, ਉਨ੍ਹਾਂ ਨੂੰ ਬਿਨਾਂ ਪੜ੍ਹਿਆਂ, ਸਿਖਿਆਂ ਹਰ ਭਾਸ਼ਾ ਆ ਜਾਂਦੀ ਹੈ, ਹਰ ਲਿੱਪੀ ਪੜ੍ਹਨੀ ਆ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਕਿਸੇ ਵੀ ਦੇਸ਼ ਜਾਂਦੇ, ਉਥੋਂ ਦੇ ਵਾਸੀਆਂ ਨਾਲ ਉਸੇ ਭਾਸ਼ਾ ਵਿਚ ਬੇਅਟਕ ਬਚਨ ਕਰਦੇ ਸਨ ਉਹ ਸਭ ਦੇ ਨਾਮ ਜਾਣਦੇ ਸਨ। ਬਾਬਾ ਬੁੱਢਣਸ਼ਾਹ, ਕੁੱਤੇ, ਸ਼ੇਰ ਤੇ ਬਕਰੀਆਂ ਨਾਲ ਉਨ੍ਹਾਂ ਦੀ ਭਾਸ਼ਾ ਵਿਚ ਗੱਲਾਂ ਕਰ ਲੈਂਦੇ ਸਨ। ਗੁਰੂ ਅਰਜਨ ਦੇਵ ਜੀ ਦਾ 'ਪਿਸਤਾ' ਕੁੱਤਾ ਉਨ੍ਹਾਂ ਦੀ ਭਾਸ਼ਾ ਸਮਝਦਾ ਸੀ। ਗੁਰੂ ਸਾਹਿਬ 'ਪਿਸਤੇ' ਦੀ ਭਾਸ਼ਾ ਸਮਝਦੇ ਸਨ।

ਫਤਹਿਗੜ੍ਹ ਸਾਹਿਬ ਦੇ ਨੇੜੇ 'ਰੰਧਾਵਾ' ਪਿੰਡ ਵਿਚ ਇਕ ਮਹਾਤਮਾ ਖੇਤਾਂ ਵਿਚ ਰਹਿੰਦੇ ਸਨ, ਉਹ ਹਾਕ ਮਾਰਦੇ ਚਿੜੀਆਂ ਨੂੰ ਤਾਂ ਇਕ ਦਮ ਸੈਂਕੜੇ ਚਿੜੀਆਂ ਆ ਜਾਂਦੀਆਂ। ਉਹ ਉਨ੍ਹਾਂ ਨੂੰ ਦਾਣਾ ਪਾਉਂਦੇ ਸਨ, ਉਨ੍ਹਾਂ ਦੇ ਸਿਰ ਤੇ, ਮੋਢਿਆਂ ਤੇ, ਪਿੰਡੇ ਤੇ ਜਿਥੇ ਕਿਸੇ ਨੂੰ ਥਾਂ ਮਿਲਦੀ, ਚਿੰਬੜ ਜਾਂਦੀਆਂ ਸਨ, ਫਿਰ ਜਦੋਂ ਉਨ੍ਹਾਂ ਕਹਿਣਾ ਜਾਓ, ਹੁਣ ਆਪਣੇ-ਆਪਣੇ ਸਥਾਨਾਂ ਤੇ ਜਾਓ ਤਾਂ ਸਭੇ ਚਿੜੀਆਂ ਫੁਰ ਕਰਕੇ ਉਡ ਜਾਂਦੀਆਂ।

ਦਾਸ ਉਨ੍ਹਾਂ ਦੇ ਦਰਸ਼ਨਾਂ ਨੂੰ ਗਿਆ ਤਾਂ ਬੇਨਤੀ ਕੀਤੀ ਮਹਾਰਾਜ! ਚਿੜੀਆਂ ਦਾ ਮੇਲਾ ਕਰਾਓ, ਸੰਤਾਂ ਮਖਸੂਸ (ਖਾਸ ਕਿਸਮ ਦੀ) ਅਵਾਜ਼ ਕੀਤੀ ਤਾਂ ਚਿੜੀਆਂ ਦਾ ਕਾਫਲਾ ਨੇੜੇ ਆ ਗਿਆ ਪਰ ਪਾਸ ਨਾ ਆਈਆਂ, ਫੇਰ ਸੰਤਾਂ ਆਖਿਆ ਡਰੋ ਮਤ, ਇਹ ਮਹਾਤਮਾ ਹਨ, ਤੁਹਾਨੂੰ ਮਿਲਣ ਆਏ ਹਨ, ਇਹ ਸੁਣਦੇ ਸਾਰ ਚਿੜੀਆਂ ਉਨ੍ਹਾਂ ਨੂੰ ਵੀ ਚਿੰਮੜ ਗਈਆਂ ਅਤੇ ਕੁਝ ਮੈਨੂੰ ਚਿੰਮੜ ਗਈਆਂ। ਫੇਰ ਸੰਤਾਂ ਆਖਿਆ ਆਪਣੇ ਟਿਕਾਣੇ ਜਾਓ, ਸਭ ਫੁਰ ਕਰਕੇ ਉਡ ਗਈਆਂ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ 'ਸੁਹੇਲੇ' ਘੋੜੇ ਦੀ ਭਾਸ਼ਾ ਸਮਝਦੇ ਸਨ ਤੇ ਘੋੜਾ ਗੁਰਾਂ ਦੇ ਦਿਲ ਦੀ ਬਾਤ ਸਮਝਦਾ ਸੀ।

ਰਾਣੀ ਝਾਲੀ ਨੇ ਯੱਗ ਰਚਿਆ। ਭਗਤ ਰਵਿਦਾਸ ਜੀ ਬੁਲਾਏ, ਭਲਾ ਗੁਰੂ ਬਿਨਾ ਯੱਗ ਕਿਵੇਂ ਪੂਰਾ ਹੋ ਸਕਦਾ ਸੀ, ਬ੍ਰਾਹਮਣਾਂ ਨੇ ਛੂਤ ਮੰਨੀ, ਭੋਜਨ ਛਕਣ ਤੋਂ ਇਨਕਾਰ ਕਰ ਦਿਤਾ, ਭਗਤ ਜੀ ਉਠ ਗਏ। ਰਾਣੀ ਨੂੰ ਕਿਹਾ ਸਾਨੂੰ ਕੋਈ ਫਰਕ ਨਹੀਂ ਪੈਂਦਾ, ਅਸੀਂ ਪਹਿਲਾਂ ਦੀ ਬਜਾਏ ਬਾਅਦ ਵਿਚ ਛਕ ਲਵਾਂਗੇ, ਤੁਸੀਂ ਬ੍ਰਾਹਮਣਾਂ ਨੂੰ ਪ੍ਰਸੰਨ ਕਰੋ, ਬ੍ਰਾਹਮਣ ਭੋਜਨ ਛਕਣ ਲੱਗੇ ਤਾਂ ਹਰ ਪੰਡਤ ਨਾਲ ਇਕ-ਇਕ ਰਵਿਦਾਸ ਜੀ ਬੈਠ ਗਿਆ ਤੇ ਪੰਡਤਾਂ ਦੀ ਥਾਲੀ ਵਿਚ ਰਵਿਦਾਸ ਜੀ ਦਾ ਇਕ-ਇਕ ਹੱਥ ਪੈਣ ਲੱਗਾ। ਦੂਜਾ ਦੂਜੇ ਨੂੰ ਸ਼ਰਮਦਾ ਹੋਇਆ ਨਾ ਦੱਸੇ, ਰਵਿਦਾਸ ਜੀ ਨੇ ਅਨੇਕ ਰੂਪ ਹੋ ਕੇ ਸਭ ਨਾਲ ਭੋਜਨ ਖਾਧਾ।

ਜਿਵੇਂ ਵਿਦੁੱਤ (ਬਿਜਲੀ) ਦਾ ਕੇਂਦਰ ਇਕ ਹੈ, ਉਹ ਤਾਰਾਂ ਰਾਹੀਂ ਸਰਵ ਵਿਆਪੀ ਹੈ, ਅਨੇਕ ਬਲਬ, ਪੱਖੇ, ਮੋਟਰਾਂ ਚਲ ਰਹੀਆਂ ਹਨ, ਬਿਜਲੀ ਤਾਂ ਸਾਰੇ ਪਸਾਰੇ ਨੂੰ ਜਾਣਦੀ ਹੈ, ਬਲਬ ਬਿਜਲੀ ਨੂੰ ਨਹੀਂ ਜਾਣਦਾ। ਬਿਜਲੀ ਸਰਵਦੇਸੀ ਹੈ, ਬਲਬ ਅਲਪੱਗ ਹੈ ਇਕ ਦੇਸੀ ਹੈ। ਜੀਵ ਅਲਪੱਗ ਹੈ, ਬ੍ਰਹਮਵੇਤਾ, ਗੁਰੂ ਸਰਬੱਗ ਹੈ, ਸਰਬ ਦੇਸੀ, ਸਰਬ ਵਿਆਪੀ ਹੈ।

ਗੁਰੂ ਅੰਗਦ ਦੇਵ ਜੀ ਬਾਬਾ ਅਮਰਦਾਸ ਜੀ ਨੂੰ ਬਾਸਰਕੇ ਵੇਖ ਰਹੇ ਸਨ, ਉਨ੍ਹਾਂ ਦੀ ਤੜਫ ਵੇਖ ਰਹੇ ਸਨ, ਬੈਰਾਗ ਵੇਖ ਰਹੇ ਸਨ, ਆਉਂਦਿਆਂ ਨੂੰ ਵੇਖ ਰਹੇ ਸਨ, ਬੈਠਿਆਂ ਨੂੰ ਵੇਖ ਰਹੇ ਸਨ, ਉਹ ਵਿਸ਼ਾਲ ਨੇਤਰੇ ਸਨ, ਸਰਬ ਨੇਤਰੇ ਸਨ।

ਕਹਾਰਾਂ ਨੂੰ ਸੰਬੋਧਨ ਕਰਕੇ ਆਖਿਆ, ਜਾਓ ਬੁਲਾ ਲਿਆਓ, ਰਾਹ ਵਿਚ ਕਿਉਂ ਬਿਠਾ ਆਏ। ਕਹਾਰ ਗਏ ਅਤੇ ਬਾਬਾ ਅਮਰਦਾਸ ਜੀ ਨੂੰ ਦਸਿਆ ਗੁਰੂ ਜਾਣੀ ਜਾਣ ਹਨ, ਜਾਂਦਿਆਂ ਹੀ ਕਹਿ ਦਿਤਾ ਸੀ, ਉਨ੍ਹਾਂ ਨੂੰ ਕਿਉਂ ਬਿਠਾ ਆਏ ਹੋ। ਸੋ ਜੀ ਗੁਰੂ ਪੂਰਾ ਹੈ, ਘੱਟ-ਘੱਟ ਕੀ ਜਾਣਦਾ ਹੈ, ਅੰਤਰਜਾਮੀ ਹੈ। ਹੁਣ ਆਪ ਚੱਲੋ ਤੇ ਦਰਸ਼ਨ ਕਰੋ।

ਬਾਬਾ ਅਮਰਦਾਸ ਜੀ ਚੱਲੇ ਤੇ ਗੁਰੂ ਦਰਬਾਰ ਪਹੁੰਚੇ, ਸਤਿਗੁਰੂ (ਗੁਰੂ ਅੰਗਦ ਦੇਵ ਜੀ) ਅਮਰਦਾਸ ਜੀ ਨੂੰ ਕੁੜਮ (ਸਮਾਧੀ) ਸਮਝ ਕੇ ਆਪਣੇ ਸਿੰਘਾਸਨ ਤੋਂ ਉਠੇ ਅਤੇ ਅਗਲਵਾਂਢੀ ਹੋ ਕੇ ਗਲਵਕੜੀ ਪਾ ਕੇ ਮਿਲੇ, ਪ੍ਰੰਤੂ ਬਾਬਾ ਅਮਰਦਾਸ ਜੀ ਚਰਣੀ ਪੈਣ ਦਾ ਜਤਨ ਕਰਨ ਲੱਗੇ, ਗੁਰਾਂ ਨੇ ਬਰਜੋਰੀ ਉਠਾ ਕੇ ਛਾਤੀ ਲਾਇ ਅਤੇ ਕਿਹਾ, ਤੁਸੀਂ ਸਾਡੇ ਵੱਡੇ ਰਿਸ਼ਤੇਦਾਰ ਹੋ, ਲੜਕੇ ਵਾਲੇ ਹੋ, ਆਯੂ ਵਿਚ ਵੀ ਵੱਡੇ ਹੋ, ਇਹ ਕੀ ਕਰਦੇ ਹੋ, ਮੇਰੇ ਪੈਰੀਂ ਕਿਉਂ ਪੈਂਦੇ ਹੋ। ਗੁਰਾਂ ਨੇ ਰਿਸ਼ਤੇਦਾਰ ਜਾਣ ਕੇ ਵੱਡਾ ਆਦਰ ਸਤਿਕਾਰ ਕਰਨਾ ਚਾਹਿਆ, ਉਚੇ ਥਾਂਵ ਬਿਠਾਉਣਾ ਚਾਹਿਆ, ਪ੍ਰੰਤੂ ਬਾਬਾ ਅਮਰਦਾਸ ਜੀ ਸਾਰੇ ਆਦਰ ਅਸਵੀਕਾਰ ਕਰਦਿਆਂ ਅਰਜ਼ ਕੀਤੀ, "ਪਾਤਸ਼ਾਹ! ਮੈਂ ਤੁਹਾਡੇ ਪਾਸ ਰਿਸ਼ਤੇਦਾਰ ਬਣ ਕੇ ਨਹੀਂ ਆਇਆ, ਮੈਂ ਤਾਂ ਇਕ ਅਧਨਾ (ਛੋਟਾ) ਸਿੱਖ ਬਣ ਕੇ ਆਇਆ ਹਾਂ, ਚਰਣ ਪਰਸਨ ਦਿਓ। ਦੁਨਿਆਵੀ ਰਿਸ਼ਤੇ ਮਿਟਾ ਕੇ ਗੁਰ ਚੇਲੇ ਦਾ ਰਿਸ਼ਤਾ ਕਾਇਮ ਕਰਨ ਆਇਆ ਹਾਂ। ਗੁਰੂ ਨਾਨਕ ਦੇ ਦਰ ਦਾ ਭਿਕਸ਼ੂ ਬਣ ਕੇ ਆਇਆ ਹਾਂ।"

ਗੁਰੂ ਸਾਹਿਬ ਜਦੋਂ ਪੰਗਤ ਵਿਚ ਬਹਿ ਕੇ ਪ੍ਰਸ਼ਾਦ ਛਕਦੇ ਤਾਂ ਬਾਬਾ ਅਮਰਦਾਸ ਜੀ ਨੂੰ ਆਪਣੇ ਬਰਾਬਰ ਨਾਲ ਬਿਠਾਉਂਦੇ, ਸੇਵਾਦਾਰ ਲਾਂਗਰੀ ਪ੍ਰਸ਼ਾਦਾ ਛਕਾ ਕੇ ਚੂਲਾ ਕਰਾਉਂਦਾ ਤੇ ਗੁਰਾਂ ਦੇ ਅੱਗੋਂ ਥਾਲ ਉਠਾ ਕੇ ਲੈ ਜਾਂਦਾ, ਗੁਰਾਂ ਦਾ ਬਚਿਆ ਸੀਤ ਪ੍ਰਸ਼ਾਦ ਅੰਮ੍ਰਿਤ ਜਾਣ ਕੇ ਛਕਦਾ, ਇਹ ਬਾਤ ਬਾਬਾ ਅਮਰਦਾਸ ਜੀ ਰੋਜ਼ ਵੇਖਦੇ। ਇਕ ਦਿਨ ਮਨ ਵਿਚ ਵਿਚਾਰ ਆਈ, ਰਿਸ਼ਤੇਦਾਰ ਨੂੰ ਰਿਸ਼ਤੇਦਾਰ ਆਪਣਾ ਜੂਠਾ ਭੋਜਨ ਨਹੀਂ ਦੇ ਸਕਦਾ। ਅਗਰ ਗੁਰੂ ਨੇ ਮੈਨੂੰ ਅਪਣਾਅ ਲਿਆ ਹੈ, ਸਿੱਖ ਬਣਾ ਲਿਆ ਹੈ, ਮੇਰੀ ਭਾਵਨਾ ਜਾਣ ਲਈ ਹੈ ਤਾਂ ਅੱਜ ਬਿਨ ਮੰਗਿਆਂ ਮੇਰੇ ਦਿਲ ਦੀ ਸ਼ਰਧਾ ਭਾਵਨਾ ਜਾਣ ਕੇ ਆਪਣਾ ਸ਼ੀਤ ਪ੍ਰਸ਼ਾਦ ਸੇਵਾਦਾਰ ਨੂੰ ਨਾਹ ਦੇ ਕੇ ਮੈਨੂੰ ਆਪ ਕਹਿ ਕੇ ਦੇਣ।

ਅੰਤਰਜਾਮੀ ਸਤਿਗੁਰੂ ਨੇ ਲੋੜ ਅਨੁਸਾਰ ਭੋਜਨ ਛਕ ਕੇ ਚੂਲਾ ਕੀਤਾ ਤੇ ਇਕ ਫਲ ਚੁੱਕ ਕੇ ਸੇਵਾਦਾਰ ਨੂੰ ਬਖਸ਼ਦੇ ਹੋਏ ਆਖਿਆ, "ਗੁਰਮੁਖਾ! ਤੂੰ ਅੱਜ ਇਸ ਫਲ ਨਾਲ ਸਾਰ ਲੈ, ਥਾਲ ਇਨ੍ਹਾਂ ਨੂੰ ਦੇ ਦੇ। ਇਹ ਅੱਜ ਸਾਡਾ ਸ਼ੀਤ ਪ੍ਰਸ਼ਾਦ ਮੰਗਦੇ ਹਨ।"

ਬਾਬਾ ਅਮਰਦਾਸ ਜੀ ਗਦ ਗਦ ਹੋ ਗਏ ਅਤੇ ਪੂਰਨ ਤੌਰ ਤੇ ਸਮਰਪਿਤ ਹੋ ਗਏ, ਭੋਜਨ ਛਕ ਕੇ ਗੁਰੂ ਸਾਹਿਬ ਨੇ ਕੁਝ ਦੇਰ ਬਿਸ੍ਰਾਮ ਕੀਤਾ, ਫਿਰ ਦਰਬਾਰ ਵਿਚ ਬਿਰਾਜਮਾਨ ਹੋਏ ਤਾਂ ਬਾਬਾ ਅਮਰਦਾਸ ਜੀ ਚਰਨਾਂ ਵਿਚ ਹਾਜ਼ਰ ਹੋ ਕੇ ਅਰਜ਼ ਕੀਤੀ, "ਪਾਤਸ਼ਾਹ! ਹੁਣ ਮੈਂ ਰਿਸ਼ਤੇਦਾਰ ਨਹੀਂ ਹਾਂ ਸਿੱਖ ਹਾਂ, ਸੇਵਕ ਹਾਂ, ਮੈਨੂੰ ਵੀ ਇਕ ਸਿੱਖ ਸੇਵਕ ਜਾਣ ਕੇ ਕੋਈ ਸੇਵਾ ਬਖਸ਼ੋ।" ਬੇਨਤੀ ਸੁਣ ਕੇ ਗੁਰੂ ਜੀ ਬੋਲੇ, "ਚੰਗਾ ਪੁਰਖਾ! ਅਸੀਂ ਸਵੇਰੇ ਕੇਵਲ ਬਿਆਸ ਦੇ ਜਲ ਨਾਲ ਇਸ਼ਨਾਨ ਕਰਦੇ ਹਾਂ, ਤੂੰ ਬਿਆਸ ਤੋਂ ਅੰਮ੍ਰਿਤ ਵੇਲੇ ਪਾਣੀ ਦੀ ਗਾਗਰ ਲਿਆਇਆ ਕਰ ਅਤੇ ਬਾਕੀ ਸਮਾਂ ਲਾਂਗਰੀਆਂ ਨਾਲ ਮਿਲ ਕੇ ਲੰਗਰ ਦੀ ਸੇਵਾ ਕਰਿਆ ਕਰ।"

ਬਾਬਾ ਅਮਰਦਾਸ ਜੀ ਦੀ ਪ੍ਰਸੰਨਤਾ ਦਾ ਕੋਈ ਪਾਰਾਵਾਰ ਨਾ ਰਿਹਾ, ਸੇਵਾ ਕੀ ਮਿਲੀ ਜਿਵੇਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਗਈਆਂ। ਨਿਰਸੰਕੋਚ ਬੜੇ ਉਤਸ਼ਾਹ ਨਾਲ ਲੰਗਰ ਦੀ ਸੇਵਾ ਵਿਚ ਜੁਟ ਗਏ। ਬਾਲਣ ਲਿਆਉਣਾ, ਭਾਂਡੇ ਮਾਂਜਣੇ, ਬੜੀ ਪ੍ਰੀਤ ਨਾਲ, ਸ਼ਰਧਾ ਨਾਲ, ਮਹਾਰਾਜ ਦਾ ਪ੍ਰਸ਼ਾਦਾ ਲਿਆਉਣਾ ਤੇ ਤਤਪਰ ਹੋ ਕੇ ਛਕਾਉਣਾ, ਚੂਲਾ ਕਰਾ ਕੇ ਸ਼ੀਤ ਪ੍ਰਸ਼ਾਦ ਛਕਣਾ, ਗੁਰਾਂ ਦੇ ਵਸਤਰ ਵੀ ਆਪ ਧੋਣੇ। ਰਾਤ ਨੂੰ ਚਰਨ ਚਾਪਣੇ, ਪੈਂਦ ਵਲ ਬੈਠੇ ਰਹਿਣਾ, ਸੁਆਸਾਂ ਨਾਲ ਸਿਮਰਨ ਕਰਦੇ ਰਹਿਣਾ ਅਤੇ ਗੁਰੂ ਸਰੂਪ ਵਿਚ ਮਨ ਇਕਾਗਰ ਰਖਣਾ, ਹੱਥਾਂ ਨਾਲ ਮੁੱਠੀ ਚਾਪੀ ਕਰਨੀ।

ਬਾਬਾ ਅਮਰਦਾਸ ਜੀ ਨੇ ਰਾਤ ਨੂੰ ਲੰਗਰ ਦੀ ਸੇਵਾ ਤੋਂ ਵਿਹਲੇ ਹੋ ਕੇ ਚਰਨਾਂ ਪਾਸ ਬੈਠ ਜਾਣਾ। ਗੁਰੂ ਧਿਆਨ ਵਿਚ ਬੈਠੇ ਰਹਿਣਾ ਅਤੇ ਬੈਠਿਆਂ ਨੂੰ ਹੀ ਤੁੰਦਰਾ ਵਿਆਪ ਜਾਣੀ ਸਰੀਰ ਤੇ ਮਸਤਕ (ਦਿਮਾਗ) ਹੌਲਾ ਹੋ ਜਾਣਾ। ਬਿਸਤਰ ਮੰਜਾ ਕਦੀ ਨਹੀਂ ਲਿਆ, ਜ਼ਮੀਨ ਨਾਲ ਪਿੱਠ ਨਹੀਂ ਲਾਈ, ਬੈਠਿਆਂ-ਬੈਠਿਆਂ ਹੀ ਚਰਨ ਸੇਵਾ ਕਰਦੇ ਰਹਿਣਾ, ਬੈਠਿਆਂ-ਬੈਠਿਆਂ ਹੀ ਨੀਂਦ ਦਾ ਠੌਂਕਾ ਲਾ ਲੈਣਾ ਜਾਂ ਕੁਝ ਪਲ ਤੁੰਦਰਾ ਰਸ ਲੀਨ ਹੋ ਕੇ ਸਰੀਰ ਹਲਕਾ ਹੋ ਜਾਣਾ।

ਬਾਬਾ ਅਮਰਦਾਸ ਜੀ ਨੇ ਚੌਥੇ ਦਿਨ ਜਦੋਂ ਸੇਵਾ ਆਰੰਭ ਕੀਤੀ ਤਾਂ ਇਕ ਵਜੇ ਉਠ ਕੇ ਇਸ਼ਨਾਨ ਕੀਤਾ ਤੇ ਗਾਗਰ ਉਠਾਈ (ਗੁਰੂ ਅੰਗਦ ਦੇਵ ਜੀ ਬਿਆਸ ਦੇ ਜਲ ਨਾਲ ਇਸ਼ਨਾਨ ਕਰਦੇ ਹੁੰਦੇ ਸਨ) ਗੁਰੂ ਵਲ ਪਿੱਠ ਨਾ ਹੋ ਜਾਵੇ ਇਸ ਕਰਕੇ ਉਲਟੇ ਪੈਰੀਂ ਚੱਲੇ, ਜਿਥੇ ਗੁਰੂ ਅਸਥਾਨ ਓਝਲ ਹੋ ਜਾਂਦਾ ਤਾਂ ਦਮ ਲੈਣਾ ਤੇ ਫਿਰ ਬਿਆਸ ਵਲ ਮੁਖ ਕਰਕੇ ਚਲਣਾ, ਜਲ ਭਰ ਕੇ ਲਿਆਉਣਾ ਅਤੇ ਅੱਧੇ ਸਫਰ ਤੇ ਉਸੇ ਥਾਂ ਤੇ ਦਮ ਲੈਣਾ (ਅੱਜ ਓਥੇ ਗੁਰਦੁਆਰਾ ਦਮਦਮਾ ਸਾਹਿਬ ਹੈ) ਤੇ ਫੇਰ ਚੱਲ ਪੈਣਾ, ਅੱਗੇ ਗੁਰੂ ਸਾਹਿਬ ਦਾਤਨ ਕਰਦੇ ਹੋਣਾ, ਗੁਰਾਂ ਦਾ ਇਸ਼ਨਾਨ ਆਪਣੇ ਹੱਥਾਂ ਨਾਲ ਕਰਾਉਣਾ ਤੇ ਗਿੱਲੇ ਵਸਤਰ ਸਾਫ ਕਰਨੇ। ਸਤਿਗੁਰੂ ਧਿਆਨ ਮਗਨ ਹੋ ਜਾਂਦੇ ਤੇ ਬਾਬਾ ਅਮਰਦਾਸ ਜੀ ਵੀ ਕੁਝ ਸਮੇਂ ਲਈ ਆਤਮ ਧਿਆਨ ਧਰਦੇ। ਸਤਿਗੁਰੂ ਦੀਵਾਨ ਵਿਚ ਚਲੇ ਜਾਂਦੇ ਤਾਂ ਅਮਰਦਾਸ ਜੀ ਲੰਗਰ ਵਿਚ ਜਾ ਕੇ ਗੁਰੂ ਜੀ ਲਈ ਮੁਖ ਲਾਂਗਰੀ ਜੀ ਨਾਲ ਮਿਲ ਕੇ ਅਨੁਕੂਲ ਪ੍ਰਸ਼ਾਦਾ ਤਿਆਰ ਕਰਦੇ। ਗੁਰਾਂ ਨੂੰ ਜਲ ਪਾਨ ਪ੍ਰਸ਼ਾਦਾ ਛਕਾ ਕੇ ਲੰਗਰ ਦੀ ਸੇਵਾ ਵਿਚ

ਲਗ ਜਾਂਦੇ। ਦੁਪਹਿਰ ਦਾ ਭੋਜਨ ਛਕਾ ਕੇ ਜਦੋਂ ਗੁਰੂ ਜੀ ਬਿਸ੍ਰਾਮ ਕਰਦੇ ਤਾਂ ਓਸੇ ਤਰ੍ਹਾਂ ਪੈਂਦੀ ਬੈਠ ਕੇ ਮੁੱਠੀ ਚਾਪੀ ਕਰਦੇ।

ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਐਲਾਨ ਕੀਤਾ ਕਿ ਅਸੀਂ ਅੱਜ ਤੋਂ ਫਲਾਣੇ ਦਿਨ ਸਰੀਰ ਛੱਡ ਦੇਣਾ ਹੈ ਤਾਂ ਦੇਸ ਵਿਦੇਸ਼ਾਂ ਤੋਂ ਸਿੱਖੀ ਸੇਵਕੀ ਤੇ ਆਮ ਜਨਤਾ ਸ਼ਰਧਾਲੂ ਦਰਸ਼ਨਾਂ ਨੂੰ ਉਮੜ ਪਏ, ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਕਰਤਾਰਪੁਰ ਨਹੀਂ ਸਨ, ਸੰਗਤਾਂ ਨੇ ਇਤਲਾਹ ਦਿਤੀ ਕਿ ਤੁਹਾਡੇ ਪਿਤਾ ਗੁਰੂ ਸੱਚਖੰਡ ਜਾ ਰਹੇ ਹਨ, ਦੁਨੀਆਂ ਦਰਸ਼ਨਾਂ ਨੂੰ ਜਾ ਰਹੀ ਹੈ, ਤੁਸੀਂ ਇਥੇ ਹੀ ਬੈਠੇ ਹੋ, ਜਾਓ ਮੇਲਾ ਕਰੋ। ਬਾਬਾ ਸ੍ਰੀ ਚੰਦ ਜੀ ਅਤੇ ਲਖਮੀਦਾਸ ਜੀ ਬੋਲੇ, ਅਸੀਂ ਚੰਗੇ ਭਲਿਆਂ ਨੂੰ ਛੱਡ ਕੇ ਆਏ ਹਾਂ ਇਹ ਕਿਵੇਂ ਹੋ ਸਕਦਾ ਹੈ ਅਤੇ ਗਏ ਨਹੀਂ। ਸਤਿਗੁਰੂ ਨਾਨਕ ਦੇਵ ਜੀ ਚੋਲਾ ਛੱਡ ਗਏ ਤਾਂ ਖਬਰ ਸੁਣ ਕੇ ਕਿ ਗੁਰੂ ਜੀ ਸੱਚਖੰਡ ਚਲੇ ਗਏ ਤਾਂ ਦੋਵੇਂ ਭਰਾ ਘਬਰਾਹਟ ਵਿਚ ਦੌੜੇ, ਜਦੋਂ ਜਾ ਕੇ ਵੇਖਿਆ ਕਿ ਗੁਰੂ ਜੀ ਦੇਹ ਤਿਆਗ ਗਏ ਹਨ ਤਾਂ ਰੁਦਨ ਕਰਨ ਲੱਗੇ ਅਤੇ ਪੁਕਾਰਨ ਲੱਗੇ, "ਹੇ ਪਿਤਾ ਸ੍ਰੀ! ਤੁਸੀਂ ਸਾਨੂੰ ਚਾਰ ਪਹਿਰ ਹੀ ਉਡੀਕ ਲੈਂਦੇ, ਤੁਸੀਂ ਸਾਨੂੰ ਖਾਲੀ ਛੱਡ ਗਏ।"

ਇਹ ਪੁਕਾਰ ਸੁਣ ਕੇ ਗੁਰੂ ਨਾਨਕ ਦੇਵ ਜੀ ਉਠ ਕੇ ਬੈਠ ਗਏ ਅਤੇ ਬੋਲੇ ਪੁਤਰੋ! ਤੁਸੀਂ ਧੁਰ ਅੰਦਰੋਂ ਪੁਕਾਰ ਕੀਤੀ ਹੈ, ਅੱਜ ਤੁਸੀਂ ਚਾਰ ਯੁੱਗ ਵੀ ਰਹਿਣ ਵਾਸਤੇ ਕਹਿੰਦੇ ਤਾਂ ਅਸੀਂ ਚਾਰ ਯੁੱਗ ਵੀ ਰਹਿੰਦੇ, ਤੁਸੀਂ ਚਾਰ ਪਹਿਰ ਮੰਗੇ ਹਨ ਅਸੀਂ ਚਾਰ ਦਿਨ ਹੋਰ ਰਹਾਂਗੇ। ਤੁਸੀਂ ਕਹਿਆ ਹੈ ਕਿ ਸਾਨੂੰ ਖਾਲੀ ਛੱਡ ਗਏ ਹੋ, ਇਸ ਤਰ੍ਹਾਂ ਨਹੀਂ ਹੈ। ਰਿੱਧੀਆਂ-ਸਿੱਧੀਆਂ ਤੁਹਾਡੀ ਸੇਵਾ ਲਈ ਸਦਾ ਤਤਪਰ ਰਹਿਣਗੀਆਂ।

ਬਾਬਾ ਸ੍ਰੀ ਚੰਦ ਜੀ ਨੂੰ ਸਨਮੁਖ ਕਰਕੇ ਬਚਨ ਕੀਤਾ, ਤੁਸੀਂ ਮਹਾਨ ਤਪਸਵੀ ਜਗਤ ਵਿਖਿਆਤ ਉਦਾਸੀਨ ਪੰਥ ਦੇ ਧਰੂਅ ਹੋਵੋਂਗੇ, ਚਾਰੇ ਦਿਸ਼ਾਵਾਂ ਵਿਚ ਦਿਗਵਿਜੈ ਕਰਕੇ ਗੁਰਮਤਿ ਦਾ ਪ੍ਰਚਾਰ ਕਰੋਂਗੇ, ਸਤਿਨਾਮ ਦੀ ਧੂਜਾ ਫਹਿਰਾਉਂਗੇ। ਸਾਡੇ ਪਾਸ ਤਿੰਨ ਪਦਵੀਆਂ ਸਨ, ਪਹਿਲੀ ਗੁਰਿਆਈ, ਗੁਰਤਾ ਪਦਵੀ, ਉਹ ਸ੍ਰੀ ਲਹਿਣਾ ਜੀ ਨੂੰ ਮਿਲ ਗਈ, ਦੂਜੀ ਉਦਾਸੀ ਉਹ ਤੈਨੂੰ ਦਿਤੀ। ਤੈਥੋਂ ਬੜੇ-ਬੜੇ ਸਾਧੂ ਸੰਤ ਪੈਦਾ ਹੋਣਗੇ, ਸਾਰੀ ਸਿੱਖੀ ਸਾਧੂਆਂ ਦੀ ਮਾਨਤਾ ਕਰੇਗੀ। ਲਖਮੀਦਾਸ ਜੀ ਨੂੰ ਮੁਖਾਤਿਬ ਕਰਕੇ ਕਿਹਾ, "ਤੈਥੋਂ ਸਾਡੀ ਵੰਸ ਵਿਚ ਬੜੇ-ਬੜੇ ਕਰਮ ਯੋਗੀ ਬ੍ਰਹਮਵੇਤਾ ਮਹਾਂਪੁਰਖ ਪੈਦਾ ਹੋਣਗੇ। ਕਮਾਈ, ਬੰਦਗੀ ਵਾਲੇ ਗੁਰਸਿੱਖ ਮਹਾਤਮਾ ਵੰਸ ਦਾ ਨਾਮ ਰੋਸ਼ਨ ਕਰਨਗੇ।

ਗੁਰਦੁਆਰੇ ਵਿਚ ਰਹਿੰਦੇ, ਪਿੰਡ ਵਿਚ ਫਿਰਦੇ, ਪਾਣੀ ਲੈਣ ਜਾਂਦੇ, ਕਿਸੇ ਵੇਲੇ ਵੀ ਪਿੱਠ ਨਹੀਂ ਕੀਤੀ, ਛੇ ਵਰਸ਼ ਲੰਮੇ ਪੈ ਕੇ ਨਹੀਂ ਵੇਖਿਆ। ਬੈਠੇ-ਬੈਠੇ ਸੌਂ ਲੈਣਾ, ਬੈਠੇ-ਬੈਠੇ ਹੀ ਸੇਵਾ ਕਰਨੀ, ਘੱਟ ਬੋਲਦੇ ਸਨ, ਮੋਨ, ਖਾਮੋਸ਼ ਰਹਿ ਕੇ ਲੰਗਰ ਵਿਚ ਸੇਵਾ ਕਰਦੇ ਨਾਮ ਧਿਆਉਂਦੇ ਰਹਿਣਾ। ਚੁਸਤ ਚਾਲਾਕ ਸੇਵਾਦਾਰ, ਕਾਲੇ ਹੋਏ ਹੋਏ, ਦਾਲ ਤੇ ਦੁੱਧ ਲੱਗੇ ਥੱਲਾ ਸੜੇ ਭਾਂਡੇ ਆਪ ਨਾ ਮਾਂਜਦੇ, ਬਾਬਾ ਅਮਰਦਾਸ ਜੀ ਦੇ ਅੱਗੇ ਸੁੱਟ ਦਿੰਦੇ ਤੇ ਕਹਿੰਦੇ, ਬੁੜ੍ਹਿਆ ਇਹ ਵੀ ਸੋਧ ਦੇ। ਬਾਬਾ ਜੀ ਚੁੱਪ ਕਰਕੇ ਬਿਨਾ ਹੀਲੇ ਹੁਜਤ ਸਾਫ ਕਰ ਦਿੰਦੇ। ਧੰਨ ਭਾਗ ਸਮਝਦੇ, ਸੇਵਾ ਗੁਰੂ ਦੀ ਕ੍ਰਿਪਾ ਤੇ ਬਖਸ਼ਿਸ਼ ਸਮਝਦੇ।

ਗੁਰੂ ਅੰਗਦ ਦੇਵ ਜੀ ਬਹੁਤ ਘੱਟ ਬੁਲਾਉਂਦੇ ਸਨ, ਬੇਰੁਖੀ ਵਰਤਦੇ ਸਨ, ਇਨ੍ਹਾਂ ਤੋਂ ਉਦਾਸੀਨ ਰਹਿੰਦੇ ਸਨ। ਅੱਧੇ ਸਾਲ ਬਾਦ ਇਕ ਖੱਦਰ ਦਾ ਡੇਢ ਗਜ਼ ਦਾ ਪਰਨਾ ਬਖਸ਼ਦੇ ਸਨ, ਜਿਸ ਨੂੰ ਮਹਾਨ ਕ੍ਰਿਪਾ ਸਮਝ ਕੇ ਸਿਰ ਤੇ ਵਲੇਟ ਲੈਂਦੇ ਸਨ। ਨੀਂਦ ਜ਼ੋਰ ਨਾ ਪਾਵੇ, ਕਿਤੇ ਸੇਵਾ ਵਿਚ ਸਮਾਂ ਖੁੰਝ ਕੇ ਗਫ਼ਲਤ ਨਾ ਹੋ ਜਾਵੇ, ਇਸ ਲਈ ਭੋਜਨ ਬਹੁਤ ਘੱਟ ਤੇ ਅੱਠੀਂ ਪਹਿਰੀ ਖਾਂਦੇ ਸਨ। ਸਰੀਰ (ਲਿਸਾ) ਹੋ ਗਿਆ, ਬਾਹਾਂ ਦਾ ਮਾਸ ਢਿੱਲਾ ਹੋ ਗਿਆ, ਚਿਹਰਾ ਪਤਲਾ ਪ੍ਰੰਤੂ ਤੇਜਵਾਨ ਹੋ ਗਿਆ। ਸਰੀਰ ਦਾ ਭਾਰ ਘੱਟ ਹੋ ਗਿਆ, ਮਾਸ ਪੇਸ਼ੀਆਂ ਢਿੱਲੀਆਂ ਤੇ ਪਤਲੀਆਂ ਪੈ ਗਈਆਂ। ਗੁਰਾਂ ਪ੍ਰਤੀ ਸ਼ਰਧਾ ਤੇ ਪਿਆਰ ਵਿਚ ਸ਼ਰਸ਼ਾਰ ਹੋਏ ਰਹਿੰਦੇ, ਧਰਤੀ ਤੇ ਕਮਰ ਨਹੀਂ ਲਾਈ, ਤਪ ਦਾ ਸਰੂਪ ਧਾਰ ਕੇ ਸ਼ਰਧਾ ਦੇ ਸਿਖਰ ਤੇ ਖੜੋਤੇ ਹੋਏ ਮੇਰੀ (ਲੇਖਕ ਦੀ) ਕਲਪਨਾ ਦੇ ਮਨੋ ਪਟਲ ਤੇ ਆ ਬਿਰਾਜੇ ਸਨ। ਸੇਵਾ ਤੇ ਤਪ ਨਾਲ ਸੁਕਿਆ ਸਰੀਰ ਵੇਖ ਕੇ ਵੇਗ ਯੁਕਤ ਹੰਝੂਆਂ ਦੀ ਅਵਿਰਲ ਧਾਰਾ ਵਗ ਗਈ ਹੈ, ਰੋਕੇ ਨਹੀਂ ਰੁਕਦੀ। ਕਾਗਜ਼ ਦ੍ਰਿਸ਼ਟੀਗੋਚਰ ਹੋਣੋਂ ਹਟ ਗਿਆ ਹੈ, ਹੁਣ ਹੋਰ ਲਿਖਿਆ ਨਹੀਂ ਜਾਂਦਾ। ਇਹ ਸ਼ਰਧਾ ਦਾ ਸਿਖਰ ਹੈ।

## ਪਾਠਕਾਂ ਦੇ ਸਹਿਯੋਗ ਹਿਤ ਯਾਚਨਾ

ਸਤਿਕਾਰਯੋਗ ਆਤਮ-ਮਾਰਗ ਦੇ ਪਾਂਧੀਓ! ਤੁਸੀਂ ਨਿਰਸੰਦੇਹ ਵਡਭਾਗੀ ਹੋ ਜੋ ਮਹਾਂਪੁਰਸ਼ਾਂ ਦੀ ਅਸੀਸ ਦੇ ਪਾਤਰ ਬਣੇ ਹੋ ਅਤੇ ਸਤਿਗੁਰੂ ਦੀਆਂ ਖੁਸ਼ੀਆਂ ਮਾਣ ਰਹੇ ਹੋ, 'ਧੁਰ ਕੀ ਬਾਣੀ' ਦੇ ਗੁਹਜ ਭਾਵ ਅਨੁਭਵੀ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਰਾਹੀਂ ਪੜ੍ਹ ਰਹੇ ਹੋ ਅਤੇ ਅਗੰਮ ਅਗੋਚਰ ਦੇ ਗੁਹਜ ਭਾਵ 'ਆਤਮ ਮਾਰਗ' ਰਾਹੀਂ ਆਪ ਪਾਸ ਪੁੱਜ ਰਹੇ ਹਨ। ਮਿਸ਼ਨ ਇਸ ਸਿਲਸਲੇ ਨੂੰ ਨਿਰੰਤਰ ਜਾਰੀ ਰਖਣਾ ਚਾਹੁੰਦਾ ਹੈ ਅਤੇ ਇਸ ਕਾਰਜ ਲਈ ਆਪ ਜੀ ਦੇ ਇਕ ਸਹਿਯੋਗ ਦੀ ਆਸ ਕਰਦਾ ਹੈ। 'ਆਤਮ ਮਾਰਗ' ਦਾ ਮੈਟਰ ਤਾਂ ਸਰਵੋਤਮ ਹੈ ਹੀ, ਪਰ ਨਾਲ ਹੀ ਕਾਗਜ਼, ਪ੍ਰਿੰਟ, ਫੋਟੋ, ਦਿਖ ਸਭ ਪੱਖੋਂ ਸਰਵੋਤਮਤਾ ਹੀ ਸਾਡਾ ਨਿਸ਼ਾਨਾ ਹੈ। ਮਿਸ਼ਨ ਨੇ ਖਰਚੇ ਦਾ ਕਦੀ ਧਿਆਨ ਨਹੀਂ ਕੀਤਾ, ਪ੍ਰਚਾਰ ਹੀ ਸਾਡਾ ਨਿਸ਼ਾਨਾ ਤੇ ਮੰਤਵ ਰਿਹਾ ਹੈ। ਇਹ ਘਾਟਾ ਕਿਤੇ ਵਿਘਨ ਨਾ ਬਣ ਜਾਵੇ, ਇਸ ਆਸ਼ੇ ਨੂੰ ਮੁੱਖ ਰਖਦਿਆਂ ਮਿਸ਼ਨ ਨੇ ਫੈਸਲਾ ਕੀਤਾ ਹੈ ਕਿ ਅਪ੍ਰੈਲ 1998 ਤੋਂ ਆਤਮ ਮਾਰਗ ਦਾ ਮੁੱਲ 15/- ਤੋਂ ਵਧਾ ਕੇ 20/- ਰੁਪਏ ਪ੍ਰਤੀ ਕਾਪੀ ਅਤੇ ਸਾਲ ਦਾ ਚੰਦਾ 200/- ਰੁ: ਪ੍ਰਤੀ ਸਾਲ ਕਰ ਦਿਤਾ ਜਾਵੇ। ਲਾਈਫ ਮੈਂਬਰਸ਼ਿਪ ਲਈ 2000/- ਰੁਪਏ ਭੇਟਾ ਹੋਵੇਗੀ। ਪਿਛਲੇ ਪ੍ਰਾਪਤ ਚੰਦਿਆਂ ਵਿਚ ਵਾਧਾ ਨਹੀਂ ਹੋਵੇਗਾ ਪ੍ਰੰਤੂ ਅਪ੍ਰੈਲ 1998 ਤੋਂ ਹੋਣ ਵਾਲੇ ਰਿਨਿਊਲ ਅਤੇ ਨਵੀਂ ਮੈਂਬਰਸ਼ਿਪ ਦੀ ਦਰ 200/- ਰੁ: ਪ੍ਰਤੀ ਸਾਲ ਹੋਵੇਗੀ। ਆਸ ਹੈ ਆਪ ਜੀ ਖੁਸ਼ੀ-ਖੁਸ਼ੀ ਸਹਿਯੋਗ ਦੇ ਕੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦੇ ਪਾਤਰ ਬਣੋਗੇ। ਅਦਾਰਾ 'ਆਤਮ ਮਾਰਗ' ਆਪ ਜੀ ਦਾ ਦਿਲੋਂ ਰਿਣੀ ਹੈ।

***ਮੁੱਖ ਸੰਪਾਦਕ***

# ਕਿਵ ਸਚਿਆਰਾ ਹੋਈਐ?

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 53)*

ਬਹੁਤ ਸਾਰੇ ਪ੍ਰੇਮੀ ਐਸੇ ਹੁੰਦੇ ਹਨ ਕਿ ਸਮਰੱਥ ਗੁਰੂ ਦੀ ਮਿਹਰ ਦੇ ਨਾਲ ਉਸ ਦੇ ਬਚਨ ਕਮਾ ਕੇ ਅਤੇ ਉਸ ਦੀ ਨਦਰ ਹੋਣ ਤੇ ਕੁਝ ਪ੍ਰਾਪਤੀਆਂ ਕਰ ਲੈਂਦੇ ਹਨ। ਆਪਣੇ ਗੁਰੂ ਬਾਰੇ ਕੋਈ ਜ਼ਿਕਰ ਨਹੀਂ ਕਰਦੇ ਅਤੇ ਐਉਂ ਲਗਦਾ ਹੈ ਕਿ ਇਹ ਆਪਣੇ ਆਪ ਹੀ ਆਪੇ ਪੂਰਨ ਹੋਏ ਹਨ। ਐਸੇ ਪੁਰਸ਼ ਨੂੰ ਜੋ ਆਪਣੇ ਗੁਰੂ ਨੂੰ ਛੁਪਾ ਕੇ ਆਪਣੇ ਗੁਣਾਂ ਦਾ ਪ੍ਰਗਟਾਵਾ ਕਰਕੇ ਵਾਹ-ਵਾਹ ਲਵੇ ਅਤੇ ਇਹ ਦਿਖਾਵਾ ਕਰੇ ਕਿ ਇਹ ਸਭ ਕੁਝ ਮੈਂ ਬਗੈਰ ਕਿਸੇ ਮਿਹਨਤ ਤੋਂ ਆਪਣੇ ਆਪ ਹੀ ਕੀਤਾ ਹੈ, ਅਜਿਹੇ ਪੁਰਸ਼ ਆਪਣੇ ਗੁਰੂ ਦਾ ਨਾਮ ਘੱਟ ਹੀ ਲਿਆ ਕਰਦੇ ਹਨ। ਆਪਣੇ ਗੁਰੂ ਨੂੰ ਪਿੱਠ ਦੇ ਦਿਆ ਕਰਦੇ ਹਨ ਇਥੋਂ ਤਕ ਵੀ ਦੇਖਿਆ ਗਿਆ ਹੈ ਕਿ ਜਦੋਂ ਪ੍ਰਤਾਪ ਬਹੁਤ ਵਧ ਜਾਂਦਾ ਹੈ ਫੇਰ ਆਪਣੇ ਗੁਰੂ ਦਾ ਆਦਰ ਨਹੀਂ ਕਰਿਆ ਕਰਦੇ ਅਤੇ ਉਸ ਨੂੰ ਇਕ ਮਾਮੂਲੀ ਆਦਮੀ ਜਾਣ ਕੇ ਉਸ ਨਾਲ ਵਰਤਾਰੇ ਤੋਂ ਉਦਾਸ ਹੀ ਰਿਹਾ ਕਰਦੇ ਹਨ ਅਤੇ ਭੁੱਲ ਕੇ ਵੀ ਆਪਣੇ ਗੁਰੂ ਦੇ ਗੁਣਾਂ ਦੀ ਸਿਫਤ ਨਹੀਂ ਕਰਿਆ ਕਰਦੇ। ਅਜਿਹੇ ਪ੍ਰੇਮੀਆਂ ਨੂੰ ਗੁਰੂ ਨਿਰਾਦਰ ਦਾ ਦੋਸ਼ ਲੱਗਿਆ ਕਰਦਾ ਹੈ ਜਿਵੇਂ ਕਿ ਇਕ ਸਾਖੀ ਆਉਂਦੀ ਹੈ ਕਿ ਇਕ ਕੋਈ ਪ੍ਰੇਮੀ ਆਪਣੇ ਗੁਣਾਂ ਕਰਕੇ ਗੁਰੂ ਦੇ ਦੱਸੇ ਹੋਏ ਉਪਦੇਸ਼ਾਂ ਨੂੰ ਦ੍ਰਿੜ੍ਹ ਕਰਕੇ ਵਾਹ-ਵਾਹ ਲੈਣ ਲੱਗਿਆ। ਉਸ ਨੇ ਮਨ ਵਿਚ ਕਿਹਾ ਕਿ ਮੇਰਾ ਬੋਲ ਵੀ ਗੁਰੂ ਤੋਂ ਸੋਹਣਾ ਹੈ, ਮੈਂ ਆਪਣੇ ਬੋਲ ਨੂੰ ਰਾਗ ਦੇ ਅਨੁਕੂਲ ਪਲਟ ਸਕਦਾ ਹਾਂ। ਜਦੋਂ ਮੈਂ ਕਥਾ ਕਰਦਾ ਹਾਂ ਤਾਂ ਬਹੁਤ ਸਾਰੀਆਂ ਉਦਾਹਰਣਾਂ ਹੋਰ ਗ੍ਰੰਥਾਂ 'ਚੋਂ ਦੇ ਸਕਦਾ ਹਾਂ ਜਿਸ ਕਰਕੇ ਮੇਰਾ ਬਹੁਤ ਸਤਿਕਾਰ ਹੋ ਰਿਹਾ ਹੈ। ਹੌਲੀ-ਹੌਲੀ ਉਹ ਗੁਰੂ ਦਾ ਆਦਰ ਕਰਨ ਤੋਂ ਹਟ ਗਿਆ। ਇਕ ਦਿਨ ਅਜਿਹਾ ਹੋਇਆ ਕਿ ਕੁਝ ਪਤਵੰਤੇ ਸਭਾ ਵਿਚ ਉਪਸਥਿਤ (ਬੈਠੇ) ਸਨ ਜਦੋਂ ਉਸ ਦੇ ਗੁਰੂ ਨੇ ਸਭਾ ਵਿਚ ਪ੍ਰਵੇਸ਼ ਕੀਤਾ ਤਾਂ ਉਹ ਜਾਣ ਕੇ ਇਧਰ-ਉਧਰ ਦੇਖਣ ਲਗ ਗਿਆ ਅਤੇ ਗੁਰੂ ਆਦਰ ਤੋਂ ਅਵੇਸਲਾ ਹੋ ਕੇ ਇਸ ਤਰ੍ਹਾਂ ਦਿਖਾਇਆ ਕਿ ਮੈਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਿ ਗੁਰੂ ਕਦੋਂ ਆਏ। ਉਸ ਸਮੇਂ ਉਸ ਦੇ ਗੁਰੂ ਨੇ ਸਰਾਪ ਦੇ ਦਿਤਾ ਤੇ ਕਿਹਾ ਕਿ ਤੂੰ ਤਾਂ ਪੂਰੀ ਤਰ੍ਹਾਂ ਰਾਕਸ਼ਸ਼ ਹੈਂ। ਸਾਰੀ ਮਰਿਆਦਾ ਭੰਗ ਕਰਕੇ ਤੂੰ ਰਾਕਸ਼ਸ਼ਾਂ ਵਾਲਾ ਵਤੀਰਾ ਧਾਰਨ ਕੀਤਾ ਹੈ। ਗੁਰੂ ਪ੍ਰਥਾ ਦਾ ਨਿਰਾਦਰ ਕੀਤਾ ਹੈ, ਜਾਹ! ਮੈਂ ਤੈਨੂੰ ਕਹਿੰਦਾ ਹਾਂ ਕਿ ਤੈਨੂੰ ਸਾਰੀ ਵਿਦਿਆ ਭੁੱਲ ਜਾਵੇ ਤੇ ਤੂੰ ਰਾਕਸ਼ਸ਼ ਹੋ ਜਾਵੇਂ। ਉਸ ਨੂੰ ਪਤਾ ਸੀ ਕਿ ਮੇਰੇ ਗੁਰੂ ਸਮਰੱਥ ਹਨ। ਉਹ ਰੂਹਾਨੀ ਤਾਕਤਾਂ ਮੇਰੇ ਵਿਚ ਨਹੀਂ ਹਨ ਜੋ ਮੇਰੇ ਗੁਰੂ ਵਿਚ ਸਹਿਜ ਸੁਭਾਅ ਹੀ ਹਨ। ਇਸ ਸਰਾਪ ਤੋਂ ਡਰ ਗਿਆ ਤੇ ਗੁਰੂ ਦੇ ਚਰਨਾਂ ਤੇ ਡਿੱਗ ਕੇ ਕਹਿਣ ਲੱਗਿਆ, "ਮਹਾਰਾਜ! ਮੈਂ ਮੂਰਖ ਹਾਂ, ਅਭਿਮਾਨ ਵਿਚ ਆ ਕੇ ਤੁਹਾਡਾ ਆਦਰ ਨਾ ਕਰ ਸਕਿਆ। ਕ੍ਰਿਪਾ ਕਰਕੇ ਮੈਨੂੰ ਬਖਸ਼ੋ ਕਿਉਂਕਿ ਤੁਹਾਡੇ ਵਾਕ ਸਤਿ ਹਨ, ਤੁਹਾਡੇ ਵਾਕ ਨੂੰ ਕੋਈ ਵੀ ਟਾਲਣ ਦੀ ਸਮਰਥਾ ਨਹੀਂ ਰਖਦਾ।" ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਆਉਂਦਾ ਹੈ -

***ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ।।***
***ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥***
***ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥***
***ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥***

***ਪੰਨਾ - 1204***

ਗੁਰੂ ਦਾ ਬਚਨ ਅਮੋਘ ਬਾਣ ਸੀ ਜੋ ਕਿਸੇ ਤਰ੍ਹਾਂ ਵੀ ਨਹੀਂ ਟਲਣਾ ਸੀ, ਉਸ ਦੀ ਦੀਨ ਦਸ਼ਾ ਦੇਖ ਕੇ ਗੁਰੂ ਦਾ ਮਨ ਪੰਘਰ ਗਿਆ, ਉਨ੍ਹਾਂ ਨੇ ਕਿਹਾ ਕਿ ਤੂੰ ਰਾਕਸ਼ਸ਼ ਤਾਂ ਜ਼ਰੂਰ ਹੋਵੇਂਗਾ ਪਰ ਤੇਰਾ ਉਧਾਰ ਬਹੁਤ ਵੱਡੇ ਸਮਰੱਥ ਸਤਿਗੁਰੂ ਕਰਨਗੇ। ਉਸ ਨੇ ਕਿਹਾ ਕਿ ਮੈਂ ਕਿਵੇਂ ਉਨ੍ਹਾਂ ਨੂੰ ਪਛਾਣ ਸਕਾਂਗਾ? ਮੈਂ ਰਾਕਸ਼ਸ਼ ਬਣ ਜਾਣਾ ਹੈ, ਰਾਕਸ਼ਸ਼ ਜਿਥੇ ਮਦਰਾ, ਮਾਸ ਖਾਂਦੇ ਹਨ ਉਥੇ ਆਦਮ ਖੋਰ ਵੀ ਹੋਇਆ ਕਰਦੇ ਹਨ। ਮੈਂ ਜਦੋਂ ਆਦਮੀ ਨੂੰ ਮਾਰ ਕੇ ਮਾਸ ਖਾਵਾਂਗਾ ਉਸ ਵੇਲੇ ਮੈਨੂੰ ਹੋਰ ਦੋਸ਼ ਲਗ ਜਾਣਗੇ। ਮਹਾਰਾਜ! ਮੈਂ ਤਾਂ ਭੁੱਲ ਗਿਆ, ਮੈਂ ਉਹ ਅਵੱਗਿਆ ਕਰ ਬੈਠਿਆ ਜਿਸ ਤੋਂ ਵੱਡੀ ਹੋਰ ਕੋਈ ਅਵੱਗਿਆ ਹੈ ਹੀ ਨਹੀਂ ਕਿਉਂਕਿ ਗੁਰੂ ਤੋਂ ਬੇਮੁਖ ਹੋਣਾ ਸਭ ਤੋਂ ਵੱਡੀ ਅਵੱਗਿਆ ਹੈ ਤੇ ਹੋਰ ਕੋਈ ਵੀ ਪਾਪ ਇਸ ਅਵੱਗਿਆ ਦੇ ਬਰਾਬਰ ਨਹੀਂ ਪਹੁੰਚਿਆ ਕਰਦਾ -

***ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ।***
***ਮਦ ਪੀ ਜੂਏ ਖੇਲਦੇ ਜੋਹਨਿ ਪਰ ਨਾਰੇ।***
***ਮੁਹਨਿ ਪਰਾਈ ਲਖਮੀ ਠੱਗ ਚੋਗ ਚਗਾਰੇ।***
***ਵਿਸਾਸ ਧ੍ਰੋਹੀ ਅਕ੍ਰਿਤਘਣ ਪਾਪੀ ਹਤਿਆਰੇ।***
***ਲੱਖ ਕਰੋੜੀ ਜੋੜੀਅਨਿ ਅਨਗਿਣਤ ਅਪਾਰੇ।***
***ਇਕੱਤ ਲੂਇ ਨ ਪੁੱਜਨੀ ਬੇਮੁਖ ਗੁਰਦੁਆਰੇ।***

***ਭਾਈ ਗੁਰਦਾਸ ਜੀ, ਵਾਰ 34/16***

ਅਜਿਹੇ ਪੁਰਸ਼ ਦੀ ਜੇ ਕੋਈ ਸੰਗਤ ਕਰਦਾ ਹੈ ਤਾਂ ਉਸ ਨੂੰ ਵੀ ਬਹੁਤ ਦੋਸ਼ ਲਗਦਾ ਹੈ ਕਿਉਂਕਿ ਉਹ ਗੁਰੂ ਤੋਂ ਬੇਮੁਖ ਹੋਇਆ ਹੋਇਆ ਗੁਰੂ ਦਾ ਫਿਟਕਾਰਿਆ ਹੋਇਆ ਪ੍ਰਾਣੀ ਹੈ। ਜੇ ਕੋਈ ਕਹੇ ਕਿ ਜੀ, ਅਸੀਂ ਤਾਂ ਗੱਲਬਾਤ ਹੀ ਕਰਦੇ ਹਾਂ,

ਉਸ ਦੀ ਕਿਸੇ ਗੱਲ ਦਾ ਅਸਰ ਆਪਣੇ ਉਤੇ ਨਹੀਂ ਲੈਂਦੇ ਇਸ ਦਾ ਉਤਰ ਦਿੰਦੇ ਭਾਈ ਗੁਰਦਾਸ ਜੀ ਆਪਣੀ ਵਾਰ 34 ਪਉੜੀ 15 ਵਿਚ ਫੁਰਮਾਨ ਕਰਦੇ ਹਨ –

*ਵੜੀਐ ਕਾਲਖ ਕੋਠੜੀ ਮੁਹੁ ਕਾਲਖ ਭਰੀਐ।*
*ਕੱਲਰ ਖੇਤੀ ਬੀਜੀਐ ਕਿਹੁ ਕਾਜ ਨ ਸਰੀਐ।*
*ਟੁੱਟੀ ਪੀਂਘੇ ਪੀਂਘੀਐ ਪੈ ਟੋਏ ਮਰੀਐ॥*
*ਕੰਨਾ ਫੜਿ ਮਨਤਾਰੂਆਂ ਕਿਉ ਦੁੱਤਰੁ ਤਰੀਐ।*
*ਅਗਿ ਲਾਇ ਮੰਦਰਿ ਸਵੇ ਤਿਸ ਨਾਲਿ ਨ ਫਰੀਐ।*
*ਤਿਉਂ ਠੱਗ ਸੰਗਤਿ ਬੇਮੁਖਾਂ ਜੀਅ ਜੋਖਹੁ ਡਰੀਐ।*
*ਭਾਈ ਗੁਰਦਾਸ ਜੀ, ਵਾਰ 34/15*

ਇਥੋਂ ਤਕ ਵੀ ਆਉਂਦਾ ਹੈ ਕਿ ਜੇ ਕੋਈ ਬੇਮੁਖ ਪੁਰਸ਼ ਨਾਲ ਮਿਤਰਤਾ ਪਾ ਲਵੇ ਉਸ ਨਾਲ ਵਰਤ ਵਿਹਾਰ ਕਰ ਲਵੇ, ਉਸ ਨੂੰ ਵੀ ਬਹੁਤ ਵੱਡਾ ਦੋਸ਼ ਲੱਗਿਆ ਕਰਦਾ ਹੈ ਕਿਉਂਕਿ ਉਹ ਗੁਰੂ ਦਾ ਸਰਾਪਿਆ ਹੋਇਆ ਹੈ। ਗੁਰੂ ਮਹਾਰਾਜ ਤਾਂ ਇਥੋਂ ਤਕ ਵੀ ਫੁਰਮਾਨ ਕਰਦੇ ਹਨ ਕਿ ਜੇ ਕਿਸੇ ਪ੍ਰੇਮੀ ਨੂੰ ਕ੍ਰੋਧ ਆਉਂਦਾ ਹੈ ਤਾਂ ਕ੍ਰੋਧ ਉਸ ਦੇ ਸਰੀਰ ਦੇ 2 ਖਰਬ, 15 ਅਰਬ ਸੈਲਾਂ ਨੂੰ ਪਰਦੂਸ਼ਿਤ ਕਰ ਦਿੰਦਾ ਹੈ ਅਤੇ ਉਸ ਦੇ ਕਣ-ਕਣ ਵਿਚੋਂ ਕ੍ਰੋਧ ਦੀਆਂ ਗੁਪਤ ਲਾਟਾਂ ਨਿਕਲਦੀਆਂ ਹਨ। ਜੇਕਰ ਉਸ ਨੂੰ ਕੋਈ ਛੋਹ ਲਵੇ ਉਸ ਦੇ ਅੰਦਰ ਵੀ ਉਸ ਦਾ ਅਸਰ ਹੋ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਜਾਤ-ਪਾਤ ਦੇ ਆਧਾਰ ਤੇ ਕੋਈ ਭਿੱਟ ਨਹੀਂ ਮੰਨੀ ਪਰ ਕ੍ਰੋਧੀ ਦੀ ਭਿੱਟ ਮੰਨਦੇ ਹਨ ਕਿਉਂਕਿ ਉਸਦਾ ਸਾਰਾ ਖੂਨ ਦੂਸ਼ਿਤ ਹੋ ਜਾਇਆ ਕਰਦਾ ਹੈ। ਉਸ ਦੇ ਅੰਦਰੋਂ ਐਸੀਆਂ waves (ਲਹਿਰਾਂ) ਨਿਕਲਦੀਆਂ ਹਨ ਜਿਸ ਦਾ ਅਸਰ ਜੋ ਉਸ ਨਾਲ ਹੱਥ ਮਿਲਾਉਂਦਾ ਹੈ, ਜੱਫੀ ਪਾਉਂਦਾ ਹੈ ਉਸ ਦੇ ਅੰਦਰ ਸਹਿਜੇ ਹੀ ਪ੍ਰਵੇਸ਼ ਕਰ ਜਾਇਆ ਕਰਦੀਆਂ ਹਨ। ਜੇ ਕੋਈ ਪ੍ਰਾਣੀ ਨਾਮ ਜਪਦਾ ਹੈ, ਲਿਵ ਲੱਗੀ ਹੁੰਦੀ ਹੈ ਤਾਂ ਉਸ ਨੂੰ ਫੌਰਨ ਪਤਾ ਲਗ ਜਾਂਦਾ ਹੈ ਕਿ ਇਹ ਝਟਕਾ ਕਿਉਂ ਲੱਗਿਆ, ਲਿਵ ਕਿਉਂ ਟੁੱਟੀ? ਮੈਂ ਤਾਂ ਐਸੀ ਕੋਈ ਗੱਲ ਨਹੀਂ ਕਰੀ ਜਿਸ ਨਾਲ ਮੇਰਾ ਰਸ ਟੁੱਟ ਗਿਆ। ਪਰ ਉਸ ਨੂੰ ਨਹੀਂ ਪਤਾ ਕਿ ਕ੍ਰੋਧੀ ਦੇ ਅੰਸ ਉਸ ਦੇ ਸਰੀਰ ਵਿਚ ਚਲੇ ਗਏ। ਇਸ ਕਰਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥*
*ਪੰਨਾ - 40*

ਭਾਵੇਂ ਕ੍ਰੋਧੀ ਹੋਵੇ, ਲੋਭੀ ਹੋਵੇ, ਹੰਕਾਰੀ ਹੋਵੇ ਅਸਰ ਸਾਰਿਆਂ ਦਾ ਮਾੜਾ ਪੈਂਦਾ ਹੈ। ਇਸੇ ਕਰਕੇ ਰਹਿਤਨਾਮੇ ਵਿਚ ਫੁਰਮਾਨ ਆਉਂਦਾ ਹੈ ਕਿ ਜਿਸ ਦੇ ਬਾਰੇ ਤੁਸੀਂ ਜਾਣਦੇ ਨਹੀਂ ਕਿ ਉਸ ਦੀ ਕਿਰਤ ਕਿਹੋ ਜਿਹੀ ਹੈ, ਕਿਹੋ ਜਿਹੇ ਖਿਆਲ ਹਨ, ਜੇ ਅਣਜਾਣੇ ਉਸ ਦੇ ਹੱਥੋਂ ਕੁਝ ਲੈ ਕੇ ਛਕ ਲਵੋਂਗੇ ਤਾਂ ਤੁਹਾਡੀ ਲਿਵ ਨੂੰ ਧੱਕਾ ਲੱਗੇਗਾ, ਕਈ ਦਿਨ ਲਿਵ ਨਹੀਂ ਲੱਗਣੀ। ਜੇ ਪ੍ਰਭੂ ਦਾ ਪਿਆਰ ਅੰਦਰ ਠਾਠਾਂ ਮਾਰਦਾ ਹੈ ਉਹ ਵੀ ਧੀਮਾ ਪੈ ਜਾਵੇਗਾ। ਰਹਿਤਨਾਮੇ ਵਿਚ ਐਸਾ ਫੁਰਮਾਨ ਆਉਂਦਾ ਹੈ –

*ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਰੀਤ।*
*ਤਿਸ ਦੇ ਹਥਹੁੰ ਖਾਧੀਐ ਵਿਸਰੇ ਹਰਿ ਕੀ ਪ੍ਰੀਤ।*
*(ਰਹਿਤਨਾਮਾ)*

*ਭੇਡੈ ਪੂਛਲਿ ਲੱਗਿਆਂ ਕਿਉਂ ਪਾਰ ਲੰਘੀਐ।*
*ਭੂਤੈ ਕੇਰੀ ਦੋਸਤੀ ਨਿਤ ਸਹਸਾ ਜੀਐ।*
*ਨਦੀ ਕਿਨਾਰੈ ਰੁੱਖੜਾ ਵੇਸਾਹੁ ਨ ਕੀਐ।*
*ਮਿਰਤਕ ਨਾਲਿ ਵਿਵਾਹੀਐ ਸੋਹਾਗੁ ਨ ਥੀਐ।*
*ਵਿਸੁ ਹਲਾਹਲ ਬੀਜਿ ਕੈ ਕਿਉਂ ਅਮਿਓ ਲੀਐ।*
*ਬੇਮੁਖ ਸੇਤੀ ਪਿਰਹੜੀ ਜਮ ਡੰਡ ਸਹੀਐ।*
*ਭਾਈ ਗੁਰਦਾਸ ਜੀ ਵਾਰ, 34/7*

ਸੋ ਗੁਰੂ ਤੋਂ ਜੇ ਬੇਮੁੱਖ ਹੋ ਜਾਂਦਾ ਹੈ ਉਸ ਦੇ ਬਾਰੇ ਫੁਰਮਾਨ ਹੈ –

*ਧਾਰਨਾ - ਗੁਰਾਂ ਤੋਂ ਬੇਮੁਖ ਹੋ ਗਿਆ,*
*ਹੁਣ ਕਿਵੇਂ ਪਾਰ ਲੰਘੇਗਾ -2*
*ਕਿਵੇਂ ਪਾਰ ਲੰਘੇਗਾ - 4, 2.*
*ਗੁਰਾਂ ਤੋਂ ਬੇਮੁਖ ਹੋ ਗਿਆ,............2*
*ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥*
*ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ॥*
*ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥*
*ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥*
*ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥*
*ਪੰਨਾ - 920*

ਸੋ ਸਾਧਸੰਗਤ ਜੀ! ਗੁਰੂ ਤੋਂ ਬੇਮੁਖ ਹੋ ਜਾਣਾ ਭਾਰੀ ਅਪਰਾਧ ਹੈ, ਸਿਆਣਿਆ ਨੇ ਛੇ ਹਤਿਆਵਾਂ ਗਿਣੀਆਂ ਹਨ। ਕਰਮ ਧਰਮ ਵਾਲੇ ਪੁਰਸ਼, ਬ੍ਰਹਮ ਦੇ ਜਾਣੂੰ, ਬ੍ਰਹਮ ਦੀ ਵਿਚਾਰ ਕਰਨ ਵਾਲੇ ਨੂੰ ਮਾਰ ਦੇਣਾ; ਗਊ ਦੇ ਸੁਭਾਅ ਵਾਲੇ ਪੁਰਸ਼ ਨੂੰ ਜੋ ਸਭ ਦਾ ਭਲਾ ਮੰਗਦਾ ਹੋਵੇ ਉਸ ਨੂੰ ਮਾਰ ਦੇਣਾ; ਆਪਣੀ ਲੜਕੀ ਨੂੰ ਮਾਰ ਦੇਣਾ; ਵਿਸ਼ਵਾਸ਼ ਦੇ ਕੇ ਵਿਸ਼ਵਾਸ਼ ਘਾਤ ਕਰਕੇ ਕਿਸੇ ਪ੍ਰੇਮੀ ਨੂੰ ਮਾਰ ਦੇਣਾ; ਕਿਸੇ ਤੋਂ ਪੈਸਾ ਲੈ ਕੇ ਮੁਕਰ ਜਾਣਾ, ਇਸ ਨੂੰ ਰਿਣ ਹੱਤਿਆ ਆਖਿਆ ਜਾਂਦਾ ਹੈ; ਅਕ੍ਰਿਤਘਣ ਹੋ ਜਾਣਾ। ਇਹ ਛੇ ਵੱਡੀਆਂ ਹੱਤਿਆ ਹੋਇਆ ਕਰਦੀਆਂ ਹਨ ਅਤੇ ਇਸ ਪੁਰਸ਼ ਨੂੰ ਹਤਿਆਰਾ ਕਿਹਾ ਜਾਂਦਾ ਹੈ। ਇਕ ਹੱਤਿਆ ਸਾਧਾਰਨ 96 ਕਰੋੜ ਪਾਪ ਦੇ ਬਰਾਬਰ ਪਾਪ ਫਲ ਦਿੰਦੀ ਹੈ। ਛੇ ਹਤਿਆਵਾਂ ਦਾ ਫਲ 5 ਅਰਬ, 76 ਕਰੋੜ ਪਾਪਾਂ ਦੇ ਬਰਾਬਰ ਹੁੰਦਾ ਹੈ। ਜੇ ਪਿਤਾ ਨੂੰ ਕੋਈ ਮਾਰ ਦਿੰਦਾ ਹੈ ਤਾਂ ਸੌ ਹੱਤਿਆ ਦੇ ਬਰਾਬਰ ਹੋਇਆ ਕਰਦਾ ਹੈ। ਮਾਤਾ ਨੂੰ ਮਾਰਨਾ ਇਕ ਹਜ਼ਾਰ ਹਤਿਆਵਾਂ ਦੇ ਬਰਾਬਰ ਹੋਇਆ ਕਰਦਾ ਹੈ। ਐਸਾ ਅਨੁਭਵੀ ਮਹਾਂਪੁਰਸ਼ਾਂ ਦਾ ਮਤ ਹੈ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਵੱਡੇ-ਵੱਡੇ ਪਾਪ ਕਰਨ ਵਾਲੇ ਕ੍ਰੋੜਾਂ ਵੀ ਜੋੜ ਲਏ ਜਾਣ ਤਾਂ ਵੀ ਇਕੱਤ ਲੂਇ ਦੇ ਪਾਪ ਦੇ ਬਰਾਬਰ ਨਹੀਂ ਪਹੁੰਚਿਆ ਕਰਦਾ।

ਸੋ ਇਸੇ ਤਰ੍ਹਾਂ ਨਾਲ ਉਹ ਵਿਦਵਾਨ ਪੁਰਸ਼ ਆਪਣੇ ਗੁਰੂ ਦਾ ਆਦਰ ਨਾ ਕਰਕੇ ਰਾਕਸ਼ਸ਼ ਬਣ ਗਿਆ, ਜਿਸ ਦਾ ਨਾਮ ਇਤਿਹਾਸ ਵਿਚ ਕੌਡਾ ਰਾਕਸ਼ਸ਼ ਲਿਖਿਆ ਹੋਇਆ ਹੈ। ਜਦੋਂ ਉਹ ਮਰਦਾਨੇ ਨੂੰ ਚੁੱਕ ਕੇ ਲੈ ਗਿਆ ਅਤੇ ਉਸ ਨੂੰ ਉਬਲਦੇ ਤੇਲ ਦੇ ਕੜਾਹੇ ਵਿਚ ਤਲਣ ਲੱਗਿਆ ਤਾਂ ਗੁਰੂ ਨਾਨਕ ਸਾਹਿਬ ਨੇ ਪਹੁੰਚ ਕੇ ਉਸ ਦੀ ਰਕਸ਼ਾ ਕੀਤੀ ਤੇ ਤੇਲ ਦਾ ਕੜਾਹਾ ਬਰਫ ਵਾਂਗੂੰ ਠੰਢਾ ਹੋ ਗਿਆ। ਉਹ ਹੈਰਾਨ ਹੋ ਗਿਆ, ਉਸ ਨੇ ਦੇਖਿਆ ਕਿ ਦੋ ਪੁਰਸ਼ ਸਾਮ੍ਹਣੇ ਖੜ੍ਹੇ ਹਨ

ਉਨ੍ਹਾਂ ਦੀ ਇਕ ਦ੍ਰਿਸ਼ਟੀ ਪੈਣ ਤੇ ਉਬਲਦਾ ਕੜਾਹਾ ਬਰਫ ਵਾਂਗੂੰ ਸੀਤਲ ਹੋ ਗਿਆ ਅਤੇ ਉਹ ਭੱਜਿਆ-ਭੱਜਿਆ ਅੰਦਰ ਗਿਆ ਅਤੇ ਸ਼ੀਸ਼ਾ ਲੈ ਕੇ ਆਇਆ ਅਤੇ ਉਸ ਵਿਚੋਂ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਤੀਬਿੰਬ ਦੇਖਿਆ ਅਤੇ ਆ ਕੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਸੀਸ ਧਰ ਦਿਤਾ। ਸੀਸ ਧਰਨ ਦੀ ਦੇਰ ਸੀ ਕਿ ਉਸ ਦੇ ਅੰਦਰੋਂ ਸਾਰੀਆਂ ਬੁਰਿਆਈਆਂ, ਪੁੱਠੀਆਂ ਮੱਤਾਂ ਦੂਰ ਹੋ ਗਈਆਂ ਅਤੇ ਉਸ ਨੇ ਸਮਝ ਲਿਆ ਕਿ ਮੇਰੇ ਮਹਾਨ ਗੁਨਾਹ ਨੂੰ ਬਖਸ਼ਣ ਵਾਲਾ ਅੱਜ ਮੇਰੇ ਸਾਮ੍ਹਣੇ ਦ੍ਰਿਸ਼ਟਮਾਨ ਹੋ ਗਿਆ ਹੈ। ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਲੰਮਾ ਪੈ ਕੇ ਬੇਨਤੀ ਕਰਦਾ ਹੈ ਕਿ ਹੇ ਪਾਤਸ਼ਾਹ! ਮੈਨੂੰ ਰੱਖ ਲਓ, ਮੈਂ ਬਹੁਤ ਵੱਡਾ ਗੁਨਾਹਗਾਰ ਹਾਂ। ਗੁਰੂ ਨਾਨਕ ਪਾਤਸ਼ਾਹ ਨੇ ਸੁਮੱਤ ਦਿਤੀ ਤੇ ਨਾਮ ਧਨ ਦੇ ਕੇ ਉਸ ਨੂੰ ਸਾਰੇ ਪਾਪਾਂ ਤੋਂ ਬਰੀ ਕਰ ਦਿਤਾ ਅਤੇ ਉਸ ਦੀਆਂ ਸਾਰੀਆਂ ਬੁਰਿਆਈਆਂ ਸਿਰ ਤੇ ਹੱਥ ਰੱਖ ਕੇ ਖਤਮ ਕਰ ਦਿਤੀਆਂ ਅਤੇ ਉਸ ਦੇ ਰੋਮ-ਰੋਮ ਵਿਚ ਵਾਹਿਗੁਰੂ ਨਾਮ ਦੀ ਧੁਨ ਝਰਨਾਟਾਂ ਦੇਣ ਲੱਗੀ। ਪੜ੍ਹੋ -

*ਧਾਰਨਾ - ਵਿਚੋਂ ਮਾਰ ਕੱਢੀਆਂ ਬੁਰਿਆਈਆਂ,*
*ਗੁਰਾਂ ਨੇ ਸਿਰ ਤੇ ਹਥ ਰੱਖ ਕੇ।*

*ਸਤਿਗੁਰੁ ਵਡਾ ਕਰਿ ਸਾਲਾਹੀਐ*
*ਜਿਸੁ ਵਿਚਿ ਵਡੀਆ ਵਡਿਆਈਆ॥*
*ਸਹਿ ਮੇਲੇ ਤਾ ਨਦਰੀ ਆਈਆ॥*
*ਜਾ ਤਿਸੁ ਭਾਣਾ ਤਾ ਮਨਿ ਵਸਾਈਆ॥*
*ਕਰਿ ਹੁਕਮੁ ਮਸਤਕਿ ਹਥੁ ਧਰਿ*
*ਵਿਚਹੁ ਮਾਰਿ ਕਢੀਆ ਬੁਰਿਆਈਆ॥ ਪੰਨਾ - 473*

ਜਦੋਂ ਉਹ ਗੁਰਸਿੱਖੀ ਧਾਰਨ ਕਰ ਗਿਆ ਤਾਂ ਭਾਈ ਮਰਦਾਨਾ ਜੀ ਨੇ ਪੁਛਿਆ ਕਿ ਮਹਾਰਾਜ! ਇਹ ਸ਼ੀਸ਼ਾ ਕਿਉਂ ਕੱਢ ਕੇ ਲਿਆਇਆ ਸੀ? ਇਸ ਨੇ ਸ਼ੀਸ਼ੇ ਵਿਚੋਂ ਦੇਖ ਕੇ ਆਪ ਨੂੰ ਕਿਉਂ ਨਮਸ਼ਕਾਰ ਕੀਤੀ? ਮਹਾਰਾਜ ਜੀ ਨੇ ਕਿਹਾ, "ਭਾਈ ਮਰਦਾਨਾ ਜੀ! ਤੁਸੀਂ ਇਸ ਬਾਰੇ ਕੌਡੇ ਰਾਕਸ਼ ਨੂੰ ਹੀ ਪੁਛ ਲਓ।" ਹੁਣ ਕੌਡਾ ਰਾਕਸ਼ਸ਼ ਨਹੀਂ ਸੀ ਰਿਹਾ। ਉਸ ਦਾ ਰੋਮ-ਰੋਮ ਬਦਲ ਚੁਕਿਆ ਸੀ ਉਸ ਦੇ ਸਾਰੇ ਸੰਸਕਾਰ ਐਉਂ ਸੁਥਰੇ ਹੋ ਗਏ ਸਨ ਜਿਵੇਂ ਕੋਈ ਮੈਲੇ ਪਾਣੀ ਦਾ ਤਸਲਾ ਪਲਟ ਕੇ ਸੁਥਰੇ ਜਲ ਨਾਲ ਭਰ ਦਿੰਦਾ ਹੈ। ਭਾਈ ਕੌਡਾ ਜੀ ਨੇ ਦਸਿਆ ਕਿ ਮਹਾਰਾਜ! ਮੈਂ ਇਕ ਬਹੁਤ ਵੱਡੀ ਭੁੱਲ ਕਰ ਚੁਕਿਆ ਹਾਂ ਜਿਵੇਂ ਕਿ ਭਾਈ ਮਰਦਾਨਾ ਜੀ ਨੇ ਵੀ ਕੀਤੀ ਹੈ। ਆਪ ਦਾ ਸਾਥ ਛੱਡ ਕੇ ਸਮਰੱਥ ਗੁਰੂ ਵਲ ਪਿੱਠ ਕਰਕੇ ਵਾਪਸ ਆਪਣੇ ਘਰ ਜਾ ਰਿਹਾ ਸੀ। ਮੈਂ ਜਦੋਂ ਵੀ ਕੋਈ ਆਦਮੀ ਖਾਧਾ ਹੈ ਤਾਂ ਮੈਂ ਉਸ ਨੂੰ ਇਸ ਸ਼ੀਸ਼ੇ ਵਿਚ ਹੀ ਦੇਖਦਾ ਸੀ ਤਾਂ ਉਹ ਮੈਨੂੰ ਪਸ਼ੂ ਹੀ ਦਿਸਦਾ ਸੀ। ਮੈਂ ਮਨੁੱਖ ਕੋਈ ਨਹੀਂ ਖਾਧਾ। ਸੋ ਮਰਦਾਨਾ ਵੀ ਮੈਨੂੰ ਗੁਰੂ ਤੋਂ ਬੇਮੁੱਖ ਹੋ ਕੇ ਹੋਰ ਤਰ੍ਹਾਂ ਹੀ ਭਾਸਿਆ। ਸੱਚੇ ਪਾਤਸ਼ਾਹ! ਮੈਂ ਬਹੁਤ ਵੱਡਾ ਵਿਦਵਾਨ ਪੁਰਸ਼ ਸੀ, ਮੈਂ ਬਹੁਤ ਵੱਡੀ ਅਵੱਗਿਆ ਕੀਤੀ। ਮੈਂ ਆਪਣੇ ਗੁਰੂ ਦਾ ਨਿਰਾਦਰ ਕੀਤਾ ਉਨ੍ਹਾਂ ਨੇ ਮੈਨੂੰ ਸਰਾਪ ਦੇ ਦਿਤਾ। ਜਦੋਂ ਮੇਰੇ ਰੋਣ ਕੁਰਲਾਉਣ ਤੇ ਉਨ੍ਹਾਂ ਨੂੰ ਦਇਆ ਆਈ ਤਾਂ ਉਨ੍ਹਾਂ ਨੇ ਕਿਹਾ ਕਿ ਤੈਨੂੰ ਅਸੀਂ ਇਕ ਸ਼ੀਸ਼ਾ ਦਿੰਦੇ ਹਾਂ ਇਸ ਵਿਚ ਤੂੰ ਦੇਖ ਲਿਆ ਕਰੀਂ, ਇਹ ਦੱਸ ਦੇਵੇਗਾ ਕਿ ਇਹ ਪਸ਼ੂਆਂ ਤੋਂ ਵੀ ਘਟੀਆ ਬੰਦਾ ਹੈ।

*ਧਾਰਨਾ - ਮਾਨਸ ਤੇਰੀ ਜਾਤ ਹੈ,*
*ਪਸ਼ੂਆਂ ਦੇ ਕੰਮ ਕਰਦੈਂ - 2, 2.*

*ਕਰਤੂਤਿ ਪਸੂ ਕੀ ਮਾਨਸ ਜਾਤਿ॥*
*ਲੋਕ ਪਚਾਰਾ ਕਰੈ ਦਿਨੁ ਰਾਤਿ॥*
*ਬਾਹਰਿ ਭੇਖ ਅੰਤਰਿ ਮਲੁ ਮਾਇਆ॥*
*ਛਪਸਿ ਨਾਹਿ ਕਛੁ ਕਰੈ ਛਪਾਇਆ॥*
*ਬਾਹਰਿ ਗਿਆਨ ਧਿਆਨ ਇਸਨਾਨ॥*
*ਅੰਤਰਿ ਬਿਆਪੈ ਲੋਭੁ ਸੁਆਨੁ॥*
*ਅੰਤਰਿ ਅਗਨਿ ਬਾਹਰਿ ਤਨੁ ਸੁਆਹ॥*
*ਗਲਿ ਪਾਥਰ ਕੈਸੇ ਤਰੈ ਅਥਾਹ॥*
*ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥*
*ਨਾਨਕ ਤੇ ਜਨ ਸਹਿਜ ਸਮਾਤਿ॥ ਪੰਨਾ - 267*

*ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ॥*
*ਸਭੋ ਵਰਤੈ ਸਚੁ ਸਚੈ ਸਬਦਿ ਨਿਹਾਲਿਆ॥*
*ਪੰਨਾ - 1284*

ਸੋ ਮੈਂ ਮਹਾਰਾਜ! ਮੈਂ ਇਸ ਸ਼ੀਸ਼ੇ ਵਿਚੋਂ ਦੇਖ ਕੇ ਖਾਂਦਾ ਸੀ। ਜਦੋਂ ਮੈਂ ਆਪ ਦੇ ਸ਼ੀਸ਼ੇ ਵਿਚ ਦਰਸ਼ਨ ਕੀਤੇ ਤਾਂ ਮੇਰੇ ਗੁਰੂ ਨੇ ਕਿਹਾ ਸੀ ਕਿ ਜਦੋਂ ਤੇਰੇ ਬਖਸ਼ਣ ਵਾਲਾ ਆਵੇਗਾ, ਤੈਨੂੰ ਸ਼ੀਸ਼ੇ ਵਿਚ ਨਿਰਾ ਨੂਰ ਹੀ ਨਜ਼ਰ ਆਵੇਗਾ। ਸੋ ਪਾਤਸ਼ਾਹ! ਜਦੋਂ ਮੈਂ ਦਰਸ਼ਨ ਕੀਤੇ ਤਾਂ ਮੈਂ ਆਪ ਦੇ ਜਲਾਲ ਦੀ ਤਾਬ ਨਾ ਲਿਆ ਸਕਿਆ। ਆਪ ਦੇ ਪ੍ਰਕਾਸ਼ ਨੂੰ ਕੋਈ ਵੀ ਸੰਸਾਰ ਵਿਚ ਝੱਲਣ ਵਾਲਾ ਨਹੀਂ ਹੈ। ਗੁਰੂ ਮਹਾਰਾਜ ਜੀ ਨੇ ਉਸ ਦੀ ਅਧੀਨਗੀ ਦੇਖ ਕੇ ਉਸ ਨੂੰ ਭਾਈ ਮਰਦਾਨਾ ਜੀ ਤੋਂ ਨਾਮ ਦੀ ਦਾਤ ਦਿਵਾਈ। ਜੋ ਰਸ ਨਾਮ ਪ੍ਰਾਪਤੀ ਤੋਂ ਬਾਦ ਪ੍ਰਾਪਤ ਹੋਇਆ, ਉਸ ਨੂੰ ਸੰਸਾਰ ਵਿਚ ਵੰਡਣ ਦਾ ਆਦੇਸ਼ ਦਿਤਾ। ਉਹ ਆਪਣੀ ਪੀਰ ਕੌਮ ਦਾ ਗੁਰੂ ਕਹਾਇਆ। ਉਸ ਦਾ ਅਸਥਾਨ ਕਿਥੇ ਹੈ ਇਹ ਗੱਲ ਕੋਈ ਨਿਰਣੇਪੂਰਵਕ ਨਹੀਂ ਕਹੀ ਜਾ ਸਕਦੀ। ਕਈ ਆਸਾਮ ਵਿਚ ਦਸਦੇ ਹਨ ਪਰ ਜਬਲਪੁਰ ਉਸ ਦਾ ਅਸਥਾਨ ਬਣਾ ਕੇ ਗੁਰਦੁਆਰਾ ਕੌਡਾ ਉਸ ਦਾ ਨਾਮ ਰੱਖਿਆ ਹੋਇਆ ਹੈ।

ਜੋ ਪ੍ਰੇਮੀ ਆਪਣੇ ਗੁਰੂ ਦੇ ਗੁਣ ਨਹੀਂ ਗਾਉਂਦਾ, ਉਹ ਕਦੇ ਵੀ ਆਤਮ ਮਾਰਗ ਤੇ ਨਹੀਂ ਚਲ ਸਕਦਾ। ਸੋ ਇਹ ਸਮੱਗਰੀ ਬਹੁਤ ਹੀ ਜ਼ਰੂਰੀ ਹੈ। ਆਪਣੇ ਗੁਰੂ ਨੂੰ ਪ੍ਰਮੇਸ਼ਰ ਤੋਂ ਘੱਟ ਨਾ ਜਾਣੇ। ਗੁਰੂ ਬਾਰੇ ਚਾਰ ਨਿਸ਼ਚੇ ਹੋਇਆ ਕਰਦੇ ਹਨ - 1. ਮੇਰਾ ਗੁਰੂ ਚੰਗਾ ਸੰਤ ਹੈ 2. ਮੇਰਾ ਗੁਰੂ ਸਭ ਸੰਤਾਂ ਤੋਂ ਵੱਡਾ ਸੰਤ ਹੈ। 3. ਮੇਰਾ ਗੁਰੂ ਪ੍ਰਭੂ ਵਰਗਾ ਹੈ 4. ਮੇਰਾ ਗੁਰੂ ਤਾਂ ਆਪ ਸ਼ਾਖਸ਼ਾਤ ਪਾਰਬ੍ਰਹਮ ਪ੍ਰਮੇਸ਼ਰ ਹੈ।

ਜਿਸ ਦੀ ਪ੍ਰੋੜ੍ਹਤਾ ਵਿਚ ਇਸ ਤਰ੍ਹਾਂ ਕਿਹਾ ਗਿਆ ਹੈ -

*ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨਾ ਭਾਈ।*
*ਨਾਨਕ ਭੇਦ ਨਾ ਭਾਈ - 2.*
*ਗੁਰ ਗੋਬਿੰਦ ਗੋਬਿੰਦ ਗੁਰੂ ਹੈ - 2.*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*
*ਪੰਨਾ - 442*

ਸੋ ਗੁਰੂ ਉਪਰ ਪੂਰਨ ਵਿਸ਼ਵਾਸ਼ ਕੀਤਿਆਂ ਹੀ ਗੁਰਮੰਤਰ ਉਪਰ ਵਿਸ਼ਵਾਸ਼ ਆਉਂਦਾ ਹੈ। ਜੇ ਗੁਰੂ ਉਪਰ ਵਿਸ਼ਵਾਸ਼ ਹੀ ਨਹੀਂ ਹੈ ਤਾਂ ਉਹ ਕਿਹੋ ਜਿਹਾ ਵੀ ਮੰਤਰ ਕਿਉਂ ਨਾ ਦੇਵੇ ਉਹ ਫਲੀਭੂਤ ਨਹੀਂ ਹੋਇਆ ਕਰਦਾ। ਵਿਸ਼ਵਾਸ਼, ਸ਼ਰਧਾ, faith, ਯਕੀਨ ਇਕੋ ਚੀਜ਼ ਦੇ ਵੱਖਰੇ-ਵੱਖਰੇ ਨਾਮ ਹਨ। ਇਕ ਥਾਂ ਐਸਾ ਜ਼ਿਕਰ ਆਉਂਦਾ ਹੈ, ਮਹਾਂਪੁਰਸ਼ ਦਸਿਆ ਕਰਦੇ ਹਨ ਕਿ ਇਕ ਕੋਈ ਸਿੱਧਾ ਸਾਧਾ ਪ੍ਰੇਮੀ ਸਤਿਸੰਗ ਸੁਣ ਕੇ ਬੈਰਾਗੀ ਹੋ ਗਿਆ, ਬੈਰਾਗਵਾਨ ਹੋਇਆ ਇਕ ਮਹਾਤਮਾ ਦੀ ਚਰਨ ਸ਼ਰਨ ਪਹੁੰਚਿਆ। ਉਥੇ ਹੋਰ ਵੀ ਪ੍ਰੇਮੀ ਸੇਵਾ ਕਰਿਆ ਕਰਦੇ ਸਨ। ਉਹ ਲੰਗਰ ਦੀ ਸੇਵਾ ਵੀ ਕਰਿਆ ਕਰਦੇ ਸਨ, ਆਪਣੇ ਹੀ ਪਸ਼ੂਆਂ ਦਾ ਦੁੱਧ ਲੰਗਰ ਵਿਚ ਵਰਤਿਆ ਕਰਦੇ ਸਨ। ਮੰਗਣ ਤੋਂ ਸੰਕੋਚ ਕਰਿਆ ਕਰਦੇ ਸਨ। ਮਿਹਨਤ ਕਰਕੇ ਲੰਗਰ ਚਲਾਉਂਦੇ ਸਨ। ਘਾਲ ਕਮਾਈ ਵਿਚ ਪੂਰੇ ਸਨ, ਇਨ੍ਹਾਂ ਪਾਸ ਇਸ ਪ੍ਰੇਮੀ ਨੇ ਜਾ ਕੇ ਕਿਹਾ ਕਿ ਮਹਾਰਾਜ! ਮੈਂ ਭਵਸਾਗਰ ਤੋਂ ਪਾਰ ਹੋਣਾ ਹੈ, ਮੈਨੂੰ ਕੋਈ ਜੁਗਤ ਦੱਸੋ। ਮਹਾਂਪੁਰਸ਼ਾਂ ਨੇ ਦੇਖਿਆ ਕਿ ਸਿੱਧਾ ਸਾਧਾ ਪ੍ਰੇਮੀ ਹੈ, ਪਹਿਲਾਂ ਆਪ ਨੇ ਕਿਹਾ ਕਿ ਪ੍ਰੇਮੀਆ! ਸੇਵਾ ਕਰਿਆ ਕਰ, ਪਸ਼ੂਆਂ ਨੂੰ ਸੰਭਾਲਿਆ ਕਰ, ਪਸ਼ੂਆਂ ਦਾ ਬਹੁਤ ਧਿਆਨ ਰੱਖਣਾ ਹੈ, ਸਾਫ-ਸੁਥਰੇ ਥਾਂ ਰੱਖਣੇ ਹਨ ਨਾਲ ਦੀ ਨਾਲ ਗੋਹਾ ਪਿਛੇ ਹਟਾ ਦਿਆ ਕਰ ਤੇ ਚੁੱਕ ਕੇ ਰੂੜੀ ਉਪਰ ਸੁੱਟ ਦਿਆ ਕਰ। ਪਸ਼ੂ ਗੋਹੇ ਉਪਰ ਨਾ ਬੈਠਣ, ਸਾਫ ਸੁਥਰੇ ਰੱਖੀਂ ਫੇਰ ਦੁੱਧ ਵੀ ਸੁਥਰਾ ਹੀ ਮਿਲੇਗਾ। ਜੇ ਪਸ਼ੂਆਂ ਦੇ ਗੋਹਾ ਲੱਗਿਆ ਹੋਵੇ ਤਾਂ ਦੁੱਧ ਚੋਣ ਵੇਲੇ ਪਸ਼ੂ ਪੂੰਛ ਘੁੰਮਾਉਂਦੇ ਹਨ ਤਾਂ ਪੂੰਛ ਨਾਲ ਲੱਗਿਆ ਗੋਹਾ ਦੁੱਧ ਵਿਚ ਪੈ ਜਾਂਦਾ ਹੈ। ਇਸ ਤਰ੍ਹਾਂ ਪ੍ਰਭੂ ਦੇ ਭੋਗ ਲਵਾਉਣ ਲਈ ਅਨੁਕੂਲ ਨਹੀਂ ਰਹਿੰਦਾ। ਸੋ ਉਹ ਪ੍ਰੇਮੀ ਸਾਵਧਾਨ ਹੋ ਕੇ ਸੇਵਾ ਕਰਦਾ ਰਿਹਾ। ਅੱਠ ਸਾਲ ਬੀਤ ਗਏ, ਉਸ ਨੂੰ ਕਿਸੇ ਨੇ ਪੁਛਿਆ ਕਿ ਤੈਨੂੰ ਮਹਾਂਪੁਰਸ਼ਾਂ ਨੇ ਕੋਈ ਮੰਤਰ ਦਿਤਾ ਹੈ? ਉਸ ਨੇ ਕਿਹਾ ਮੈਨੂੰ ਤਾਂ ਸੇਵਾ ਤੇ ਲਾਇਆ ਹੈ। ਉਸ ਪ੍ਰੇਮੀ ਨੇ ਕਿਹਾ ਕਿ ਪ੍ਰਭੂ ਨੂੰ ਮਿਲਣ ਵਾਸਤੇ ਗੁਰੂ ਤੋਂ ਮੰਤਰ ਲੈਣਾ ਬਹੁਤ ਜ਼ਰੂਰੀ ਹੋਇਆ ਕਰਦਾ ਹੈ। ਉਹਦਾ ਜਾਪ ਦਿਨ ਰਾਤ ਕਰਨਾ ਪੈਂਦਾ ਹੈ। ਐਨਾ ਜਾਪ ਕਰਨਾ ਚਾਹੀਦਾ ਹੈ ਕਿ ਜੇ ਉਹ ਵਿਸਰ ਜਾਵੇ ਤਾਂ ਐਉਂ ਸਮਝੇ ਕਿ ਮੈਂ ਹੁਣ ਜਿਉਂਦਾ ਨਹੀਂ ਰਿਹਾ। ਐਸੀ ਅਵਸਥਾ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਕੀਤਾ ਹੈ -

*ਧਾਰਨਾ - ਨਾ ਜੀਵੇ, ਮੱਛੀ ਨੀਰ ਤੋਂ ਬਿਨਾਂ - 2*
*ਨੀਰ ਤੋਂ ਬਿਨਾਂ, ਨੀਰ ਤੋਂ ਬਿਨਾਂ - 4*
*ਨਾ ਜੀਵੇ, ਮੱਛੀ ਨੀਰ ਤੋਂ ਬਿਨਾਂ - 2*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ - 708*

ਇਹ ਬਚਨ ਸੁਣ ਕੇ ਉਹ ਪ੍ਰੇਮੀ ਜਗਿਆਸੂ ਜਿਸ ਦਾ ਸੁਭਾਅ ਪੂਰੀ ਤਰ੍ਹਾਂ ਛਲ ਕਪਟ ਰਹਿਤ, ਤਰਕ ਤੋਂ ਰਹਿਤ ਗੁਰੂ ਬਚਨਾਂ ਨੂੰ ਪੂਰੀ ਤਰ੍ਹਾਂ ਮੰਨਣ ਵਾਲਾ ਸੀ ਉਹ ਆਪਣੇ ਗੁਰੂ ਪਾਸ ਗਿਆ। ਉਨ੍ਹਾਂ ਕੋਲ ਬੇਨਤੀ ਕੀਤੀ ਕਿ ਮਹਾਰਾਜ! ਆਪ ਦੇ ਹੁਕਮ ਦੇ ਮੁਤਾਬਿਕ ਅੱਜ ਮੈਨੂੰ ਅੱਠ ਸਾਲ ਹੋ ਗਏ ਹਨ। ਪਸ਼ੂਆਂ ਦੀ ਸੇਵਾ ਕਰ ਰਿਹਾ ਹਾਂ। ਆਪ ਦੀ ਹੀ ਮਿਹਰ ਹੈ ਕਿ ਇਹ ਸੇਵਾ ਆਪ ਨੇ ਬਖਸ਼ੀ ਹੋਈ ਹੈ ਪਰ ਮਹਾਰਾਜ! ਮੇਰੇ ਗੁਰਭਾਈਆਂ ਨੇ ਦੱਸਿਆ ਕਿ ਤੈਨੂੰ ਅਜੇ ਗੁਰਮੰਤ੍ਰ ਨਹੀਂ ਮਿਲਿਆ ਜਿਸ ਦਾ ਜਾਪ ਕਰਕੇ ਪ੍ਰਮੇਸ਼ਰ ਤਕ ਪਹੁੰਚਿਆ ਜਾਂਦਾ ਹੈ। ਭਾਵੇਂ ਪ੍ਰਭੂ ਤਕ ਗੁਰੂ ਦੀ ਕ੍ਰਿਪਾ ਨਾਲ ਹੀ ਪਹੁੰਚਿਆ ਜਾਂਦਾ ਹੈ, ਆਪਣੇ ਬਲ ਨਾਲ ਤਾਂ ਅੱਜ ਤਕ ਕੋਈ ਨਹੀਂ ਪਹੁੰਚ ਸਕਿਆ। ਆਪ ਕ੍ਰਿਪਾ ਕਰਕੇ ਗੁਰਮੰਤ੍ਰ ਬਖਸ਼ੋ ਅਤੇ ਜਪਣ ਦੀ ਵਿਧੀ ਵੀ ਦੱਸ ਦਿਓ। ਉਸ ਵੇਲੇ ਸਮਾਂ ਸ਼ਾਮ ਦਾ ਸੀ, ਸੂਰਜ ਡੁੱਬ ਰਿਹਾ ਸੀ ਅਜਿਹੇ ਸਮੇਂ ਅਸੀਂ ਰਹਿਰਾਸ ਸਾਹਿਬ ਦਾ ਪਾਠ ਕਰਦੇ ਹਾਂ, ਹਿੰਦੂ ਸੰਧਿਆ ਪੜ੍ਹਦੇ ਹਨ, ਮੁਸਲਮਾਨ ਸ਼ਾਮ ਦੀ ਨਮਾਜ਼ ਪੜ੍ਹਦੇ ਹਨ। ਮਹਾਂਪੁਰਸ਼ਾਂ ਨੇ ਕਿਹਾ ਕਿ ਗੁਰਮੰਤ੍ਰ ਲੈਣ ਲਈ ਤੂੰ ਸਵੇਰੇ 8.00 ਵਜੇ ਅਸਾਡੇ ਪਾਸ ਆਈਂ ਅਤੇ ਇਹ ਪ੍ਰੇਮੀ ਬਹੁਤ ਖੁਸ਼ ਹੋਇਆ। ਆਪਣੇ ਸੇਵਾ ਖੇਤਰ ਵਿਚ ਪਹੁੰਚ ਗਿਆ। ਰਾਤ ਨੂੰ ਨੀਂਦ ਨਾ ਆਵੇ ਕਿ ਕਿਤੇ ਲੇਟ ਨਾ ਹੋ ਜਾਵਾਂ। ਰਾਤ ਨੂੰ ਹੀ ਅੱਧਾ ਕੰਮ ਮੁਕਾ ਲਿਆ, ਗੋਹਾ ਵਗੈਰਾ ਰੂੜੀ ਤੇ ਸੁੱਟ ਆਇਆ। ਸੁਭਾਵਿਕ ਹੀ ਉਸ ਨੇ ਕਿਸੇ ਨੂੰ ਸਮਾਂ ਪੁਛਿਆ। ਉਸ ਨੇ ਕਿਹਾ ਕਿ ਅੱਠ ਵੱਜਣ ਵਾਲੇ ਹਨ। ਉਹ ਕਾਹਲੀ ਨਾਲ ਉਸੇ ਤਰ੍ਹਾਂ ਲਿਬੜਿਆ ਹੋਇਆ ਆਪਣੇ ਗੁਰੂ ਵਲ ਨੂੰ ਚਲ ਪਿਆ। ਉਧਰ ਕੁਝ ਇਸ ਤਰ੍ਹਾਂ ਹੋਇਆ ਕਿ ਸ਼ਾਮ ਨੂੰ ਰਾਜੇ ਦੇ ਅਹਿਲਕਾਰ ਆਏ ਉਨ੍ਹਾਂ ਨੇ ਸੰਤਾਂ ਨੂੰ ਕਿਹਾ ਕਿ ਠੀਕ ਅੱਠ ਵਜੇ ਇਸੇ ਅਸਥਾਨ ਤੇ ਅਸਾਡੇ ਰਾਜਾ ਸਾਹਿਬ ਤੁਹਾਡੇ ਦਰਸ਼ਨ ਕਰਨਾ ਲੋਚਦੇ ਹਨ। ਮਹਾਂਪੁਰਸ਼ਾਂ ਨੇ ਕਿਹਾ, "ਭਾਈ! ਰਾਜਿਆਂ ਨੇ ਅਸਾਡੇ ਕੋਲ ਆ ਕੇ ਕੀ ਕਰਨਾ ਹੈ ਅਸੀਂ ਤਾਂ ਵਿਰੱਕਤ ਸਾਧੂ ਹਾਂ। ਸਾਡੇ ਕੋਲ ਤਾਂ ਆਹੀ ਇਕ ਪੈਣ ਵਾਸਤੇ ਸਫ ਹੈ ਜੇ ਤੁਹਾਡਾ ਰਾਜਾ ਸਫ ਤੇ ਬੈਠ ਜਾਵੇ ਤਾਂ ਅੱਠ ਵਜੇ ਆ ਜਾਵੇ।" ਉਨ੍ਹਾਂ ਕਰਮਚਾਰੀਆਂ ਨੇ ਕਿਹਾ ਕਿ ਭਾਵੇਂ ਮਹਾਰਾਜ ਅਸਾਡੇ ਸਫ ਤੇ ਵੀ ਬੈਠ ਸਕਦੇ ਹਨ ਪਰ ਅਸੀਂ ਚਾਹੁੰਦੇ ਹਾਂ ਕਿ ਅਸੀਂ ਕੁਝ ਵਿਛਾਈ ਕਰ ਦੇਈਏ। ਉਹ ਅੰਮ੍ਰਿਤ ਵੇਲੇ ਹੀ ਬਹੁਤ ਵਧੀਆ ਗਲੀਚੇ ਲੈ ਆਏ ਅਤੇ ਵਿਛਾਈ ਕਰ ਦਿਤੀ। ਰਾਜੇ ਦੇ ਆਉਣ ਤੋਂ ਪਹਿਲਾਂ ਉਹ ਪ੍ਰੇਮੀ ਆਪਣੇ ਪਸ਼ੂਆਂ ਦੀ ਸੰਭਾਲ ਕਰਕੇ ਉਸੇ ਤਰ੍ਹਾਂ ਲਿਬੜੇ ਹੋਏ ਪੈਰਾਂ ਨਾਲ ਮੰਤਰ ਲੈਣ ਚਲ ਪਿਆ। ਮਹਾਤਮਾ ਕੁਟੀਆ ਦੇ ਦਰਵਾਜ਼ੇ ਅੱਗੇ ਸਹਿਜ ਨਾਲ ਹੀ ਖੜ੍ਹੇ ਸਨ, ਉਨ੍ਹਾਂ ਨੇ ਜਦੋਂ ਇਸ ਨੂੰ ਦੇਖਿਆ ਤਾਂ ਉਚਾ ਹੱਥ ਕਰਕੇ ਕਹਿਣ ਲੱਗੇ, "ਪਰ੍ਹੇ-ਪਰ੍ਹੇ-ਪਰ੍ਹੇ।" ਜਿਸ ਦਾ ਇਹ ਮਤਲਬ ਸੀ ਕਿ ਤੇਰੇ ਪੈਰ ਲਿਬੜੇ ਹੋਏ ਹਨ ਇਸ ਗਲੀਚੇ ਤੋਂ ਪਰ੍ਹੇ ਰਹਿ। ਉਹ ਪ੍ਰੇਮੀ ਬਹੁਤ ਖੁਸ਼ ਹੋਇਆ ਅਤੇ ਸਮਝ ਲਿਆ ਕਿ ਮੈਨੂੰ ਗੁਰਮੰਤ੍ਰ ਮਿਲ ਗਿਆ। ਉਸੇ ਸਮੇਂ ਤੋਂ ਉਸ ਨੇ ਰਟ ਲਾ ਦਿਤੀ। ਐਨਾ ਜਾਪ ਕੀਤਾ ਕਿ ਉਹ ਜਾਪ ਉਸ ਦੇ ਅੰਦਰ ਉਤਰ ਗਿਆ, ਹੱਥੀਂ ਪੈਰੀ ਸੇਵਾ ਕੀਤੀ ਪਰ ਚਿੱਤ ਨਾਲ ਸਦਾ ਹੀ ਪਰ੍ਹੇ-ਪਰ੍ਹੇ ਕਰਦਾ ਰਿਹਾ। ਐਨਾ ਜਾਪ ਪ੍ਰਬਲ ਹੋ ਗਿਆ ਕਿ ਆਪਣੇ ਅੰਦਰੋਂ ਪਰ੍ਹੇ-ਪਰ੍ਹੇ ਹੀ ਸੁਣਨ ਲੱਗਿਆ। ਹਵਾ ਵਿਚ ਵੀ, ਪੰਛੀ ਜਦੋਂ ਆਪਣੇ ਗੀਤ ਗਾਉਣ ਤਾਂ ਉਸ ਨੂੰ ਪਰ੍ਹੇ-ਪਰ੍ਹੇ ਦੀ ਅਵਾਜ਼ ਹੀ ਸੁਣਿਆ ਕਰੇ। ਦੁਬਾਰਾ ਨਾ ਹੀ ਸੰਤਾਂ ਨੇ ਉਸ ਨੂੰ ਬੁਲਾਇਆ, ਨਾ ਹੀ ਉਸ ਨੂੰ ਸ਼ੱਕ ਪਿਆ ਕਿ ਮੇਰਾ ਮੰਤਰ ਗਲਤ ਹੈ ਅਤੇ ਪਰ੍ਹੇ-ਪਰ੍ਹੇ ਨੂੰ ਹੀ ਪੂਰਾ ਪਾਰਬ੍ਰਹਮ ਪ੍ਰਮੇਸ਼ਰ ਸਮਝ ਰਿਹਾ ਸੀ। ਇਕ ਦਿਨ ਅਜਿਹਾ

ਹੋਇਆ ਕਿ ਮਹਾਂਪੁਰਸ਼ਾਂ ਨੇ ਉਸ ਨੂੰ ਬੁਲਾਇਆ ਅਤੇ ਕਿਹਾ ਕਿ 40 ਮੀਲ ਤੇ ਅਸਾਡੇ ਇਕ ਮਿਤਰ ਰਹਿੰਦੇ ਨੇ ਤੂੰ ਉਨ੍ਹਾਂ ਨੂੰ ਇਹ ਚਿੱਠੀ ਦੇ ਕੇ ਆਈਂ ਅਤੇ ਇਸ ਚਿੱਠੀ ਦਾ ਜਵਾਬ ਸ਼ੀਘਰ ਤੋਂ ਸ਼ੀਘਰ ਲੈ ਕੇ ਆਈ। ਰੁਕਣਾ ਨਹੀਂ ਬਸ ਥੋੜ੍ਹਾ ਬਹੁਤ ਅਰਾਮ ਕਰਕੇ ਉਦੋਂ ਹੀ ਵਾਪਸ ਆ ਜਾਣਾ ਹੈ। ਉਸ ਨੇ ਮਹਾਂਪੁਰਸ਼ਾਂ ਤੋਂ ਪੱਤਰ ਫੜ ਲਿਆ ਆਪਣੀ ਕੁਟੀਆ ਵਿਚ ਚਲਿਆ ਗਿਆ ਅਤੇ ਉਸ ਦੇ ਮਨ ਵਿਚ ਫੁਰਨਾ ਆਇਆ ਕਿ ਜੋ ਮੈਨੂੰ ਪਰ੍ਹੇ-ਪਰ੍ਹੇ ਦਾ ਅਨੰਦ ਆ ਰਿਹਾ ਹੈ। ਐਸਾ ਨਾ ਹੋਵੇ ਕਿ ਇਹ ਅਨੰਦ ਮੈਨੂੰ ਵਿਸਰ ਜਾਵੇ ਅਤੇ ਮੈਂ ਕਿਤੇ ਪਰ੍ਹੇ-ਪਰ੍ਹੇ ਨੂੰ ਭੁੱਲ ਜਾਵਾਂ। ਉਸ ਦੀ ਚਿੰਤਾ ਨੂੰ ਵੇਖ ਕੇ ਇਕ ਦਮ ਪ੍ਰਕਾਸ਼ ਹੋ ਗਿਆ, ਪ੍ਰਭੂ ਦਾ ਸ਼ਾਖਸ਼ਾਤ ਰੂਪ ਸਾਮ੍ਹਣੇ ਆ ਗਿਆ। ਉਨ੍ਹਾਂ ਨੇ ਕਿਹਾ, "ਮੇਰੇ ਪਿਆਰੇ ਭਗਤ! ਚਿੱਠੀ ਮੈਨੂੰ ਦੇਹ, ਮੈਂ ਹੁਣੇ ਜਵਾਬ ਲਿਆ ਦੇਵਾਂਗਾ। ਉਸ ਨੇ ਬੜੇ ਆਦਰ ਸਤਿਕਾਰ ਨਾਲ ਬੇਨਤੀ ਕੀਤੀ ਕਿ ਮਹਾਰਾਜ! ਮੈਂ ਪਹਿਲਾਂ ਤਾਂ ਕਦੇ ਤੁਹਾਨੂੰ ਦੇਖਿਆ ਨਹੀਂ ਹੈ, ਆਪ ਐਡੀ ਦੂਰ ਕਿਵੇਂ ਜਾਵੋਂਗੇ?" ਕਹਿਣ ਲੱਗੇ, "ਮੈਂ ਪਿਆਰ ਦੇ ਵਸ ਹਾਂ, ਮੈਂ ਮੰਤ੍ਰਾਂ ਤੋਂ ਉਪਰ ਹਾਂ ਮੈਂ ਤਾਂ ਭਾਵਨਾ ਦੇਖਦਾ ਹਾਂ, ਮੈਂ ਤਾਂ ਤੇਰੀ ਅਤੁੱਟ ਲਗਨ ਦੇਖ ਕੇ ਤੈਨੂੰ ਆਪਣਾ ਸਰਗੁਣ ਸਰੂਪ ਦਿਖਾਇਆ ਹੈ। ਸਾਰਾ ਸੰਸਾਰ ਮੇਰੇ ਤੋਂ ਕੁਝ ਨਾ ਕੁਝ ਮੰਗਦਾ ਹੀ ਰਹਿੰਦਾ ਹੈ ਅਤੇ ਮੈਂ ਸਭ ਨੂੰ ਦਿੰਦਾ ਹੀ ਰਹਿੰਦਾ ਹਾਂ। ਪਰ ਇਹ ਸੰਸਾਰ ਪਰਤ ਕੇ ਮੇਰੇ ਨਾਲ ਪਿਆਰ ਨਹੀਂ ਕਰਦਾ, ਮੇਰੀ ਦਿਤੀਆਂ ਹੋਈਆਂ ਦਾਤਾਂ ਵਿਚ ਪਰਚ ਕੇ ਮੈਨੂੰ ਪੂਰੀ ਤਰ੍ਹਾਂ ਨਾਲ ਵਿਸਾਰ ਦਿੰਦਾ ਹੈ ਜਿਵੇਂ ਕਿ ਫੁਰਮਾਨ ਹੈ -

***ਦਾਤਿ ਪਿਆਰੀ ਵਿਸਰਿਆ ਦਾਤਾਰਾ।।***
***ਜਾਣੈ ਨਾਹੀ ਮਰਣੁ ਵਿਚਾਰਾ॥*** ***ਪੰਨਾ - 676***

ਪ੍ਰਭੂ ਨੇ ਪੱਤਰ ਫੜ ਲਿਆ ਅਤੇ ਥੋੜ੍ਹੀ ਹੀ ਦੇਰ ਪਿਛੋਂ ਉਸ ਮਹਾਤਮਾ ਤੋਂ ਚਿੱਠੀ ਲਿਖਵਾ ਕੇ ਲੈ ਆਏ ਤੇ ਇਸ ਨੂੰ ਆ ਕੇ ਦੇ ਦਿਤੀ।

ਇਹ ਪ੍ਰੇਮੀ ਬਹੁਤ ਹੀ ਪ੍ਰਸੰਨ ਹੋਇਆ ਕਿ ਇਹ ਪਰ੍ਹੇ-ਪਰ੍ਹੇ ਜੀ ਕਿੰਨੇ ਚੰਗੇ ਹਨ, ਜੋ ਕੰਮ ਮੈਂ ਕਰਨਾ ਸੀ, ਉਹ ਆਪ ਕਰਕੇ ਆਏ ਹਨ। ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ -

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ॥*** ***ਪੰਨਾ - 638***

ਸੋ ਚਿੱਠੀ ਲੈ ਕੇ ਮਹਾਂਪੁਰਸ਼ਾਂ ਦੇ ਪਾਸ ਫੇਰ ਚਲਿਆ ਗਿਆ। ਮਹਾਂਪੁਰਸ਼ਾਂ ਨੇ ਅਚਾਨਕ ਹੀ ਉਸ ਨੂੰ ਕਿਹਾ ਕਿ ਕਾਫੀ ਸਮਾਂ ਹੋਇਆ, ਤੈਨੂੰ ਚਿੱਠੀ ਦੇ ਕੇ ਕਿਹਾ ਸੀ ਕਿ ਜਵਾਬ ਲੈ ਕੇ ਆਈਂ। ਤੂੰ ਅਜੇ ਜਾਣ ਵਾਸਤੇ ਤਿਆਰ ਹੀ ਨਹੀਂ ਹੋਇਆ? ਉਸ ਨੇ ਕਿਹਾ ਕਿ ਮਹਾਰਾਜ! ਆਪ ਦੇ ਪੱਤਰ ਦਾ ਉਤਰ ਮੇਰੇ ਪਾਸ ਹੈ। ਕ੍ਰਿਪਾ ਕਰਕੇ ਇਸ ਨੂੰ ਵਾਚ ਲਵੋ। ਮਹਾਤਮਾ ਨੇ ਚਿੱਠੀ ਫੜੀ ਤੇ ਹੈਰਾਨ ਹੋ ਗਏ ਕਿ 40 ਮੀਲ ਤੇ ਮਹਾਂਪੁਰਸ਼ ਰਹਿੰਦੇ ਹਨ। 40 ਮੀਲ ਜਾਣ ਨੂੰ 12 ਘੰਟੇ ਲਗਦੇ ਹਨ ਅਤੇ 12 ਘੰਟੇ ਆਉਣ ਨੂੰ ਲਗਦੇ ਹਨ। ਬਾਕੀ ਕੁਝ ਛਕਣਾ ਛਕਾਉਣਾ, ਅਰਾਮ ਵੀ ਕਰਨਾ ਹੈ, ਇਹ ਐਨੀ ਛੇਤੀ ਕਿਵੇਂ ਚਿੱਠੀ ਲੈ ਆਇਆ। ਕਹਿਣ ਲੱਗੇ, "ਪ੍ਰੇਮੀਆ! ਇਹ ਗੱਲ ਮੇਰੀ ਸਮਝ ਤੋਂ ਪਰ੍ਹੇ ਹੈ, ਤੂੰ ਕਿਵੇਂ ਐਨੀ ਛੇਤੀ ਜਵਾਬ ਲੈ ਆਇਆ।" ਉਸ ਨੇ ਕਿਹਾ ਕਿ ਮੈਂ ਤਾਂ ਜਵਾਬ ਨਹੀਂ ਲੈ ਕੇ ਆਇਆ, ਮੇਰੇ ਪਰ੍ਹੇ-ਪਰ੍ਹੇ ਜੀ ਲੈ ਕੇ ਆਏ ਹਨ। ਉਹ ਮਹਾਤਮਾ ਹੈਰਾਨ ਹੋ ਗਏ ਕਿ ਤੂੰ ਪਰ੍ਹੇ-ਪਰ੍ਹੇ ਕਿਸਨੂੰ ਕਹਿੰਦਾ ਹੈਂ? ਉਸ ਨੇ ਕਿਹਾ ਕਿ ਮਹਾਰਾਜ! ਆਪ ਨੇ ਹੀ ਮੈਨੂੰ ਪਰ੍ਹੇ-ਪਰ੍ਹੇ ਦਾ ਮੰਤਰ ਦਿਤਾ ਸੀ। ਮਹਾਂਪੁਰਸ਼ਾਂ ਦੀ ਯਾਦ ਵਿਚੋਂ ਵਿਸਰ ਚੁਕਿਆ ਸੀ। ਤਾਂ ਉਸ ਨੇ ਕਿਹਾ ਹੈ ਕਿ ਇਹ ਉਸ ਦਿਨ ਦੀ ਗੱਲ ਹੈ ਜਦੋਂ ਤੁਸੀਂ ਅੱਠ ਵਜੇ ਸਵੇਰੇ ਮੈਨੂੰ ਮੰਤਰ ਦੇਣ ਲਈ ਬੁਲਾਇਆ ਸੀ। ਉਸੇ ਦਿਨ ਰਾਜੇ ਨੇ ਵੀ ਆਪ ਪਾਸ ਆਉਣਾ ਸੀ। ਆਪ ਕੁਟੀਆ ਦੇ ਬਾਹਰ ਖੜ੍ਹੇ ਮੇਰਾ ਇੰਤਜ਼ਾਰ ਕਰ ਰਹੇ ਸੀ ਤੇ ਮੈਂ ਕਾਹਲੀ ਨਾਲ ਵਿਛੇ ਹੋਏ ਗਲੀਚਿਆਂ (carpets) ਦੇ ਨੇੜੇ ਜਦੋਂ ਪਹੁੰਚਿਆ ਤਾਂ ਆਪ ਨੇ ਬਹੁਤ ਹੀ ਕ੍ਰਿਪਾ ਕਰਕੇ ਮੈਨੂੰ ਮੰਤਰ ਦਿਤਾ - ਪਰ੍ਹੇ-ਪਰ੍ਹੇ-ਪਰ੍ਹੇ। ਮਹਾਂਪੁਰਸ਼ ਹੈਰਾਨ ਹੋ ਗਏ ਕਿ ਇਹ ਕੀ ਗੱਲ ਹੋਈ। ਆਪ ਉਸ ਪ੍ਰੇਮੀ ਨੂੰ ਵਿਦਾ ਕਰਕੇ ਇਸ ਗੱਲ ਦਾ ਨਿਰਣਾ ਕਰਨ ਲਈ ਸਮਾਧੀ ਸਥਿਤ ਹੋ ਗਏ ਅਤੇ ਪ੍ਰਭੂ ਦੀ ਆਰਾਧਣਾ ਕੀਤੀ। ਆਪ ਹਰ ਸਮੇਂ ਪ੍ਰਭੂ ਦਾ ਨਿਰਗੁਣ ਸਰੂਪ ਪਰੀਪੂਰਨ ਅਨੁਭਵ ਕਰਦੇ ਸਨ। ਉਸ ਵੇਲੇ ਪ੍ਰਭੂ ਵਲੋਂ ਅਕਾਸ਼ਬਾਣੀ ਹੋਈ ਕਿ ਮਹਾਂਪੁਰਸ਼ੋ! ਹੈਰਾਨ ਨਾ ਹੋਵੋ, ਇਹ ਜੋ ਪਰ੍ਹੇ-ਪਰ੍ਹੇ ਨਾਮ ਹੈ, ਇਹ ਮੇਰਾ ਹੀ ਨਾਮ ਹੈ ਕਿਉਂਕਿ ਮੈਂ ਸਾਰੇ ਦ੍ਰਿਸ਼ਟਮਾਨ, ਸਾਰੀ ਪ੍ਰਕ੍ਰਿਤੀ, ਹਰ ਚੀਜ਼ ਤੋਂ ਪਰ੍ਹੇ ਹਾਂ, ਪਰ੍ਹੇ ਤੋਂ ਵੀ ਮੈਂ ਪਰ੍ਹੇ ਹਾਂ ਅਤੇ ਮੇਰਾ ਨਾਮ ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰ ਹੈ। ਸੋ ਇਸ ਨੇ ਮੇਰੇ ਅਪਰੰਪਰ ਨਾਮ ਦੀ ਆਰਾਧਨਾ ਕੀਤੀ ਹੈ। ਮੈਂ ਆਪਣੇ ਭਗਤਾਂ ਦੀ ਭਾਵਨਾ ਭਰੀ ਅਰਾਧਨਾ ਦੇਖ ਕੇ ਸਦਾ ਹੀ ਖੁਸ਼ ਹੁੰਦਾ ਹਾਂ। ਸੋ ਮੈਂ ਇਸ ਦੇ ਪਿਆਰ ਵਸ ਹੋਇਆ ਹੋਇਆ ਆਪ ਹੀ ਚਿੱਠੀ ਦਾ ਉਤਰ ਲੈ ਕੇ ਆਇਆ ਸੀ। ਇਹ ਪੂਰਨ ਅਨੁਭਵੀ ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਉਚਾਰੀਆਂ ਕਥਾਵਾਂ ਹਨ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਉਪਰ ਪੂਰਨ ਭਰੋਸਾ ਕਰਕੇ ਜਗਿਆਸੂ ਪਾਰ ਲੰਘ ਜਾਂਦਾ ਹੈ। ਸੋ ਐਸੇ ਗੁਰੂ ਦੀ ਸਿਫਤ ਜੋ ਨਹੀਂ ਕਰਦੇ ਅਤੇ ਆਪਣੇ ਗੁਰੂ ਨੂੰ ਗੁਪਤ ਕਰਕੇ ਆਪਣੇ ਆਪ ਦਾ ਦਿਖਾਵਾ ਕਰਦਾ ਹੈ ਕਿ ਜੋ ਮੈਂ ਹਾਂ, ਮੇਰਾ ਗੁਰੂ ਕੁਝ ਵੀ ਨਹੀਂ ਹੈ, ਉਹ ਬੰਦਾ ਰੂਹਾਨੀ ਮਾਰਗ ਤੇ ਚਲ ਹੀ ਨਹੀਂ ਸਕਿਆ ਕਰਦਾ।

ਬ੍ਰਹਮਗਿਆਨੀ ਸੰਤ ਗੁਰਬਚਨ ਸਿੰਘ ਜੀ ਨੇ ਆਪਣੇ ਗੁਰਮੁਖ ਪ੍ਰਕਾਸ਼ ਗ੍ਰੰਥ ਵਿਚ ਸੱਚੀ ਟਕਸਾਲ ਦਾ ਸ਼ਬਦ ਘੜਨ ਦੀ ਕੁਝ ਸਮੱਗਰੀ ਦਿਤੀ ਹੈ। ਜਿਸ ਵਿਚ ਅੰਕਿਤ ਹੈ -

***ਅਪੁਨੇ ਗੁਣ ਕੀ ਸਿਫਤ ਨਾ ਕਰਨੰ॥***
***ਧਰਮ ਨਿਜ ਜਸੁ ਹੇਤ ਨ ਬਰਨੰ।।***

ਮਿਹਨਤ ਕਰਨ ਤੇ ਆਦਮੀ ਵਿਚ ਬਹੁਤ ਸਾਰੇ ਗੁਣ ਆ ਜਾਂਦੇ ਹਨ। ਉਨ੍ਹਾਂ ਗੁਣਾਂ ਦੀ ਸ਼ਲਾਘਾ ਸੂਝਵਾਨ ਪੁਰਸ਼ ਕਰਦੇ ਹੀ ਰਹਿੰਦੇ ਹਨ। ਗੁਣਵਾਨ ਪੁਰਸ਼ ਆਪਣੇ ਗੁਣਾਂ ਦੀ ਸਿਫਤ ਸੁਣ ਕੇ ਨਿਮਰਤਾ ਭਾਵ ਵਿਚ ਆ ਜਾਂਦਾ ਹੈ ਅਤੇ ਉਸ ਦਾ ਮਤ ਇਹ ਹੋਇਆ ਕਰਦਾ ਹੈ ਕਿ ਮੇਰਾ ਤਾਂ ਇਹ ਐਵੇਂ ਹੀ ਨਾਮ ਲੈਂਦੇ ਹਨ, ਇਹ ਤਾਂ ਗੁਰੂ ਮਹਾਰਾਜ ਦੀ ਕ੍ਰਿਪਾ ਹੈ ਜਿਸ ਨੇ ਮੈਨੂੰ ਬੋਲਣ ਦੀ ਸ਼ਕਤੀ ਦਿਤੀ ਹੈ, ਜਿਸ ਨੇ ਮੈਨੂੰ ਸੋਹਣਾ ਦਿਮਾਗ ਦਿਤਾ ਹੈ, ਜਿਸ ਨੇ ਮੈਨੂੰ ਵਿਦਿਆ ਦਿਤੀ ਹੈ ਇਹ ਸਿਫਤ ਤਾਂ ਉਸ ਦੀ ਹੀ ਕਰਨੀ ਚਾਹੀਦੀ ਹੈ, ਮੇਰੀ ਨਹੀਂ ਕਰਨੀ ਚਾਹੀਦੀ।

ਸਾਧਸੰਗਤ ਜੀ! ਜੋ ਆਪਣੇ ਗੁਣ ਦੀ ਆਪ ਸਿਫਤ ਕਰਦਾ ਹੈ ਉਹ ਆਤਮ ਮਾਰਗ ਦਾ ਪਾਂਧੀ ਨਹੀਂ ਹੋ ਸਕਦਾ।

ਉਹ ਦੁਨੀਆਂ ਨੂੰ ਤਾਂ ਧੋਖਾ ਦੇ ਸਕਦਾ ਹੈ ਪਰ ਪ੍ਰਮੇਸ਼ਰ ਨੂੰ ਇਹ ਗੱਲ ਨਹੀਂ ਭਾਉਂਦੀ। ਅੱਜਕਲ੍ਹ ਆਮ ਦੇਖਿਆ ਗਿਆ ਹੈ ਕਿ ਆਮ ਸੰਸਾਰੀ ਬੰਦੇ ਆਪਣੀ ਸਿਫਤਾਂ ਕਰਦੇ ਨਹੀਂ ਥਕਦੇ। ਇਲੈਕਸ਼ਨਾਂ ਵਿਚ ਦੇਖਿਆ ਗਿਆ ਹੈ ਕਿ ਇਲੈਕਸ਼ਨਾਂ ਲੜਨ ਵਾਲੇ ਆਪਣੀਆਂ ਭਰਪੂਰ ਸਿਫਤਾਂ ਕਰਦੇ ਹਨ ਭਾਵੇਂ ਉਨ੍ਹਾਂ ਨੇ ਆਪਣੇ ਸ਼ਾਸ਼ਨ ਕਾਲ ਵਿਚ ਕਿੰਨੀਆਂ ਹੀ ਰਿਸ਼ਵਤਾਂ ਕਿਉਂ ਨਾ ਲਈਆਂ ਹੋਣ, ਕਿੰਨੇ ਹੀ ਗਲਤ ਕੰਮ ਕਿਉਂ ਨਾ ਕੀਤੇ ਹੋਣ। ਉਹ ਸਾਰੀਆਂ ਗੱਲਾਂ ਨੂੰ ਇਕ ਪਾਸੇ ਰੱਖ ਕੇ ਆਪਣੇ ਮੂੰਹ ਨਾਲ ਆਪਣੀ ਸਿਫਤ ਕਰਦੇ ਹਨ। ਪਹਿਲੇ ਜ਼ਮਾਨਿਆਂ ਵਿਚ ਜੇ ਕੋਈ ਆਪਣੇ ਮੂੰਹੋਂ ਆਪਣੀਆਂ ਸਿਫਤਾਂ ਕਰਦਾ ਸੀ ਤਾਂ ਉਸ ਨੂੰ ਮੀਆਂ ਮਿੱਠੂ ਕਿਹਾ ਜਾਂਦਾ ਸੀ ਪਰ ਅੱਜਕਲ੍ਹ ਆਮ ਰਿਵਾਜ ਹੋ ਗਿਆ ਹੈ ਕਿ ਹਰ ਕੋਈ ਆਪਣੀ ਮਹਿਮਾ ਕਰਦਾ ਹੈ। ਇਥੋਂ ਤਕ ਕਿ ਸਾਧੂ ਵੀ ਆਪਣੀ ਮਹਿਮਾ ਬਹੁਤ ਕਰਦੇ ਹਨ। ਖੋਲ੍ਹ-ਖੋਲ੍ਹ ਕੇ ਆਪਣੇ ਕੌਤਕਾਂ ਬਾਰੇ ਦਸਦੇ ਹਨ, ਸਹਿਜ ਸੁਭਾਅ ਕੋਈ ਬਚਨ ਹੋ ਜਾਣਾ ਉਹ ਹੋਰ ਗੱਲ ਹੈ ਪਰ ਆਪਣੀਆਂ ਸ਼ਕਤੀਆਂ ਵਰਣਨ ਕਰਨਾ ਸ਼ੋਭਾ ਨਹੀਂ ਦਿੰਦਾ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ -

*ਭਾਉ ਭਗਤਿ ਪਰਵਾਨ ਹੈ ਜੱਗ ਹੋਮ ਤੇ ਪੁਰਬ ਕਮਾਈ।*
*ਕਰਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰ ਪਾਈ।*
*ਭਾਈ ਗੁਰਦਾਸ ਜੀ, ਵਾਰ 1/16*

*ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ॥*
*ਪੰਨਾ - 67*

ਜਦੋਂ ਆਦਮੀ ਆਪਣੇ ਗੁਣਾਂ ਦੀ ਸਿਫਤ ਕਰਦਾ ਹੈ ਤਾਂ ਉਸ ਨੂੰ ਬਿਲਕੁਲ ਭੁੱਲਿਆ ਹੋਇਆ ਹੁੰਦਾ ਹੈ ਕਿ ਸਾਰੇ ਗੁਣ ਤਾਂ ਵਾਹਿਗੁਰੂ ਜੀ ਵਿਚ ਹੀ ਹਨ ਜਿਸ ਉਪਰ ਉਹ ਬਖਸ਼ਿਸ਼ ਕਰਦੇ ਹਨ ਉਸ ਨੂੰ ਹੀ ਉਹ ਗੁਣ ਪ੍ਰਾਪਤ ਹੁੰਦੇ ਹਨ -

*ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥*
*ਪੰਨਾ - 2*

ਉਹ ਸਾਰੇ ਗੁਣਾਂ ਦਾ ਭੰਡਾਰ ਹੈ। ਕਹਿਣਾ ਤਾਂ ਇਹ ਚਾਹੀਦਾ ਤਾਂ ਇਹ ਹੈ ਕਿ ਵਾਹਿਗੁਰੂ ਤੇਰੀ ਅਪਾਰ ਕ੍ਰਿਪਾ ਹੈ ਕਿ ਤੂੰ ਮੈਨੂੰ ਗੁਣ ਬਖਸ਼ੇ ਹਨ ਜਿਸ ਨਾਲ ਸੰਸਾਰ ਮੇਰੀ ਪ੍ਰਸੰਸਾ ਕਰ ਰਿਹਾ ਹੈ, ਤੂੰ ਹੀ ਮੈਨੂੰ ਸੋਝੀ ਦਿੰਦਾ ਹੈਂ। ਸਾਰੀਆਂ ਚੀਜ਼ਾਂ ਵਿਚੋਂ ਜੇ ਇਕ ਵੀ ਚੀਜ਼ ਖੋਹ ਲਵੇਂ ਤਾਂ ਬੰਦਾ ਕਿਸੇ ਕੰਮ ਦਾ ਨਹੀਂ ਰਹਿੰਦਾ। ਜੇ ਕਿਸੇ ਨੂੰ ਅਧਰੰਗ ਹੋ ਜਾਵੇ ਤਾਂ ਕੋਈ ਕੀ ਕਰ ਲਵੇਗਾ। ਇਹ ਤਾਂ ਵਾਹਿਗੁਰੂ ਜੀ ਦੀ ਹੀ ਕ੍ਰਿਪਾ ਹੈ ਕਿ ਉਸ ਨੇ ਅਰੋਗ ਸਰੀਰ ਦਿਤਾ ਹੈ। ਇਹ ਸਭ ਉਸ ਦੀਆਂ ਹੀ ਦਾਤਾਂ ਹਨ, ਅਮੁੱਲ ਗੁਣ ਹਨ। ਬੁੱਧੀ ਵੀ ਓਹੀ ਬਖਸ਼ਦਾ ਹੈ ਪਰ ਜਦੋਂ ਆਦਮੀ ਤੇ ਬੁਰੇ ਦਿਨ ਆਉਂਦੇ ਹਨ, ਉਸ ਵੇਲੇ ਬੁੱਧ ਦਾ ਨਾਸ਼ ਹੋ ਜਾਂਦਾ ਹੈ -

*ਹੋਣ ਹਾਰ ਹਿਰਦੇ ਬਸੀ ਗਈ ਸਰੀਰੋਂ ਬੁੱਧ। (ਅਖਾਣ)*

ਸੋ ਇਹ ਸਾਰੇ ਗੁਣ ਵਾਹਿਗੁਰੂ ਜੀ ਦੇ ਬਖਸ਼ੇ ਹੋਏ ਹੁੰਦੇ ਹਨ। ਗੁਣਵੰਤ ਨੂੰ ਚਾਹੀਦਾ ਹੈ ਕਿ ਭੁੱਲ ਕੇ ਆਪਣੇ ਗੁਣਾਂ ਦੀ ਸਿਫਤ ਨਾ ਕਰੇ। ਵਾਹਿਗੁਰੂ ਜੀ ਦੀ ਬਖਸ਼ਿਸ਼ ਸਮਝੇ।

*ਧਰਮ ਨਿਜ, ਜਸੁ ਹੇਤ ਨ ਬਰਨੰ।*

ਧਰਮੀ ਪੁਰਸ਼ ਅੰਦਰ ਬਹੁਤ ਸਾਰੇ ਸ਼ੁਭ ਗੁਣ ਹੋਇਆ ਕਰਦੇ ਹਨ, ਜਦੋਂ ਉਹ ਇਨ੍ਹਾਂ ਗੁਣਾਂ ਦੀ ਵਰਤੋਂ ਆਪਣੇ ਨਿਤ ਜੀਵਨ ਵਿਚ ਕਰਦਾ ਹੈ ਤਾਂ ਉਸ ਦਾ ਨਾਮ ਧਰਮੀ ਪੁਰਸ਼ ਪੈ ਜਾਂਦਾ ਹੈ। ਇਨ੍ਹਾਂ ਗੁਣਾਂ ਵਿਚ ਧੀਰਜ, ਖਿਮਾ, ਦਇਆ, ਸ਼ੀਲ, ਸੌਚ, ਦਾਨ, ਸੰਤੋਖ, ਮਿੱਠਾ ਬੋਲਣਾ, ਸੇਵਾ ਆਦਿ ਹੋਇਆ ਕਰਦੇ ਹਨ। ਧਰਮੀ ਪੁਰਸ਼ ਕਿਸੇ ਦੀ ਨਿੰਦਿਆ ਨਹੀਂ ਕਰਦਾ। ਧਰਮੀ ਪੁਰਸ਼ ਨੇ ਨਿੰਦਿਆ ਨੂੰ ਪੂਰੀ ਤਰ੍ਹਾਂ ਕਾਬੂ ਕੀਤਾ ਹੁੰਦਾ ਹੈ ਅਤੇ ਉਸ ਨੇ ਚਾਰ ਸੂਖਸ਼ਮ ਵਿਆਹ ਕਰਾਏ ਹੁੰਦੇ ਹਨ, ਜਿਨ੍ਹਾਂ ਦੇ ਨਾਮ ਹਨ - ਕਰੁਣਾ, ਮੁਦਤਾ, ਮੈਤਰੀ, ਅਪੇਖਿਆ। ਜਿਸ ਕਰਕੇ ਉਹ ਨਾ ਕਿਸੇ ਦੀ ਨਿੰਦਿਆ ਕਰਦਾ ਹੈ, ਨਾ ਕਿਸੇ ਨਾਲ ਵੈਰ ਪਾਉਂਦਾ ਹੈ, ਨਾ ਹੀ ਕਿਸੇ ਨਾਲ ਉਸਨੂੰ ਈਰਖਾ ਉਪਜਦੀ ਹੈ, ਬਰਾਬਰ ਦੇ ਨਾਲ ਪਿਆਰ ਕਰਦਾ ਹੈ, ਆਪਣੇ ਤੋਂ ਉਚੇ ਦੀ ਪ੍ਰਸੰਸਾ ਕਰਦਾ ਹੈ ਅਤੇ ਗਰੀਬ ਦੀ ਮਦਦ ਕਰਦਾ ਹੈ, ਕਿਸੇ ਨਾਲ ਵੈਰ ਪਾਉਣ ਦੀ ਥਾਂ ਉਹ ਖਿਮਾ ਬਿਰਤੀ ਧਾਰਨ ਕਰਕੇ ਉਸ ਤੋਂ ਹੌਲੀ-ਹੌਲੀ ਪਿਛੇ ਹਟ ਜਾਂਦਾ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ। ਗੁਣ ਤੋਂ ਹੀਣੇ ਪੁਰਸ਼ ਆਪਣੇ ਜੀਵਨ ਨੂੰ ਜੂਏ ਵਿਚ ਹਾਰ ਕੇ ਚਲੇ ਜਾਂਦੇ ਹਨ। ਪ੍ਰਭੂ ਦੇ ਪਿਆਰੇ ਗੁਣ ਧਾਰਨ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

*ਕਾਮ ਕ੍ਰੋਧ ਮਾਇਆ ਮਦ ਮਤਸਰ*
*ਏ ਖੇਲਤ ਸਭਿ ਜੂਐ ਹਾਰੇ॥*
*ਸਤੁ ਸੰਤੋਖੁ ਦਇਆ ਧਰਮੁ ਸਚੁ*
*ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥ ਪੰਨਾ - 379*

ਗੁਰੂ ਮਹਾਰਾਜ ਜੀ ਨੇ ਤਾਂ ਗੁਣ ਵਿਹਾਜਣ ਦੀ ਬਾਰ-ਬਾਰ ਚਿਤਾਵਨੀ ਦਿਤੀ ਹੈ। ਆਪ ਫੁਰਮਾਨ ਕਰਦੇ ਹਨ ਕਿ ਕਿਸੇ ਦੇ ਔਗੁਣ ਨਾ ਚਿਤਾਰੋ, ਹਰ ਬੰਦੇ ਵਿਚ ਕੋਈ ਨਾ ਕੋਈ ਗੁਣ ਹੋਇਆ ਕਰਦਾ ਹੈ ਉਸ ਦੇ ਔਗੁਣਾਂ ਨੂੰ ਨਜ਼ਰੋਂ ਓਹਲੇ ਰੱਖ ਕੇ ਉਸ ਦੇ ਗੁਣਾਂ ਨਾਲ ਸਾਂਝ ਪਾਉਣੀ ਚਾਹੀਦੀ ਹੈ ਜਿਵੇਂ ਕਿ-

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥*
*ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥*
*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥*
*ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥*
*ਪੰਨਾ - 765*

ਇਨ੍ਹਾਂ ਗੁਣਾਂ ਦੇ ਅਧੀਨ ਜਦੋਂ ਉਹ ਰਹਿੰਦਾ ਹੈ, ਉਹ ਪ੍ਰਭੂ ਨੂੰ ਭਾਉਂਦਾ ਹੈ।

*ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ॥*
*ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ॥*
*ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ॥*
*ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ॥*
*ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ॥*
*ਪੰਨਾ - 936*

ਸਤਿਗੁਰੂ ਮਿਲਣ ਨਾਲ ਗੁਣ ਪੈਦਾ ਹੁੰਦੇ ਹਨ। ਸੋ ਸ੍ਰੇਸ਼ਟ ਗੁਣ ਧਾਰਨੇ ਬਹੁਤ ਹੀ ਅਵੱਸ਼ਕ ਹਨ। ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਗੁਣ ਸਤਿਗੁਰੂ ਦੀ ਸੰਗਤ ਤੋਂ ਮਿਲਦੇ ਹਨ। ਸਤਿਗੁਰੂ ਨਾਮ ਦੀ ਸੋਝੀ ਬਖਸ਼ਦੇ ਹਨ ਅਤੇ ਨਾਮ ਸਰਬ ਗੁਣ ਭਰਪੂਰ ਹੈ। ਇਸ ਕਰਕੇ ਗੁਣ ਵਾਹਿਗੁਰੂ ਜੀ ਦੀ ਦਾਤ ਹੀ ਹਨ ਜੇ ਕੋਈ ਆਪਣੇ ਗੁਣਾਂ ਦੀ ਸਿਫਤ ਕਰਦਾ ਹੈ ਤਾਂ ਉਹ ਸਿਆਣਾ ਪੁਰਸ਼ ਨਹੀਂ ਕਹਾ ਸਕਦਾ। ਇਸ ਦੇ ਵਿਪਰੀਤ ਜਿੰਨੇ ਵੀ ਔਗੁਣ ਹਨ ਸਾਰੇ ਗਲਾਂ ਵਿਚ ਜੰਜੀਰਾਂ ਬੰਨ੍ਹ ਕੇ ਰਖਦੇ ਹਨ। ਜੇ ਗੁਰੂ ਦੀ ਕ੍ਰਿਪਾ ਨਾਲ ਨਾਮ ਜਪਿਆ ਜਾਵੇ ਤਾਂ

ਇਹ ਔਗੁਣ ਕੱਟੇ ਜਾਂਦੇ ਹਨ –

*ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥*
*ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥*

*ਪੰਨਾ - 595*

ਇਕ ਗੁਣ ਦਇਆ ਹੀ ਪ੍ਰਭੂ ਨੂੰ ਭਾਅ ਜਾਂਦਾ ਹੈ ਜਿਵੇਂ ਕਿ–

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*

*ਪੰਨਾ - 136*

ਗੁਰੂ ਮਹਾਰਾਜ ਜੀ ਨੇ ਇਸ ਦਇਆ ਨੂੰ ਬਹੁਤ ਉਚਾ ਦਰਜਾ ਦਿਤਾ ਹੈ। ਆਪ ਨੇ ਵਾਹਿਗੁਰੂ ਜੀ ਦੀ ਪਛਾਣ ਲਈ ਬਹੁਤ ਉਚਾ ਅਸਥਾਨ ਦੱਸਿਆ ਹੈ। ਜੇ ਮਨ ਵਿਚ ਦਇਆ ਹੋਵੇ, ਸਾਰੇ ਜੀਵਾਂ ਨੂੰ ਪ੍ਰਭੂ ਦਾ ਰੂਪ ਜਾਣਦਾ ਹੋਵੇ ਤਾਂ ਪੁੰਨ ਦਾਨ ਉਸ ਤੋਂ ਕੁਦਰਤੀ ਹੋ ਜਾਇਆ ਕਰਦਾ ਹੈ। ਜਿਹੜਾ ਆਪਣੇ ਮਤਲਬ ਲਈ ਪਸ਼ੂਆਂ ਨੂੰ ਮਾਰ-ਮਾਰ ਕੇ ਖਾਂਦਾ ਹੈ, ਪਸ਼ੂਆਂ ਵਰਗੀ ਉਸ ਦੀ ਸੋਚ ਹੋਇਆ ਕਰਦੀ ਹੈ। ਬਿਨਾ-ਵਿਚਾਰੇ ਪਸ਼ੂਆਂ ਨੂੰ ਵੱਢ-ਵੱਢ ਖਾਂਦਾ ਹੈ ਉਸ ਦਾ ਇਹ ਜੋ ਕਰਮ ਹੈ ਉਹ ਕਿੰਨਾ ਦੁਖਦਾਈ ਹੁੰਦਾ ਹੈ ਇਸ ਗੱਲ ਨੂੰ ਜਦੋਂ ਐਉਂ ਸੋਚੇ ਕਿ ਕਿਸੇ ਹਰਨੀ ਨੇ ਆਪਣੇ ਦੋ ਬੱਚਿਆਂ ਨੂੰ ਜਨਮ ਦਿਤਾ। ਉਹ ਬਾਹਰ ਜਾ ਕੇ ਲੁਕ ਛੁਪ ਕੇ ਉਨ੍ਹਾਂ ਨੂੰ ਦੁੱਧ ਪਿਲਾਉਂਦੀ ਹੈ। ਜੇ ਕਿਸੇ ਨੇ ਉਸ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾ ਲਿਆ ਤਾਂ ਉਹ ਬੱਚੇ ਜਿਹੜੇ ਦੁੱਧ ਤੇ ਪਲਦੇ ਸਨ, ਉਨ੍ਹਾਂ ਨੂੰ ਬੇਵਾਰਸ ਬਣਾਉਣ ਵਾਲਾ ਮਨੁੱਖ ਹੈ ਤੇ ਉਨ੍ਹਾਂ ਬੱਚਿਆਂ ਨੂੰ ਗਿੱਦੜ, ਕੁੱਤੇ, ਬਘਿਆੜ ਆਦਿ ਖਾ ਜਾਂਦੇ ਹਨ। ਇਹ ਪਾਪ ਹੈ ਜੋ ਉਸ ਬੇ-ਵਿਚਾਰੇ ਬੰਦੇ ਨੇ ਆਪਣੇ ਮਾਸ ਖਾਣ ਦੇ ਜਜ਼ਬੇ ਵਿਚ ਕੀਤਾ। ਇਸੇ ਤਰ੍ਹਾਂ ਨਾਲ ਕੋਈ ਪੰਛੀ ਹੈ ਉਸ ਨੇ ਬੱਚੇ ਦਿਤੇ ਹੋਏ ਹਨ ਉਨ੍ਹਾਂ ਨੂੰ ਬੇ-ਵਿਚਾਰੇ ਹੀ ਆਪਣੇ ਖਾਣ ਲਈ ਮਾਰ ਦਿਤਾ ਜਾਂਦਾ ਹੈ ਤਾਂ ਕਿੰਨਾ ਪਾਪ ਹੋਇਆ। ਉਨ੍ਹਾਂ ਬੱਚਿਆਂ ਨੇ ਕੀ ਕਸੂਰ ਕੀਤਾ ਹੈ? ਮਾਸ ਖਾ ਕੇ ਕੀ ਹੁੰਦਾ ਹੈ, ਪਹਿਲਾਂ ਬੁੱਧੀ ਵਿਚ ਕਰੂਰਤਾ ਆਉਂਦੀ ਹੈ, ਸਰਬ ਜੀਆਂ ਦੇ ਇਕੋ ਦਾਤੇ ਨੂੰ ਭੁੱਲ ਜਾਂਦਾ ਹੈ, ਉਸ ਨੇ ਆਦਮੀ ਦੇ ਖਾਣ ਲਈ ਅੰਨ ਪੈਦਾ ਕੀਤਾ ਹੈ, ਸਾਰੀਆਂ ਜੂਨਾਂ ਦਾ ਇਸ ਨੂੰ ਸਰਦਾਰ ਬਣਾਇਆ ਹੈ। ਸਰਦਾਰ ਦਾ ਇਹ ਕਰਮ ਨਹੀਂ ਹੋਇਆ ਕਰਦਾ ਕਿ ਉਹ ਆਪਣੀ ਰਿਆਇਆ ਨੂੰ ਲੁੱਟੇ-ਫੁੱਟੇ ਅਤੇ ਦੁਖ ਦੇਵੇ। ਕਿਉਂਕਿ ਆਦਮੀ ਨੂੰ ਸਾਰੀਆਂ ਜੂਨਾਂ ਦੀ ਸਰਦਾਰੀ ਦਿਤੀ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ –

*ਅਵਰ ਜੋਨਿ ਤੇਰੀ ਪਨਿਹਾਰੀ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ ਪੰਨਾ - 374*

ਉਹ ਸਾਰੀਆਂ ਜੂਨਾਂ ਇਸ ਦੀ ਸੇਵਾ ਕਰਨ ਲਈ ਬਣਾਈਆਂ ਹਨ। ਕੋਈ ਜੂਨੀ ਅੰਮ੍ਰਿਤ ਵਰਗਾ ਦੁੱਧ ਦਿੰਦੀ ਹੈ, ਸ਼ਹਿਦ ਦੀਆਂ ਮੱਖੀਆਂ ਕੀ ਹਨ, ਕਿੰਨੀ ਮਿਹਨਤ ਨਾਲ ਇਸ ਲਈ ਸ਼ਹਿਦ ਕਮਾ ਕੇ ਲਿਆਉਂਦੀਆਂ ਹਨ। ਘੋੜੇ ਇਸ ਨੂੰ ਆਪਣੀ ਪਿੱਠ ਉਪਰ ਸਵਾਰ ਕਰਕੇ ਜੰਗਾਂ-ਯੁੱਧਾਂ ਵਿਚ ਇਸ ਨੂੰ ਬਚਾਉਂਦੇ ਸਨ, ਗਊਆਂ ਦੁੱਧ ਦੀਆਂ ਨਦੀਆਂ ਚਲਾਉਂਦੀਆਂ ਸਨ, ਇਨ੍ਹਾਂ ਉਪਰ ਦਇਆ ਦੀ ਲੋੜ ਹੈ, ਨਾ ਕਿ ਇਨ੍ਹਾਂ ਬੇ-ਸਹਾਰੇ ਪਸ਼ੂਆਂ ਨੂੰ ਆਪ ਹੀ ਮਾਰ ਕੇ ਖਾ ਜਾਣਾ ਕੋਈ ਧਰਮ ਦੀ ਨਿਸ਼ਾਨੀ ਹੈ। ਮਨੁੱਖ ਐਨਾ ਚਲਾਕ ਹੈ ਕਿ ਸਿੱਧੇ ਸਾਧੇ ਜੀਵਾਂ ਨੂੰ ਬਲੀ ਦੇ ਰੂਪ ਵਿਚ ਮਾਰ ਕੇ, ਮਾਸ ਵੱਢ ਕੇ ਖਾਣ ਨੂੰ ਧਰਮ ਆਖਦਾ ਹੈ। ਗੁਰਬਾਣੀ ਵਿਚ ਟੂਕ ਆਉਂਦੀ ਹੈ ਕਿ ਪ੍ਰੇਮੀਆਂ! ਜੀਵਾਂ ਨੂੰ ਮਾਰ ਕੇ ਖਾਣ ਨੂੰ ਧਰਮ ਬਣਾ ਲਿਆ ਤਾਂ ਇਹ ਦੱਸ ਅਧਰਮ ਕਿਸ ਚੀਜ਼ ਨੂੰ ਆਖੇਂਗਾ। ਆਪਣੇ ਆਪ ਨੂੰ ਉਚਾ ਅਸਥਾਨ ਦਿਤਾ ਹੈ, ਵੱਡਾ ਧਰਮੀ ਪੁਰਸ਼ ਕਹਾ ਲਿਆ ਤਾਂ ਤੂੰ ਇਹ ਦੱਸ ਕਸਾਈ ਕਿਸਨੂੰ ਆਖੇਂਗਾ? ਸੋ ਪਿਆਰਿਆ! ਇਹ ਬਹਾਨੇ ਛੱਡ ਕੇ ਜੀਵਾਂ ਨੂੰ ਦੁਖ ਦੇਣਾ ਛੱਡ ਦੇ। ਭੋਲੇ ਭਾਲੇ ਜੀਵਾਂ ਤੇ ਦਇਆ ਹੀ ਕਰਨੀ ਬਣਦੀ ਹੈ। ਉਨ੍ਹਾਂ ਜੀਵਾਂ ਦਾ ਨਾਸ਼ ਕੀਤਾ ਜਾ ਸਕਦਾ ਹੈ ਜਿਹੜੇ ਮਹਾਨ ਜੀਵਨ ਦੇ ਵਿਨਾਸ਼ ਦਾ ਕਾਰਨ ਬਣਦੇ ਹਨ ਜਿਵੇਂ ਕਿ ਫਸਲਾਂ ਉਪਰ ਬੇਅੰਤ ਕੀਟ, ਨਾਸ਼ਕ ਹਮਲਾ ਕਰ ਦਿੰਦੇ ਹਨ, ਸਾਰੀ ਫਸਲ ਖਰਾਬ ਹੋ ਜਾਂਦੀ ਹੈ। ਜੇ ਫਸਲਾਂ ਦੀ ਰਾਖੀ ਨਾ ਕੀਤੀ ਜਾਵੇ ਤਾਂ ਕਿਸਾਨ ਆਪਣੇ ਫਰਜ਼ ਤੋਂ ਅਵੇਸਲਾ ਸਮਝਿਆ ਜਾਂਦਾ ਹੈ। ਰਾਜਾ ਜੇ ਆਪਣੀ ਰਿਆਇਆ ਦੀ ਰਾਖੀ ਨਹੀਂ ਕਰਦਾ ਤਾਂ ਉਹ ਗੁਨਹਗਾਰ ਹੋਇਆ ਕਰਦਾ ਹੈ। ਫੌਜੀ ਸਿਪਾਹੀ ਜੇ ਆਪਣੇ ਦੇਸ਼ ਦੀ ਰਾਖੀ ਨਹੀਂ ਕਰਦੇ ਤਾਂ ਉਹ ਆਪਣੇ ਫਰਜ਼ ਤੋਂ ਅਵੇਸਲੇ ਗਿਣੇ ਜਾਂਦੇ ਹਨ। ਇਵੇਂ ਜਿਵੇਂ ਬਿਮਾਰੀਆਂ ਦੇ ਕੀਟਾਣੂ, ਬਿਮਾਰੀਆਂ ਪੈਦਾ ਕਰਨ ਵਾਲੀਆਂ ਚੀਜ਼ਾਂ ਨਾਲ ਮੁਕਾਬਲਾ ਕਰਨਾ ਹੀ ਪੈਂਦਾ ਹੈ ਪਰ ਜਿਹੜੀਆਂ ਜੂਨਾਂ ਇਸ ਦੇ ਜੀਵਨ ਵਿਚ ਸਹਾਇਕ ਹਨ ਜਿਨ੍ਹਾਂ ਦੇ ਅੰਦਰ ਪਿਆਰ ਦਾ ਜਜ਼ਬਾ ਹੈ, ਆਪਣੇ ਮਾਲਕ ਨੂੰ ਲੋਚਦੀਆਂ ਹਨ, ਆਪਣੇ ਮਾਲਕ ਨਾਲ ਪਿਆਰ ਕਰਦੀਆਂ ਹਨ ਉਨ੍ਹਾਂ ਨੂੰ ਮਾਰ ਕੇ ਖਾ ਲੈਣਾ ਤਾਂ ਅਧਰਮ ਦਾ ਹੀ ਸੂਚਕ ਹੋਇਆ ਕਰਦਾ ਹੈ। ਇਸੇ ਕਰਕੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥*
*ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥*

*ਪੰਨਾ - 1103*

ਸੋ ਦਇਆ ਕਰਨੀ ਬਹੁਤ ਹੀ ਸ੍ਰੇਸ਼ਟ ਗੁਣ ਹੈ। ਪ੍ਰਮੇਸ਼ਰ ਨੂੰ ਦਇਆ ਭਾਉਂਦੀ ਹੈ। ਦਇਆ ਮਨੁੱਖ ਦਾ ਪ੍ਰਮੁੱਖ ਗੁਣ ਹੈ ਜੋ ਆਦਮੀ ਦੇ ਅੰਦਰ ਸ਼ਾਂਤੀ ਪੈਦਾ ਕਰਦੀ ਹੈ। ਹਮਦਰਦੀ ਪੈਦਾ ਕਰਦੀ ਹੈ। ਇਸ ਧਰਤੀ ਤੇ ਵਾਹਿਗੁਰੂ ਜੀ ਨੂੰ ਜਾਨਣ ਲਈ ਦਇਆ ਇਕ ਬਹੁਤ ਜ਼ਰੂਰੀ ਰਹਿਤ ਹੈ –

*ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥*
*ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥*

*ਪੰਨਾ - 468*

ਜੀਵਾਂ ਨੂੰ ਦੁਖ ਦੇਣ ਪਿਛੋਂ ਕਰਮਾਂ ਦਾ ਜਦੋਂ ਫਲ ਭੋਗਣਾ ਪੈਂਦਾ ਹੈ ਉਸ ਵੇਲੇ ਆਦਮੀ ਬਹੁਤ ਵਿਰਲਾਪ ਕਰਦਾ ਹੈ ਕਿਉਂਕਿ ਉਸ ਨੇ ਆਪਣਾ ਬਲ ਵਰਤਦਿਆਂ ਹੋਇਆਂ ਇਨ੍ਹਾਂ ਭੋਲੇ ਜੀਵਾਂ ਨੂੰ ਮਾਰ-ਮਾਰ ਕੇ ਆਪਣੀ ਖੁਰਾਕ ਬਣਾਇਆ। ਭਾਵੇਂ ਮਾਸ ਖਾ ਕੇ ਕਿੰਨਾਂ ਹੀ ਆਪਣੇ ਆਪ ਨੂੰ ਤਕੜਾ ਕਰ ਲੈ ਪਰ ਜਦੋਂ ਲੇਖਾ ਦੇਣਾ ਪੈਣਾ ਹੈ ਉਸ ਵੇਲੇ ਪਛਤਾਉਣਾ ਪਵੇਗਾ।

*ਧਾਰਨਾ - ਰੋਵੇਂਗੀ ਜ਼ਿੰਦੇ ਜਦੋਂ ਲੇਖਾ ਦੇਣਾ ਪੈ ਗਿਆ -2*
*ਲੇਖਾ ਦੇਣਾ ਪੈ ਗਿਆ - 2, 2.*
*ਰੋਵੇਂਗੀ ਜ਼ਿੰਦੇ ਜਦੋਂ ਲੇਖਾ ਦੇਣਾ ਪੈ ਗਿਆ-2*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*

*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥* *ਪੰਨਾ - 464*

ਸੋ ਜਿਨ੍ਹਾਂ ਨੇ ਦਇਆ ਕਮਾਈ ਹੈ ਉਨ੍ਹਾਂ ਦੇ ਨਾਮ ਅੱਜ ਵੀ ਬਹੁਤ ਪਿਆਰ ਨਾਲ ਲਏ ਜਾਂਦੇ ਹਨ। ਜੇ ਭਲਾਂ ਕਿਸੇ ਬਲ ਵਾਲੇ ਬੰਦੇ ਨੇ ਦਇਆ ਕਮਾ ਦਿਤੀ ਉਹ ਵੀ ਪ੍ਰਮੇਸ਼ਰ ਦੇ ਦੁਆਰੇ ਫਲ ਦੇਣ ਨੂੰ ਸਮਰੱਥ ਹੋ ਜਾਂਦੀ ਹੈ। ਜਿਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਸੁਬਕਤਦੀਨ ਨਾਮ ਦਾ ਪ੍ਰੇਮੀ ਅਫਗਾਨਿਸਤਾਨ ਵਲ ਹੋਇਆ ਹੈ। ਉਸ ਨੇ ਇਕ ਮਿਰਗ ਦਾ ਬੱਚਾ ਫੜ ਲਿਆ। ਉਸ ਦੀ ਮਾਤਾ ਉਸ ਦੇ ਪਿਛੇ-ਪਿਛੇ ਭੱਜੀ ਆ ਰਹੀ ਸੀ। ਮਾਤਾ ਦੀ ਬਿਹਬਲ ਅਵਸਥਾ ਦੇਖ ਕੇ ਉਸ ਦੇ ਮਨ ਵਿਚ ਰਹਿਮ ਆ ਗਿਆ ਅਤੇ ਇਸ ਨੇ ਉਸ ਬੱਚੇ ਨੂੰ ਛੱਡ ਦਿਤਾ। ਉਹ ਭੱਜ ਕੇ ਆਪਣੀ ਮਾਂ ਨੂੰ ਜਾ ਮਿਲਿਆ। ਰਾਤ ਨੂੰ ਇਸ ਨੂੰ ਸੁਪਨਾ ਆਇਆ ਕਿ ਇਕ ਫਰਿਸ਼ਤਾ ਉਸ ਦੇ ਸਿਰ ਤੇ ਰੱਖਣ ਲਈ ਤਾਜ ਲਈ ਆ ਰਿਹਾ ਹੈ, ਉਸ ਨੇ ਕਿਹਾ ਸੁਬਕਤਦੀਨ ਤੈਨੂੰ ਹਿੰਦੋਸਤਾਨ ਦੀ ਬਾਦਸ਼ਾਹੀ ਖੁਦਾ ਵਲੋਂ ਬਖਸ਼ੀ ਗਈ ਹੈ ਕਿਉਂਕਿ ਤੇਰਾ ਇਹ ਕੀਤਾ ਹੋਇਆ ਕਰਮ ਖੁਦਾ ਨੂੰ ਭਾਅ ਗਿਆ। ਸੁਬਕਤਦੀਨ ਇਕ ਗੁਲਾਮ ਸੀ ਉਸ ਨੇ ਹਿੰਦੋਸਤਾਨ ਨੂੰ ਜਿੱਤਿਆ ਅਤੇ ਖਾਨਦਾਨ ਗੁਲਾਮਾਂ ਦੇ ਰਾਜ ਦੀ ਨੀਂਹ ਰੱਖੀ। ਇਸੇ ਲਈ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਦੂਖ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥*
*ਪੰਨਾ - 322*

ਸੋ ਕੁਝ ਜੀਵਾਂ ਦੀ ਤਾਂ ਰਾਖੀ ਕਰਦੇ ਹਨ ਸ਼ੇਰ ਨੂੰ ਜਾਂ ਹਾਥੀ ਨੂੰ ਨਹੀਂ ਮਾਰਦੇ। ਸ਼ੇਰ ਨੂੰ ਮਾਰਨ ਵਾਲਾ ਸਜ਼ਾ ਦਾ ਭਾਗੀ ਹੁੰਦਾ ਹੈ। ਹੋਰ ਜੀਵਾਂ ਦੀ ਰਾਖੀ ਬਾਰੇ ਕੋਈ ਨਹੀਂ ਸੋਚਦਾ, ਹਿਰਨਾਂ ਨੂੰ ਮਾਰ-ਮਾਰ ਕੇ ਖਾਈ ਜਾਂਦੇ ਹਨ। ਇਹ ਹਿੰਸਕ ਪੁਰਸ਼ਾਂ ਨੇ ਨਸਲਾਂ ਦੀਆਂ ਨਸਲਾਂ ਖਤਮ ਕਰ ਦਿਤੀਆਂ। ਪਰ ਪਿਆਰਿਓ! ਇਹ ਗੱਲ ਸਦਾ ਯਾਦ ਰੱਖੋ, ਸਦਾ ਸੰਸਾਰ ਵਿਚ ਨਹੀਂ ਰਹਿਣਾ। ਐਸਾ ਆਉਂਦਾ ਹੈ ਕਿ ਧ੍ਰਿਤਰਾਸ਼ਟਰ ਨੇ ਸੌ ਬੱਚਾ ਹੰਸ ਦਾ ਖਾਇਆ ਸੀ ਤਾਂ ਉਸ ਦੇ ਸੌ ਦੇ ਸੌ ਪੁੱਤਰ ਯੁੱਧ ਦੇ ਮੈਦਾਨ ਵਿਚ ਮਾਰੇ ਗਏ ਸਨ। ਕ੍ਰਿਸ਼ਨ ਮਹਾਰਾਜ ਜੀ ਨੇ ਇਹ ਨਿਰਣਾ ਕਰਕੇ ਉਸ ਦੇ ਪ੍ਰਸ਼ਨਾਂ ਦਾ ਸਮਾਧਾਨ ਕੀਤਾ। ਗੁਰੂ ਮਹਾਰਾਜ ਜੀ ਨੇ ਤਾਂ ਪ੍ਰਮੇਸ਼ਰ ਨੂੰ ਰਿਝਾਉਣ ਲਈ ਕੁਝ ਅਧਿਆਤਮਕ ਸ਼ਿੰਗਾਰਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਕਿ ਆਪ ਦਾ ਫੁਰਮਾਨ ਹੈ -

*ਭੈ ਕੀਆ ਦੇਹਿ ਸਲਾਈਆ ਨੈਣੀ*
*ਭਾਵ ਕਾ ਕਰਿ ਸੀਗਾਰੋ॥*
*ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥*
*ਪੰਨਾ - 722*

ਅਤੇ ਇਕ ਹੋਰ ਥਾਂ ਆਪ ਜੀ ਨੇ ਸੁਹਾਗਣ ਪ੍ਰਭੂ ਵਲੋਂ ਪ੍ਰਵਾਨ ਹੋਈਆਂ ਦੇ ਸ਼ਿੰਗਾਰ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਕੀਤਾ ਹੈ-

*ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ॥*
*ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ॥*
*ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ॥*
*ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ॥*
*ਪੰਨਾ - 812*

ਪ੍ਰਭੂ ਦੇ ਭਾਉਣ ਲਈ ਦਇਆ ਦਾ ਸ਼ਿੰਗਾਰ ਮਹਾਰਾਜ ਜੀ ਨੇ ਪ੍ਰਵਾਨ ਕੀਤਾ ਹੈ ਜਿਥੇ ਸ਼ੁਭ ਕਰਨੀ ਦਾ ਜ਼ਿਕਰ ਆਉਂਦਾ ਹੈ ਉਸ ਲਈ ਆਪ ਦਾ ਫੁਰਮਾਨ ਹੈ -

*ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ॥*
*ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ॥*
*ਪੰਨਾ - 51*

ਸੋ ਇਸ ਤਰ੍ਹਾਂ ਦੇ ਨਾਲ ਧਰਮ ਕਮਾਉਣਾ ਇਕ ਜੀਵਨ ਹੋਇਆ ਕਰਦਾ ਹੈ, ਉਪਰ ਜੋ ਗੁਣਾਂ ਦਾ ਵਰਨਣ ਕੀਤਾ ਹੈ ਉਹ ਧਰਮ ਕਮਾਉਣ ਲਈ ਆਵਸ਼ਕ ਹੈ। ਇਹ ਧਰਮ ਪ੍ਰਭੂ ਨੂੰ ਪ੍ਰਸੰਨ ਕਰਨ ਲਈ ਕਮਾਉਣਾ ਚਾਹੀਦਾ ਹੈ ਨਾ ਕਿ ਆਪਣਾ ਜਸ ਕਮਾਉਣ ਲਈ, ਆਪਣਾ ਜਸ ਕਰਾਉਣ ਲਈ ਕਿਸੇ ਧਰਮ ਦਾ ਢੌਂਗ ਨਾ ਰਚਣਾ।

*ਦੁਖ ਕਿਸੇ ਨਹਿ ਜੀਵ ਕੋ ਦੇਨਾ।*
*ਨਿਰਬਲ ਕਾ ਅਪਰਾਧ ਸਹਿ ਲੇਨਾ।*

ਜੇ ਵਾਹਿਗੁਰੂ ਜੀ ਨੇ ਕਿਸੇ ਪੁਰਸ਼ ਨੂੰ ਸਤੱਾ ਬਖਸ਼ੀ ਹੈ, ਸ਼ਕਤੀ ਬਖਸ਼ੀ ਹੈ ਤਾਂ ਉਸ ਦਾ ਫਰਜ਼ ਬਣ ਜਾਂਦਾ ਹੈ ਕਿ ਸੰਸਾਰ ਨੂੰ ਪ੍ਰਭੂ ਸਮਝ ਕੇ ਸਭ ਨੂੰ ਸੁਖ ਦੇਣ ਦੀ ਕ੍ਰਿਆ ਕਰਨਾ ਅਤੇ ਆਪਣੇ ਆਪ ਨੂੰ ਸਦਾ ਹੀ ਸਾਵਧਾਨ ਰਹਿ ਕੇ ਨੇਕੀ ਕਮਾਉਣ ਲਈ ਤਤਪਰ ਰਖਣਾ, ਕਿਸੇ ਜੀਵ ਨੂੰ ਭੁੱਲ ਕੇ ਵੀ ਦੁੱਖ ਨਹੀਂ ਦੇਣਾ। ਮਹਾਰਾਜ ਜੀ ਕਹਿੰਦੇ ਹਨ ਕਿ ਪਿਆਰਿਆ! ਮਾੜੇ ਕੰਮ ਕਰਨ ਦੇ ਨਾਲ, ਜੀਵਾਂ ਨੂੰ ਦੁੱਖ ਦੇਣ ਦੇ ਨਾਲ, ਪ੍ਰਭੂ ਨੂੰ ਉਹ ਪੁਰਸ਼ ਭਾਇਆ ਨਹੀਂ ਕਰਦੇ। ਉਸ ਦੀ ਦਰਗਾਹ ਵਿਚ ਪਤ ਲਹਿੰਦੀ ਹੈ, ਬਹੁਤ ਬੇਇਜ਼ਤ ਕੀਤਾ ਜਾਂਦਾ ਹੈ।

ਕਿਉਂਕਿ ਇਹ ਜੋ ਸਰੀਰ ਹੈ ਇਹ ਕਰਮਾਂ ਦਾ ਖੇਤ ਹੈ ਇਸ ਵਿਚ ਜਿਹੋ ਜਿਹਾ ਬੀਜ ਪਾਇਆ ਜਾਂਦਾ ਹੈ ਉਹੋ ਜਿਹਾ ਹੀ ਵੱਢਣ ਨੂੰ ਮਿਲਦਾ ਹੈ। ਆਦਮੀ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਉਹ ਸਰੀਰ ਤਾਂ ਛੱਡ ਦਿੰਦਾ ਹੈ ਪਰ ਇਸ ਵਿਚ ਜੋ ਜੀਵ ਰਹਿੰਦਾ ਹੈ ਉਹ ਕੀਤੇ ਹੋਏ ਗੁਣ ਅਤੇ ਅਵਗੁਣ ਆਪਣੇ ਨਾਲ ਹੀ ਲੈ ਕੇ ਜਾਂਦਾ ਹੈ। ਜੇ ਗੁਣਾਂ ਦੀ ਰਾਸ ਗੁਆ ਦਿਤੀ ਤਾਂ ਅਵਗੁਣਾਂ ਦਾ ਬੋਝ ਲੈ ਕੇ ਉਸ ਨੂੰ ਬਹੁਤ ਹੀ ਔਖੀ ਘਾਟੀ ਉਪਰ ਚੜ੍ਹਨਾ ਪੈਂਦਾ ਹੈ। ਅੱਗੇ ਸੱਚੀ ਦਰਗਾਹ ਵਿਚ ਜਾ ਕੇ ਕੀਤੇ ਹੋਏ ਕਰਮਾਂ ਦਾ ਲੇਖਾ ਹੁੰਦਾ ਹੈ ਕਿਉਂਕਿ ਅਕਾਲ ਪੁਰਖ ਵਲੋਂ ਐਸੀ ਮਰਿਆਦਾ ਕੀਤੀ ਗਈ ਹੈ -

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥*
*ਪੰਨਾ - 38*

ਧਰਮਰਾਜ ਦੀ ਕਚਹਿਰੀ ਵਿਚ ਓਹੀ ਪੁਰਸ਼ ਜਾਂਦੇ ਹਨ ਜੋ ਆਪਣੇ ਕੀਤੇ ਹੋਏ ਚੰਗੇ ਕਰਮਾਂ ਦਾ reward (ਫਲ) ਮੰਗਦੇ ਹਨ। ਦੂਸਰੇ ਉਹ ਪੁਰਸ਼, ਜੋ ਬੰਨ੍ਹੇ ਹੋਏ ਲਿਜਾਏ ਜਾਂਦੇ ਹਨ ਜਿਹੜੇ ਸੰਸਾਰ ਵਿਚ ਆਏ ਹੋਏ ਬੁਰੇ ਕਰਮ ਕਰ-ਕਰ ਕੇ ਦੁਨੀਆਂ ਨੂੰ ਦੁਖ ਦਿੰਦੇ ਹਨ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥*
*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥*
*ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥*
*ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥*
*ਲਿਖਿ ਨਾਵੈ ਧਰਮੁ ਬਹਾਲਿਆ॥* *ਪੰਨਾ - 463*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਹੁਣ ਤਾਂ ਤੂੰ ਲੁਕ-ਲੁਕ ਕੇ ਪਾਪ ਕਰਮ ਕਰਦਾ ਹੈਂ ਪਰ ਦਰਗਾਹ ਵਿਚ ਜਾ ਕੇ ਤੇਰਾ ਲੁਕਿਆ ਹੋਇਆ ਪਾਪ ਪ੍ਰਗਟ ਹੋ ਜਾਣਾ ਹੈ। ਤੈਨੂੰ ਰੋਣਾ ਪਵੇਗਾ ਕਿਉਂਕਿ ਇਨ੍ਹਾਂ ਪਾਪਾਂ ਨੇ, ਚੰਗੇ ਕਰਮਾਂ ਨੇ ਤੇਰੇ ਨਾਲ ਜਾਣਾ ਹੈ ਜਿਵੇਂ ਕਿ ਫੁਰਮਾਨ ਹੈ –

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥***
***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥*** ***ਪੰਨਾ - 470***

ਇਕ ਐਸੀ ਸਾਖੀ ਆਉਂਦੀ ਹੈ ਕਿ ਕੌਰਵ ਮਹਾਂਭਾਰਤ ਦੇ ਯੁੱਧ ਵਿਚ ਹਾਰ ਗਏ। ਪੰਜੇ ਪਾਂਡਵ ਉਸ ਵੇਲੇ ਕ੍ਰਿਸ਼ਨ ਮਹਾਰਾਜ ਸਮੇਤ ਧ੍ਰਿਤਰਾਸ਼ਟਰ ਪਾਸ ਪਰਚਾਉਣੀ ਕਰਨ ਗਏ, ਉਸ ਨੇ ਇਹ ਵੀ ਪ੍ਰਸ਼ਨ ਕ੍ਰਿਸ਼ਨ ਮਹਾਰਾਜ ਜੀ ਉਪਰ ਕੀਤਾ ਕਿ ਮੈਂ ਜਮਾਂਦਰੂ ਅੱਖਾਂ ਤੋਂ ਅੰਨਾ ਕਿਉਂ ਹਾਂ? ਉਹ ਕਿਹੜਾ ਕਰਮ ਹੈ ਜਿਸ ਕਰਕੇ ਮੈਨੂੰ ਇਹ ਜਨਮ ਅੱਖਾਂ ਤੋਂ ਰਹਿਤ ਹੋ ਕੇ ਭੋਗਣਾ ਪੈ ਰਿਹਾ ਹੈ। ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਰਾਜਨ! ਇਸ ਜਨਮ ਤੋਂ 104 ਜਨਮ ਪਹਿਲਾਂ ਤੂੰ ਬੱਚਿਆਂ ਨਾਲ ਖੇਲ ਰਿਹਾ ਸੀ। ਬੱਚੇ ਅੱਕ ਟਿੱਡਾ ਫੜ ਕੇ ਉਸ ਨਾਲ ਖੇਡਦੇ ਸਨ। ਤੂੰ ਵੀ ਇਕ ਅੱਕ ਟਿੱਡਾ ਫੜ ਲਿਆ ਅਤੇ ਵਾੜ ਤੋਂ ਸੂਲ ਤੋੜ ਕੇ ਉਸਦੀਆਂ ਦੋਵੇਂ ਅੱਖਾਂ ਦੇ ਵਿਚੋਂ ਦੀ ਸਾਰ-ਪਾਰ ਕੱਢ ਦਿਤੀ ਤੇ ਉਸ ਟਿੱਡੇ ਨੂੰ ਵਗਾਹ ਕੇ ਮਾਰਿਆ। ਉਹ ਤੜਫ-ਤੜਫ ਕੇ ਮਰ ਗਿਆ, ਜਿਸ ਦੇ ਫਲਸਰੂਪ ਤੈਨੂੰ ਵੀ ਪੂਰਾ ਜਨਮ ਅੱਖਾਂ ਤੋਂ ਹੀਣੇ ਹੋ ਕੇ ਕੱਟਣਾ ਪਿਆ। ਕਿਉਂਕਿ ਵਾਹਿਗੁਰੂ ਜੀ ਦੀ ਨੇਤ ਦੇ ਮੁਤਾਬਿਕ ਕੋਈ ਚੰਗਾ, ਮੰਦਾ ਕਰਮ ਛੁਪਿਆ ਨਹੀਂ ਰਹਿੰਦਾ। ਦਰਗਾਹ ਵਿਚ ਸਾਰੇ ਕਰਮ ਪ੍ਰਗਟ ਹੋ ਜਾਂਦੇ ਹਨ ਜਿਸ ਤਰ੍ਹਾਂ ਕਿ ਫੁਰਮਾਨ ਹੈ –

***ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ॥***
***ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ॥***
***ਪੰਨਾ - 616***

ਇਸ ਜੀਵ ਨੂੰ ਸਜ਼ਾ ਭੋਗਣੀ ਹੀ ਪੈਂਦੀ ਹੈ। ਉਸ ਵੇਲੇ ਬਹੁਤ ਦੁਖੀ ਹੁੰਦਾ ਹੈ। ਇਸ ਕਰਕੇ ਕਿਸੇ ਜੀਵ ਨੂੰ ਦੁਖ ਨਹੀਂ ਦੇਣਾ ਚਾਹੀਦਾ। ਇਸੇ ਕਰਕੇ ਕਿਹਾ ਹੈ –

***ਦੁਖ ਕਿਸੇ ਨਹਿ ਜੀਵ ਕੋ ਦੇਨਾ।***

ਮਹਾਂਪੁਰਸ਼ਾਂ ਨੇ ਉਸ ਤੋਂ ਅੱਗੇ ਫੁਰਮਾਇਆ ਹੈ –

***ਨਿਰਬਲ ਕਾ ਅਪਰਾਧ ਸਹਿ ਲੈਨਾ।***

ਇਸ ਜਜ਼ਬੇ ਨੂੰ ਖਿਮਾ ਆਖਿਆ ਜਾਂਦਾ ਹੈ।

ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਜੀ ਕਿਸੇ ਥਾਂ ਤੋਂ ਲੰਘ ਰਹੇ ਸਨ। ਉਥੇ ਨੇੜੇ ਹੀ ਛੋਟੇ-ਛੋਟੇ ਬੱਚੇ ਇੱਟਾਂ ਮਾਰ-ਮਾਰ ਕੇ ਬੇਰੀਆਂ ਤੋਂ ਬੇਰ ਝਾੜ ਰਹੇ ਸਨ। ਇਕ ਬੱਚੇ ਨੇ ਇੱਟ ਮਾਰੀ, ਉਹ ਮਹਾਰਾਜਾ ਰਣਜੀਤ ਸਿੰਘ ਦੇ ਮੋਢੇ ਉਪਰ ਲੱਗੀ। ਅੰਗਰਕਸ਼ਕ ਉਸ ਬੱਚੇ ਨੂੰ ਫੜ ਕੇ ਲੈ ਆਏ। ਮਹਾਰਾਜ ਰਣਜੀਤ ਸਿੰਘ ਨੇ ਸਾਰੀ ਗੱਲ ਪੁਛੀ ਅਤੇ ਇਸ ਅਪਰਾਧ ਨੂੰ ਕੇਵਲ ਮੁਆਫ ਹੀ ਨਹੀਂ ਕੀਤਾ ਸਗਮਾਂ ਬੱਚੇ ਨੂੰ ਦੋ ਪਿੰਡ ਜਾਗੀਰ ਵਿਚ ਦੇ ਦਿਤੇ ਅਤੇ ਸਾਥੀਆਂ ਨੂੰ ਕਿਹਾ ਕਿ ਦੇਖੋ, ਇਹ ਬੱਚੇ ਬੇਰੀ ਦੇ ਇੱਟ ਮਾਰਦੇ ਹਨ ਤੇ ਬੇਰੀ ਇਨ੍ਹਾਂ ਨੂੰ ਬੇਰ ਦਿੰਦੀ ਹੈ। ਹੁਣ ਜਦੋਂ ਇਨ੍ਹਾਂ ਨੇ ਮੇਰੇ ਇੱਟ ਮਾਰੀ ਤਾਂ ਮੈਨੂੰ ਵੀ ਕੁਝ ਦੇਣਾ ਚਾਹੀਦਾ ਹੈ। ਕਿੱਡਾ ਵੱਡਾ ਆਚਰਣ ਹੈ, ਵਿਚਾਰਨਯੋਗ ਗੱਲ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਸਾਰੀ ਜ਼ਿੰਦਗੀ ਬਹੁਤ ਵੱਡੇ-ਵੱਡੇ ਯੁੱਧ ਲੜੇ ਅਤੇ ਉਨ੍ਹਾਂ ਨੇ ਆਪਣੇ ਸਾਰੇ ਜੀਵਨ ਵਿਚ ਇਕ ਵੀ ਬੰਦੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿਤੀ ਸੀ। ਹਾਰੇ ਹੋਏ ਦੁਸ਼ਮਣ ਨੂੰ ਐਨਾ ਵੱਡਾ ਇਲਾਕਾ ਛੱਡ ਦਿੰਦੇ ਜਿਸ ਤੋਂ ਉਹ ਆਪਣੇ ਬਹੁਤ ਸੋਹਣਾ ਗੁਜ਼ਾਰਾ ਕਰ ਸਕਦਾ ਹੋਵੇ ਅਤੇ ਚੰਗੇ ਮਾਣ ਨਾਲ ਜੀਵਨ ਬਤੀਤ ਕਰ ਸਕਦਾ ਹੋਵੇ। ਜੋ ਨਿਰਬਲ ਹੈ ਉਸ ਦਾ ਆਸਰਾ ਵਾਹਿਗੁਰੂ ਜੀ ਹੋਇਆ ਕਰਦੇ ਹਨ। ਹੋਰ ਉਸ ਨੂੰ ਸੰਸਾਰ ਵਿਚ ਕੋਈ ਆਸਰਾ ਦੇਣ ਦੇ ਸਮਰੱਥ ਨਹੀਂ ਹੁੰਦਾ। ਬੰਦੇ ਨੂੰ ਉਸ ਦੀ ਨਿਰਬਲਤਾ ਦੇ ਕਾਰਨ ਲੁੱਟਣਾ, ਮਾਰਨਾ, ਤੰਗ ਕਰਨਾ, ਬੇਇਜ਼ਤ ਕਰਨਾ ਪ੍ਰਸੰਸਾਯੋਗ ਗੱਲ ਨਹੀਂ ਹੋਇਆ ਕਰਦੀ। ਸਗਮਾਂ ਇਸ ਨੂੰ ਬਹੁਤ ਬੁਰਾ ਮੰਨਿਆ ਜਾਂਦਾ ਹੈ। ਇਕ ਅਖਾਣ ਪ੍ਰਚਲਤ ਹੈ–

***ਬੁਰਾ ਗਰੀਬ ਕਾ ਮਾਰਨਾ, ਬੁਰੀ ਗਰੀਬ ਕੀ ਆਹ***
***ਮੂਏ ਬਕਰੇ ਕੀ ਖਾਲ ਸੇ, ਲੋਹਾ ਭਸਮ ਹੋ ਜਾਏ।***

***ਅਕੁਟਲੰ ਰਹਿਣਾ ਨੀਤ ਪਿਆਰੇ***
***ਗੁਰ ਸੇਵਾ ਤਨ ਮਨ ਧਨ ਵਾਰੇ।***

ਕੁਟਲਤਾ ਜਿਸ ਨੂੰ ਛਲ ਅਤੇ ਕਪਟ ਵੀ ਆਖਿਆ ਜਾਂਦਾ ਹੈ, ਇਹ ਆਦਮੀ ਦੇ ਜੀਵਨ ਵਿਚ ਇਕ ਬਹੁਤ ਬੁਰਾ ਅਵਗੁਣ ਹੈ। ਦੂਸਰਿਆਂ ਨਾਲ ਵਰਤਾਵੇ ਵੇਲੇ ਐਸੇ ਪੁਰਸ਼ ਮਨੋ ਹੋਰ ਹੁੰਦੇ ਹਨ ਅਤੇ ਪੇਟ ਵਿਚ ਹੋਰ ਗੱਲ ਰਖਦੇ ਹਨ। ਉਪਰੋਂ ਹਸਦੇ ਹਨ, ਮਿਤਰਤਾ ਪਾਉਂਦੇ ਹਨ ਪਰ ਅੰਦਰੋਂ ਉਸ ਦੇ ਸਰਵਨਾਸ਼ ਦੀ ਸੋਚਣੀ ਸੋਚਦੇ ਹਨ। ਜੀਵਨ ਵਿਚ ਬਹੁਤ ਸਾਰੇ ਅਵਗੁਣ ਹਨ ਜਿਨ੍ਹਾਂ ਬਾਰੇ ਐਸਾ ਫੁਰਮਾਨ ਆਉਂਦਾ ਹੈ ਕਿ–

***ਆਪਿ ਨ ਦੇਹਿ ਚੁਰੂ ਭਰਿ ਪਾਨੀ॥***
***ਤਿਹ ਨਿੰਦਹਿ ਜਿਹ ਗੰਗਾ ਆਨੀ॥*** ***ਪੰਨਾ - 332***

ਆਪ ਤਾਂ ਇਕ ਚੂਲੀ ਜਿੰਨਾਂ ਪਾਣੀ ਵੀ ਕਿਸੇ ਨੂੰ ਨਹੀਂ ਦਿੰਦੇ, ਕਿਸੇ ਦੀ ਲੋੜ ਕਦੇ ਵੀ ਪੂਰੀ ਨਹੀਂ ਕਰਦੇ ਇਸ ਦੇ ਵਿਪਰੀਤ ਲੋੜਵੰਦ ਦੇ ਦੁੱਖ ਨੂੰ ਦੇਖ ਕੇ ਖੁਸ਼ ਹੁੰਦੇ ਹਨ। ਰਾਜੇ ਭਗੀਰਥ ਨੇ ਤਪ ਕਰਕੇ ਗੰਗਾ ਦਰਿਆ ਨੂੰ ਅਰਸ਼ਾਂ ਤੋਂ ਪ੍ਰਾਪਤ ਕੀਤਾ ਅਤੇ ਭਾਰਤ ਵਰਸ਼ ਦੇ ਕਲਿਆਣ ਲਈ ਇਸ ਨੂੰ ਭਾਰਤ ਦੇ ਮੈਦਾਨਾਂ ਵਿਚ ਲਿਆਂਦਾ ਪਰ ਜੋ ਕੁਟਲ ਪੁਰਸ਼ ਹੋਇਆ ਕਰਦੇ ਹਨ, ਉਹ ਗੰਗਾ ਲਿਆਉਣ ਵਾਲੇ ਨੂੰ ਨਿੰਦਣੋਂ ਨਹੀਂ ਹਟਦੇ। ਭਾਵੇਂ ਗੰਗਾ ਦੇ ਆਉਣ ਨਾਲ ਕਰੋੜਾਂ ਬੰਦਿਆਂ ਨੂੰ ਸ਼ੁਧ ਜਲ ਮਿਲਿਆ, ਖੇਤੀਆਂ ਹਰੀਆਂ ਭਰੀਆਂ ਹਨ, ਇਸ ਜਲ ਦੇ ਸਰੋਤ ਦੇ ਕੰਢੇ ਵੱਡੇ ਸ਼ਹਿਰ ਵਸੇ ਅਤੇ ਇਹ ਦਰਿਆ ਭਾਰਤ ਦਾ ਗੌਰਵ ਬਣਿਆ ਰਿਹਾ ਪਰ ਉਸ ਦਰਿਆ ਨੂੰ ਲਿਆਉਣ ਵਾਲੇ ਨੂੰ ਬੁਰਾ ਕਹਿਣੋਂ ਨਹੀਂ ਹਟਦੇ।

***ਬੈਠਤ ਉਠਤ ਕੁਟਿਲਤਾ ਚਾਲਹਿ॥***
***ਆਪੁ ਗਏ ਅਉਰਨ ਹੂ ਘਾਲਹਿ॥*** ***ਪੰਨਾ - 332***

ਬੈਠਦੇ ਉਠਦੇ, ਮੇਲ ਮਿਲਾਪ ਕਰਦੇ ਸਦਾ ਹੀ ਕੁਟਲਤਾ ਦਾ ਜੀਵਨ ਧਾਰ ਕੇ ਰਖਦੇ ਹਨ। ਆਪ ਤਾਂ ਗਏ ਗੁਜ਼ਰੇ ਹਨ ਅਤੇ ਦੂਸਰਿਆਂ ਨੂੰ ਵੀ ਉਸ ਰਸਤੇ ਤੇ ਚਲਾਉਣ ਦਾ ਯਤਨ ਕਰਦੇ ਹਨ, ਹੋਰਨਾਂ ਦੇ ਵੀ ਜੀਵਨ ਨੂੰ ਗਾਲ ਦਿਆ ਕਰਦੇ ਹਨ।

ਐਸੇ ਪੁਰਸ਼ ਬਹਿਸਾਂ, ਝਗੜਿਆਂ, ਮਿਤਰਤਾਵਾਦ ਤੋਂ ਬਿਨਾਂ ਹੋਰ ਕੁਝ ਜਾਣਦੇ ਹੀ ਨਹੀਂ। ਜੇ ਬ੍ਰਹਮਾ ਵੀ ਆ ਜਾਵੇ ਉਸਦੀ ਵੀ ਗੱਲ ਨਹੀਂ ਮੰਨਦੇ, ਭਾਵੇਂ ਵੱਡੇ ਤੋਂ ਵੱਡਾ ਵਿਦਵਾਨ ਹੋਵੇ ਉਹਦੀ ਗੱਲ ਵੀ ਨਹੀਂ ਮੰਨਦੇ। ਆਪ ਤਾਂ ਡੁੱਬਦੇ ਹੀ ਹਨ ਦੂਸਰਿਆਂ ਨੂੰ ਵੀ ਡੋਬ ਦਿੰਦੇ ਹਨ। ਵਿਸ਼ੇ ਵਿਕਾਰਾਂ ਦੀ ਨੀਂਦ ਵਿਚ ਆਪ ਸੁੱਤੇ ਪਏ ਰਹਿੰਦੇ ਹਨ ਅਤੇ ਦੂਸਰਿਆਂ ਨੂੰ ਵੀ ਆਪਣੀ ਨੀਚ ਮਤ ਦੇ ਨਾਲ ਬਰਬਾਦ ਕਰ ਦਿੰਦੇ ਹਨ। ਦੂਸਰਿਆਂ ਵਲ ਦੇਖ ਕੇ ਹਸਦੇ ਹਨ ਭਾਵੇਂ ਉਨ੍ਹਾਂ ਦੇ ਮੁਕਾਬਲੇ ਉਪਰ ਇਨ੍ਹਾਂ ਦਾ ਆਪਣਾ ਜੀਵਨ ਬਹੁਤ ਘਟੀਆ ਕਿਉਂ ਨਾ ਹੋਵੇ। ਕਬੀਰ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਅਜਿਹੇ ਪੁਰਸ਼ਾਂ ਨੂੰ ਦੇਖ ਕੇ ਅਸਾਨੂੰ ਤਾਂ ਲੱਜਿਆ ਆਉਂਦੀ ਹੈ। ਪੂਰਾ ਸ਼ਬਦ ਇਸ ਤਰ੍ਹਾਂ ਹੈ –

*ਛਾਡਿ ਕੁਚਰਚਾ ਆਨ ਨ ਜਾਨਹਿ॥*
*ਬ੍ਰਹਮਾ ਹੂ ਕੋ ਕਹਿਓ ਨ ਮਾਨਹਿ॥*
*ਆਪੁ ਗਏ ਅਉਰਨ ਹੂ ਖੋਵਹਿ॥*
*ਆਗਿ ਲਗਾਇ ਮੰਦਰ ਮੈ ਸੋਵਹਿ॥*
*ਅਵਰਨ ਹਸਤ ਆਪ ਹਹਿ ਕਾਂਨੇ॥*
*ਤਿਨ ਕਉ ਦੇਖਿ ਕਬੀਰ ਲਜਾਨੇ॥ ਪੰਨਾ - 332*

ਸੋ ਇਹ ਅਵਗੁਣ ਆਤਮ ਮਾਰਗ ਤੇ ਇਕ ਕਦਮ ਵੀ ਨਹੀਂ ਚਲਣ ਦਿੰਦੇ। ਇਸ ਕਰਕੇ ਬਹੁਤ ਸਾਵਧਾਨੀ ਵਰਤ ਕੇ ਜੀਵਨ ਵਿਚ ਅਕੁਟਲ ਰਹਿਣਾ ਚਾਹੀਦਾ ਹੈ ਅਤੇ ਗੁਰੂ ਦੀ ਸੇਵਾ ਕਰਕੇ ਆਪਣਾ ਪ੍ਰਮ ਮਨੋਰਥ, ਜਿਸ ਵਾਸਤੇ ਇਹ ਜੀਵ ਸੰਸਾਰ ਵਿਚ ਆਇਆ ਹੈ, ਉਹ ਪ੍ਰਾਪਤ ਕਰੇ। ਫੁਰਮਾਨ ਆਉਂਦਾ ਹੈ ਕਿ –

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26*

ਇਸ ਕਰਕੇ ਸੇਵਾ ਮੰਗਣੀ ਚਾਹੀਦੀ ਹੈ, ਸੇਵਾ ਕਰਕੇ ਹੀ ਆਪਣੇ ਜੀਵਨ ਮਨੋਰਥ, ਪ੍ਰਭੂ ਦੀ ਪ੍ਰਾਪਤੀ ਹੋ ਸਕਿਆ ਕਰਦੀ ਹੈ –

*ਐਸੀ ਮਾਂਗੁ ਗੋਬਿਦ ਤੇ॥*
*ਟਹਲ ਸੰਤਨ ਕੀ ਸੰਗੁ ਸਾਧੂ ਕਾ*
*ਹਰਿ ਨਾਮਾਂ ਜਪਿ ਪਰਮ ਗਤੇ॥ ਪੰਨਾ - 1298*

ਅਤੇ ਇਸ ਤਰ੍ਹਾਂ ਵੀ ਆਉਂਦਾ ਹੈ –

*ਆਉ ਸਖੀ ਸੰਤ ਪਾਸਿ ਸੇਵਾ ਲਾਗੀਐ॥*
*ਪੀਸਉ ਚਰਣ ਪਖਾਰਿ ਆਪੁ ਤਿਆਗੀਐ।।*
*ਤਜਿ ਆਪੁ ਮਿਟੈ ਸੰਤਾਪੁ ਆਪੁ ਨਹ ਜਾਣਾਈਐ॥*
*ਸਰਣਿ ਗਹੀਜੈ ਮਾਨਿ ਲੀਜੈ ਕਰੇ ਸੋ ਸੁਖੁ ਪਾਈਐ॥*
*ਪੰਨਾ - 457*

ਗੁਰੂ ਦੀ ਸੇਵਾ ਕੀਤੇ ਬਗੈਰ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਭਗਤੀ ਦੇ ਰਸਤੇ ਤੇ ਚਲ ਸਕਦਾ ਹੈ ਜਿਵੇਂ ਕਿ –

*ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ॥*
*ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ।।*
*ਪੰਨਾ - 1013*

ਆਪਣਾ ਆਪਾ, ਆਪਣੇ ਪ੍ਰਾਣ, ਆਪਣਾ ਧਨ ਗੁਰੂ ਦੇ ਚਰਨਾਂ ਤੇ ਭੇਟਾ ਕਰਕੇ ਸੇਵਾ ਕਰਨ ਲਈ ਪ੍ਰੇਰਨਾ ਗੁਰੂ ਮਹਾਰਾਜ ਕਰਦੇ ਹਨ ਜਿਵੇਂ ਕਿ –

*ਹਉ ਪਾਣੀ ਪਖਾ ਪੀਸਉ ਸੰਤ ਆਗੈ*
*ਪਗ ਮਲਿ ਮਲਿ ਧੂਰਿ ਮੁਖਿ ਲਾਈਐ॥ ਪੰਨਾ - 881*

ਗੁਰੂ ਦੀ ਸੇਵਾ ਤੋਂ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰ ਸੰਗਤ ਵਿਚ ਗੁਣ ਗਾ ਕੇ ਬਹੁਤ ਉਚੀ ਪਦਵੀ ਪ੍ਰਾਪਤ ਕਰ ਲੈਂਦਾ ਹੈ, ਆਪ ਵੀ ਤਰਦਾ ਹੈ ਅਤੇ ਆਪਣੀ ਕੁਲ ਨੂੰ ਵੀ ਤਾਰ ਦਿੰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਗੁਰ ਕੀ ਸੇਵਾ ਸਦਾ ਸੁਖੁ ਪਾਏ॥*
*ਸੰਤਸੰਗਤਿ ਮਿਲਿ ਹਰਿ ਗੁਣ ਗਾਏ॥*
*ਨਾਮੇ ਨਾਮਿ ਕਰੇ ਵੀਚਾਰੁ॥*
*ਆਪਿ ਤਰੈ ਕੁਲ ਉਧਰਣਹਾਰੁ॥ ਪੰਨਾ - 362*

ਅਤੇ

*ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ॥*
*ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ॥*
*ਪੰਨਾ - 814*

ਤਨ, ਮਨ, ਧਨ ਵਾਰ ਕੇ ਗੁਰੂ ਦੀ ਸੇਵਾ ਕਰੇ ਅਤੇ ਅੱਗੇ ਮਹਾਂਪੁਰਸ਼ਾਂ ਨੇ ਸੌਚ ਬਾਰੇ ਲਿਖਿਆ ਹੈ ਕਿ ਸਰੀਰ ਨੂੰ ਵੀ ਮੈਲ ਤੋਂ ਸ਼ੁੱਧ ਰੱਖੇ ਕਿਉਂਕਿ ਸਰੀਰ ਵਿਚ ਵਾਹਿਗੁਰੂ ਜੀ ਨੇ ਸਾਢੇ ਤਿੰਨ ਕਰੋੜ ਰੋਮ ਰੱਖੇ ਹੋਏ ਹਨ ਜਿਨ੍ਹਾਂ ਵਿਚੋਂ ਹਰ ਸਮੇਂ ਹੀ ਭਿਆਨਕ ਕਿਸਮ ਦੀਆਂ ਮੈਲਾਂ ਨਿਕਲਦੀਆਂ ਰਹਿੰਦੀਆਂ ਹਨ। ਇਹ ਧੋਤਿਆਂ ਵੀ ਸ਼ੁਧ ਨਹੀਂ ਹੁੰਦਾ, ਆਪ ਤਾਂ ਇਸ ਮੈਲ ਕਾਰਨ ਰੋਗੀ ਹੁੰਦਾ ਹੈ ਦੂਸਰਿਆਂ ਨੂੰ ਵੀ ਰੋਗੀ ਬਣਾ ਦਿੰਦਾ ਹੈ। ਗੁਰੂ ਘਰ ਅੰਦਰ ਸਰੀਰ ਦੀ ਸ਼ੁਧਤਾ ਵੀ ਜ਼ਰੂਰੀ ਹੈ ਅਤੇ ਮਨ ਦੀ ਸ਼ੁਧਤਾ ਵੀ ਜ਼ਰੂਰੀ ਹੈ। ਅਰੋਗਤਾ ਲਈ ਇਸ਼ਨਾਨ ਕਰਕੇ ਪ੍ਰਭੂ ਦੇ ਚਰਨਾਂ ਨਾਲ ਚਿੱਤ ਜੋੜਨਾ ਅਵੱਸ਼ਕ ਹੈ ਜਿਵੇਂ ਕਿ –

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥*
*ਪੰਨਾ - 611*

ਮਨ ਦੀ ਮੈਲ ਜਿਸ ਨੂੰ ਗੁਰੂ ਘਰ ਵਿਚ ਮਤ ਦੀ ਮੈਲ ਆਖਿਆ ਗਿਆ ਹੈ ਅਤੇ ਇਸੇ ਨੂੰ ਅੰਤਸ਼ਕਰਣ ਦੀ ਮੈਲ ਵੀ ਆਖਿਆ ਜਾਂਦਾ ਹੈ ਇਸ ਵਿਚ ਰਾਗ, ਦ੍ਵੈਸ਼, ਆਪਣੇ ਬੇਗਾਨੇ, ਚੰਗੇ ਬੁਰੇ ਆਦਿ ਦੂੰਦਾਂ ਦੀ ਮੈਲ ਸਦਾ ਹੀ ਭਰੀ ਰਹਿੰਦੀ ਹੈ। ਇਸ ਮੈਲ ਨੂੰ ਦੂਰ ਕਰਨ ਵਾਸਤੇ ਨਾਮ ਜਪਣ ਦੀ ਲੋੜ ਹੈ, ਬਾਣੀ ਪੜ੍ਹਨ ਦੀ ਲੋੜ ਹੈ ਕਿਉਂਕਿ ਜੇ ਮਨ ਵਿਚ ਮੈਲ ਰਹੀ ਤਾਂ ਸਭ ਕੁਝ ਮੈਲਾ ਹੀ ਰਹਿੰਦਾ ਹੈ –

*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥*
*ਪੰਨਾ - 558*

ਮਹਾਂਪੁਰਸ਼ ਲਿਖਦੇ ਹਨ –

*ਜਲ ਮਾਟੀ ਤੇ ਤਨ ਸੁਧ ਕੀਜੈ।*
*ਰਾਗ ਦ੍ਵੈਖ ਤਜ ਮਨ ਸੁਧ ਕੀਜੈ।*

ਮਨ ਦੀ ਮੈਲ ਦੂਰ ਕਰਨ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥ ਪੰਨਾ - 4*

'ਆਤਮ ਮਾਰਗ' ਜਿਸ ਨੂੰ ਮੁਕਤ ਆਤਮਾ ਵੀ ਆਖਿਆ ਜਾਂਦਾ ਹੈ, ਇਸ ਤੇ ਚੱਲਣ ਦਾ ਦ੍ਰਿੜ੍ਹ ਭਰੋਸਾ ਮਨ ਵਿਚ ਹੋਣਾ ਜ਼ਰੂਰੀ ਹੈ ਅਤੇ ਸੰਜਮ ਵਾਲਾ ਜੀਵਨ ਧਾਰਨ ਕਰਨਾ ਚਾਹੀਦਾ ਹੈ। ਸਰੀਰ ਨੂੰ ਸਦਾ ਹੀ ਖਾਣ ਪੀਣ ਦਾ ਸੰਜਮੀ ਬਣਾਉਣਾ ਜ਼ਰੂਰੀ ਹੈ। ਪਹਿਨਣ, ਬੋਲਣ, ਸੌਣ ਦਾ ਵੀ ਸੰਜਮ ਹੋਣਾ ਚਾਹੀਦਾ ਹੈ। ਆਪ ਲਿਖਦੇ ਹਨ –

*ਮੁਕਤਿ ਮਾਰਗ ਮੇਂ ਦ੍ਰਿੜ ਭਰੋਸਾ।*
*ਸੰਜਮ ਸਦਾ ਸਰੀਰ ਰਖੇਸਾ।*
*ਇੰਦ੍ਰੀ ਵਿਸ਼ੇ ਤੇ ਕਰ ਵੈਰਾਗਾ।*
*ਨਿਰਹੰਕਾਰ ਹੋਇ ਵਡਭਾਗਾ।*

ਇੰਦ੍ਰੀਆਂ ਦੇ ਵਿਸ਼ੇ ਜਿਵੇਂ ਕਿ ਅੱਖਾਂ ਦਾ ਵਿਸ਼ਾ ਰੂਪ ਹੈ, ਨੱਕ ਦਾ ਵਿਸ਼ਾ ਗੰਧ ਹੈ, ਜੀਭ ਦਾ ਵਿਸ਼ਾ ਰਸ ਹੈ, ਕੰਨਾਂ ਦਾ ਵਿਸ਼ਾ ਸ਼ਬਦ ਹੈ ਅਤੇ ਭੋਗ ਇੰਦ੍ਰੀਆਂ ਦਾ ਵਿਸ਼ਾ ਸਪਰਸ਼ ਹੈ। ਇਨ੍ਹਾਂ ਤੋਂ ਬਚ ਕੇ ਚਲਣਾ ਚਾਹੀਦਾ ਹੈ ਕਿਉਂਕਿ ਇਕ-ਇਕ ਵਿਸ਼ਾ ਪੂਰੀ ਤਰ੍ਹਾਂ ਨਾਲ ਵਿਨਾਸ਼ ਦਾ ਕਾਰਨ ਬਣ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਇਨ੍ਹਾਂ ਦਾ ਹੋਰ ਵਖਿਆਨ ਕਰਦਿਆਂ ਫੁਰਮਾਇਆ ਹੈ –

*ਹਉਮੈ ਰੋਗੁ ਮਾਨੁਖ ਕਉ ਦੀਨਾ॥*
*ਕਾਮ ਰੋਗਿ ਮੈਗਲੁ ਬਸਿ ਲੀਨਾ॥* *ਪੰਨਾ - 1140*

ਇਕ-ਇਕ ਵਿਸ਼ਾ ਕਿੰਨਾ ਮਾਰੂ ਹੈ ਜਿਵੇਂ ਕਿ ਹਉਮੈ ਦਾ ਰੋਗ ਮਨੁੱਖ ਨੂੰ ਲੱਗਿਆ ਹੋਇਆ ਹੈ। ਇਹ ਜੀਵ ਵਾਹਿਗੁਰੂ ਜੀ ਦੀ ਅੰਸ ਹੈ ਅਤੇ ਵਾਹਿਗੁਰੂ ਜੀ ਤੋਂ ਅਨਿੱਖੜਵਾਂ ਇਸ ਦਾ ਰੂਪ ਹੈ। ਇਸ ਦੀ ਹੋਂਦ ਕੋਈ ਵੀ ਨਹੀਂ ਹੈ ਇਹ ਆਪ ਹੀ ਪ੍ਰਮੇਸ਼ਰ ਹੈ ਪਰ ਹਉਮੈ ਰੋਗ ਕਰਕੇ ਇਸ ਦੀ ਜੋ ਚੇਤਨਤਾ ਸਰੀਰ ਵਿਚ ਹੈ ਉਹ ਵੱਖਰੀ ਹੋਣ ਕਰਕੇ ਜੀਵ ਦੀ ਸੰਗਿਆ ਵਿਚ ਆਈ ਜਿਸ ਕਰਕੇ ਇਹ ਜੀਵ ਆਤਮਾ ਸਦਾ ਹੀ ਮਰਦਾ ਤੇ ਜੰਮਦਾ ਰਹਿੰਦਾ ਹੈ, ਕਰਮਾਂ ਦਾ ਫਲ ਭੋਗਦਾ ਹੈ। ਜਦੋਂ ਇਸ ਨੂੰ ਗਿਆਨ ਹੋ ਜਾਂਦਾ ਹੈ ਇਸ ਨੂੰ ਆਪਣੇ ਅੰਦਰੋਂ ਹੀ ਪ੍ਰਮੇਸ਼ਰ ਦੀ ਸੋਝੀ ਹੋਣ ਕਰਕੇ ਇਸ ਦਾ ਭੇਦ ਭਰਮ ਮਿਟ ਜਾਇਆ ਕਰਦਾ ਹੈ। 'ਸੰਗ ਭਰਮ' ਦਾ ਦੋਖ ਵੀ ਖਤਮ ਹੋ ਜਾਂਦਾ ਹੈ। ਆਪਾ ਚੀਨ ਕੇ ਸਾਰੇ ਭਰਮਾਂ ਦਾ ਨਾਸ਼ ਹੋ ਕੇ ਇਸ ਦਾ ਹਿਰਦੇ ਵਿਚ ਪ੍ਰਕਾਸ਼ ਹੋ ਜਾਂਦਾ ਹੈ। ਤਾਂ ਕੀ ਦੇਖਦਾ ਹੈ ਕਿ ਇਕੋ ਵਾਹਿਗੁਰੂ ਸਾਰੇ ਪਰੀਪੂਰਨ ਹੈ ਜਿਸ ਤਰ੍ਹਾਂ ਕਿ ਫੁਰਮਾਨ ਆਉਂਦਾ ਹੈ –

*ਜੇਤਾ ਸਬਦੁ ਸੁਰਤਿ ਧੁਨਿ ਤੇਤੀ*
*ਜੇਤਾ ਰੂਪੁ ਕਾਇਆ ਤੇਰੀ॥*
*ਤੂੰ ਆਪੇ ਰਸਨਾ ਆਪੇ ਬਸਨਾ*
*ਅਵਰੁ ਨ ਦੂਜਾ ਕਹਉ ਮਾਈ॥*
*ਸਾਹਿਬੁ ਮੇਰਾ ਏਕੋ ਹੈ॥*
*ਏਕੋ ਹੈ ਭਾਈ ਏਕੋ ਹੈ॥*
*ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ॥*
*ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ॥*
*ਪੰਨਾ - 350*

ਸੋ ਕੇਵਲ ਹਉਮੈ ਦੇ ਰੋਗ ਕਰਕੇ ਇਹ ਜੀਵ ਰੂਪ ਵਿਚ ਵੱਖਰੀ ਹਸਤੀ ਕਾਇਮ ਕਰ ਲੈਂਦਾ ਹੈ। ਕ੍ਰੋੜਾਂ ਜਨਮਾਂ ਤਕ ਦੁਖ ਭੋਗਦਾ ਹੈ, ਉਸ ਵੇਲੇ ਤਕ ਦੁਖੀ ਰਹਿੰਦਾ ਹੈ ਜਦੋਂ ਤਕ ਇਸ ਨੂੰ ਹਉਮੈ ਰੋਗ ਤੋਂ ਛੁਟਕਾਰਾ ਨਹੀਂ ਮਿਲਦਾ।

ਹਾਥੀ ਕਿੱਡਾ ਬਲ ਵਾਲਾ ਪਸ਼ੂ ਹੈ ਪਰ ਕਾਮ ਦੇ ਵਸ ਆਇਆ ਹੋਇਆ ਆਦਮੀ ਦੇ ਕਾਬੂ ਆ ਜਾਇਆ ਕਰਦਾ ਹੈ। ਉਸ ਨੂੰ ਕਾਬੂ ਕਰਨ ਲਈ ਇਕ ਟੋਆ ਪੁੱਟ ਕੇ ਘਾਹ ਫੂਸ ਨਾਲ ਛੱਤ ਦਿਤਾ ਜਾਂਦਾ ਹੈ, ਉਸ ਦੇ ਉਤੇ ਇਕ ਕਾਗਜ਼ਾਂ ਦੀ ਹਥਣੀ ਬਣਾ ਕੇ ਖੜ੍ਹੀ ਕਰ ਦਿੰਦੇ ਹਨ। ਹਾਥੀ ਕਾਮ ਰੋਗ ਦਾ ਮਾਰਿਆ ਬਿਨਾਂ ਵਿਚਾਰੇ ਹਥਣੀ ਵਲ ਦੌੜਦਾ ਇਸ ਟੋਏ ਵਿਚ ਗਿਰ ਜਾਂਦਾ ਹੈ ਅਤੇ ਆਦਮੀ ਇਸ ਨੂੰ ਵਸ ਵਿਚ ਕਰ ਲੈਂਦਾ ਹੈ। ਪਤੰਗੇ ਨੂੰ ਦ੍ਰਿਸ਼ਟੀ ਦਾ ਰੋਗ ਹੈ। ਉਹ ਦੀਵੇ ਦੀ ਲਾਟ ਨੂੰ ਦੇਖ ਉਸ ਵਲ ਨੂੰ ਦੌੜਿਆ ਜਾਂਦਾ ਹੈ ਅਤੇ ਸੜ ਕੇ ਆਪਣੇ ਪ੍ਰਾਣ ਤਿਆਗ ਦਿੰਦਾ ਹੈ –

*ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥*
*ਨਾਦ ਰੋਗਿ ਖਪਿ ਗਏ ਕੁਰੰਗਾ॥* *ਪੰਨਾ - 1140*

ਮਿਰਗ ਨੂੰ ਫੜਨ ਵਾਸਤੇ ਸ਼ਿਕਾਰੀ ਘੰਡੇ ਹੇੜੇ ਦੀ ਆਵਾਜ਼ ਪੈਦਾ ਕਰਦਾ ਹੈ ਜਿਸ ਨੂੰ ਸੁਣ ਕੇ ਹਿਰਨ ਮੋਹਿਤ ਹੋ ਜਾਂਦਾ ਹੈ ਅਤੇ ਧਰਤੀ ਤੇ ਲਿਟਣ ਲਗ ਜਾਂਦਾ ਹੈ। ਸ਼ਿਕਾਰੀ ਉਸ ਨੂੰ ਨੇੜੇ ਹੋ ਕੇ ਫੜ ਲੈਂਦਾ ਹੈ ਅਤੇ ਉਸ ਨੂੰ ਖਾ ਲੈਂਦਾ ਹੈ। ਇਸੇ ਤਰ੍ਹਾਂ ਨਾਲ ਜਿਹਭਾ ਰੋਗ ਮੱਛੀ ਨੂੰ ਹੋਣ ਕਰਕੇ ਸ਼ਿਕਾਰੀ ਕੁੰਡੀ ਨੂੰ ਆਟਾ ਲਾ ਕੇ ਜਾਂ ਮਾਸ ਦੀ ਬੋਟੀ ਲਾ ਕੇ ਪਾਣੀ ਵਿਚ ਸੁੱਟ ਦਿੰਦਾ ਹੈ ਜਦੋਂ ਮੱਛੀ ਆ ਕੇ ਉਸ ਨੂੰ ਨਿਘਲਦੀ ਹੈ ਤਾਂ ਕੁੰਡੀ ਨੂੰ ਵੀ ਅੰਦਰ ਹੀ ਲੈ ਜਾਂਦੀ ਹੈ। ਸ਼ਿਕਾਰੀ ਜ਼ੋਰ ਨਾਲ ਝਟਕਾ ਮਾਰ ਕੇ ਉਸ ਨੂੰ ਕੱਢ ਲਿਆ ਕਰਦਾ ਹੈ। ਇਸੇ ਤਰ੍ਹਾਂ ਨਾਲ ਬਾਸਨਾ ਦਾ ਰੋਗ ਭੰਵਰੇ ਨੂੰ ਹੈ। ਉਹ ਫੁੱਲ ਵਿਚ ਬੈਠ ਜਾਂਦਾ ਹੈ, ਸ਼ਾਮ ਹੋਈ ਤੇ ਫੁੱਲ ਬੰਦ ਹੋ ਜਾਂਦਾ ਹੈ ਅਤੇ ਉਹ ਉਸ ਵਿਚ ਘੁਟ ਕੇ ਮਰ ਜਾਂਦਾ ਹੈ। ਸੋ ਸਾਰਾ ਸੰਸਾਰ ਮੋਹ ਦੇ ਵਸ ਵਿਚ ਰਜੋ ਗੁਣ, ਤਮੋ ਗੁਣ, ਸਤੋ ਗੁਣ ਦਾ ਬੰਨ੍ਹਿਆ ਹੋਇਆ ਦੁਖੀ ਹੁੰਦਾ ਹੈ। ਫੁਰਮਾਨ ਹੈ–

*ਜਿਹਵਾ ਰੋਗਿ ਮੀਨੁ ਗ੍ਰਸਿਆਨੋ॥*
*ਬਾਸਨ ਰੋਗਿ ਭਵਰੁ ਬਿਨਸਾਨੋ॥*
*ਹੇਤ ਰੋਗ ਕਾ ਸਗਲ ਸੰਸਾਰਾ॥*
*ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥* *ਪੰਨਾ - 1140*

ਸੋ ਇਸ ਕਰਕੇ ਮਹਾਂਪੁਰਸ਼ ਫੁਰਮਾਨ ਕਰਦੇ ਹਨ ਕਿ ਇੰਦ੍ਰੀਆਂ ਦੇ ਵਿਸ਼ੇ ਤੋਂ ਬੈਰਾਗਵਾਨ ਹੋ ਕੇ ਨਿਰਹੰਕਾਰ ਰਹਿ ਕੇ ਜੀਵਨ ਬਤੀਤ ਕਰੇ। ਕਿਉਂਕਿ ਇਹ ਪੰਜੇ ਵਿਸ਼ੇ – ਸ਼ਬਦ, ਸਪਰਸ਼, ਰੂਪ, ਰਸ, ਗੰਧ ਪੰਜੋਂ ਇੰਦ੍ਰੀਆਂ ਨੂੰ ਸਦਾ ਹੀ ਮੋਹਿਤ ਕਰਕੇ ਰਖਦੇ ਹਨ –

*ਇੰਦ੍ਰੀ ਵਿਸ਼ੇ ਤੇ ਕਰ ਵੈਰਾਗਾ।*
*ਨਿਰਹੰਕਾਰ ਹੋਇ ਵਡਭਾਗਾ।*
*ਜਨਮ ਮਰਨ ਜਗ ਰੋਗ ਜੋ ਦੁਖਾ।*
*ਦੋਖ ਰੂਪ ਸਮਝੇ ਗੁਰਮੁਖਾ।*
*ਇਸਤ੍ਰੀ ਪੁੱਤ੍ਰ ਮੋਹਿ ਤਿਆਗੇ।*
*ਪੁਤ੍ਰ ਆਦਿ ਸੁਖ ਦੁਖ ਬੈਰਾਗੇ।*

ਜਨਮ ਮਰਨ ਦਾ ਬੜਾ ਭਾਰਾ ਦੁਖ ਹੈ। ਸੋ ਇਸ ਕਰਕੇ ਪਰਵਾਰਿਕ ਮੋਹ ਤਿਆਗ ਕੇ ਆਪਣੇ ਫਰਜ਼ ਪੂਰੇ ਕਰਦਾ ਹੋਇਆ ਹੀ ਆਤਮ ਮਾਰਗ ਤੇ ਚਲਿਆ ਜਾ ਸਕਦਾ ਹੈ। ਮੋਹ ਦੇ ਵਸ ਹੋਇਆ-ਹੋਇਆ ਜੀਵ ਪ੍ਰਬਲ ਵਾਸ਼ਨਾ ਹੋਣ ਕਰਕੇ ਉਸੇ ਘਰ ਵਿਚ ਬਾਰ-ਬਾਰ ਅਨੇਕਾਂ ਜੂਨਾਂ ਧਾਰ ਕੇ ਜੰਮਦਾ ਮਰਦਾ ਰਹਿੰਦਾ ਹੈ।

*ਭਲੇ ਬੁਰੇ ਸੰਗ ਸਮ ਚਿਤ ਰਹਿਣਾ।*
*ਹਰਿ ਬਿਨ ਤਿਆਗ ਇਕ ਮਨ ਹਰਿ ਗਹਿਣਾ।*

ਵਾਹਿਗੁਰੂ ਤੋਂ ਬਗੈਰ ਹੋਰ ਸਾਰੀਆਂ ਚੀਜ਼ਾਂ ਨੂੰ ਤਿਆਗ ਕੇ ਵਾਹਿਗੁਰੂ ਦੇ ਪਿਆਰ ਦਾ ਗਹਿਣਾ ਪਹਿਨਣਾ ਅਤੇ ਭਲਿਆਂ ਬੁਰਿਆਂ ਨਾਲ ਸਮ ਚਿਤ ਰਹਿਣਾ। ਕਿਸੇ ਦੇ ਦੋਖ ਨੂੰ ਨਾ ਚਿਤਾਰਨਾ ਇਹ ਆਤਮ ਮਾਰਗ ਦੀ ਰਹਿਤ ਹੈ। ਆਪਣੇ ਆਪ ਨੂੰ ਪ੍ਰਸੰਨ ਚਿਤ ਰੱਖ ਕੇ ਇਕਾਂਤ ਵਿਚ ਇਕ ਚਿਤ ਹੋ ਕੇ ਭਜਨ ਕਰਨਾ, ਬਾਹਰਮੁਖੀ ਰਹਿਣ ਵਾਲਿਆਂ ਅਤੇ ਐਧਰਲਿਆਂ, ਉਧਰਲਿਆਂ, ਬੇਮਤਲਬਿਆਂ ਦੀ ਸੰਗਤ ਤਿਆਗ ਕੇ ਗੁਰਮੁਖਾਂ ਦੀ ਸੰਗਤ ਕਰਨਾ –

*ਚਿਤ ਪ੍ਰਸੰਨ ਹਿਤ ਰਹੈ ਇਕਾਂਤੀ।*
*ਬਾਹਰ ਮੁਖ ਜਨ ਤਿਆਗ ਸਗਾਤੀ।*

ਚਿਤ ਦੀ ਇਕਾਗਰਤਾ ਰੱਖ ਕੇ ਭਜਨ ਕਰਨਾ, ਆਪਣੇ ਸਰੂਪ ਦਾ ਚਿੰਤਨ ਕਰਨਾ ਅਤੇ ਹਉਮੈ ਤੋਂ ਰਹਿਤ ਹੋ ਕੇ ਆਪਣੇ ਆਪ ਨੂੰ ਆਤਮ ਸਮਝਣਾ ਜੋ ਕਿ ਸਤਿ ਹੈ। ਇਸ ਦੀ ਦ੍ਰਿੜ੍ਹਤਾ ਲਈ ਅਭਿਆਸ ਕਰਨਾ ਅਤੇ ਸਾਰੇ ਸੰਸਾਰ ਤੋਂ ਉਚਾ ਹੋ ਕੇ ਵਿਚਰਨਾ। ਇਹ ਗੁਣ ਜੋ ਉਪਰ ਦਸੇ ਗਏ ਹਨ ਇਹ ਗਿਆਨ ਦੀ ਸਮੱਗਰੀ ਹੈ ਜਿਸ ਨੂੰ ਪ੍ਰਾਪਤ ਕਰਕੇ ਅਸੀਂ ਸੱਚੀ ਟਕਸਾਲ ਸ਼ਬਦ ਦੀ ਘਾੜਤ ਕਰ ਸਕਦੇ ਹਾਂ।

*ਤਤ ਤ੍ਵੰ ਪਦਾਰਥ ਸੋਧਨ ਕਰਨਾ*
*ਮੁਕਤਿ ਸਰਬ ਸੇ ਊਚ ਬਿਚਰਨਾ*
*ਬੀਸ ਗੁਣ ਇਹ ਗਿਆਨ ਸਮੱਗਰੀ।*
*ਬਰਨੈ ਭਿੰਨ ਭਿੰਨ ਉਜਗਰੀ।*

*'ਚਲਦਾ'*

□□□□□□□□

## ਪਾਠਕਾਂ ਲਈ ਜ਼ਰੂਰੀ ਬੇਨਤੀ

1. **ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੇਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।**
2. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
3. **Out station (ਬਾਹਰਲੇ ਥਾਵਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ 180/- ਰੁਪਏ ਦਾ ਚੈਕ ਬਣਾ ਕੇ ਭੇਜਿਆ ਜਾਵੇ।**

# ਲਿਵ ਲਗਾਉਣ ਸਬੰਧੀ ਤੱਤ ਗਿਆਨ

***ਡਾ. ਵੇਦ ਭਾਰਤੀ ਜੀ, ਡੀ. ਲਿਟ***

ਵੇਦਾਂਤ ਫਿਲੌਸਫੀ ਦੇ ਸਰੋਤ ਦੀਆਂ ਕੁਝ ਵਿਸ਼ੇਸ਼ ਪੁਸਤਕਾਂ ਹਨ ਇਨ੍ਹਾਂ ਨੂੰ 'ਪ੍ਰਾਸਥਨਾ ਤ੍ਰੀਆ' ਕਿਹਾ ਜਾਂਦਾ ਹੈ, ਇਹ ਤਿੰਨ ਪੁਸਤਕਾਂ ਇਸ ਤਰ੍ਹਾਂ ਹਨ - ਬ੍ਰਹਮ ਸੂਤਰ, ਉਪਨਿਸ਼ਦ ਅਤੇ ਭਗਵਤ ਗੀਤਾ। ਬਹੁਤ ਦੇਰ ਤੋਂ ਪੱਛਮੀ ਦੁਨੀਆਂ ਵਿਚ ਜਦੋਂ ਅਸੀਂ ਭਾਰਤੀ ਫਿਲੌਸਫੀ ਦੀ ਗੱਲ ਕਰਦੇ ਸੀ ਤਾਂ ਉਹ ਕਹਿੰਦੇ ਸਨ ਬਹੁਤ ਲੋਕ ਗੀਤਾ ਪੜ੍ਹਦੇ ਹਨ, ਘੱਟ ਲੋਕ ਉਪਨਿਸ਼ਦ ਪੜ੍ਹਦੇ ਹਨ, ਕੋਈ ਵਿਰਲਾ ਹੀ ਬ੍ਰਹਮ ਸੂਤਰ ਪੜ੍ਹਦਾ ਹੈ, ਬਹੁਤ ਘੱਟ ਹੀ ਬ੍ਰਹਮ ਸੂਤਰ ਸਮਝ ਸਕਦੇ ਹਨ। ਮੈਂ ਤੁਹਾਨੂੰ ਬ੍ਰਹਮ ਸੂਤਰ ਪੜ੍ਹਾਵਾਂਗਾ, ਪਰ ਇਸ ਤੋਂ ਪਹਿਲਾਂ ਸਿਧਾਂਤ ਨੂੰ ਸਮਝਣਾ ਜ਼ਰੂਰੀ ਹੈ, ਇਕ ਪੁਸਤਕ ਜਿਹੜੀ ਵੇਦਾਂਤ ਦਾ ਸਾਰ ਦਸਦੀ ਹੈ - Vedandta Reconstruction by Elliot Deuseh ਜਿਹੜੇ ਵੇਦਾਂਤ ਫਿਲੌਸਫੀ ਦਾ ਨਿਚੋੜ ਜਾਨਣਾ ਚਾਹੁੰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ, ਉਹ ਇਹ ਪੁਸਤਕ ਪੜ੍ਹਨ। ਪਿਛਲੀ ਵਾਰੀ ਮੈਂ ਤੁਹਾਨੂੰ ਵੇਦਾਂਤ ਫਿਲੌਸਫੀ ਦਾ ਸਾਰ ਛੇ ਵਾਕਾਂ ਵਿਚ ਦਿਤਾ ਸੀ। ਸ਼ੰਕਰਾਚਾਰੀਆ ਵੇਦਾਂਤ ਫਿਲੌਸਫੀ ਦੇ ਸੰਚਾਲਕ ਕਹਿੰਦੇ ਸਨ, "ਮੈਂ ਤੁਹਾਨੂੰ ਅੱਧੇ ਘੰਟੇ ਵਿਚ ਵੇਦਾਂਤ ਬਾਰੇ ਉਹ ਕੁਝ ਦਸ ਸਕਦਾ ਹਾਂ ਜੋ ਲੱਖਾਂ ਕਿਤਾਬਾਂ ਵਿਚ ਲਿਖਿਆ ਹੋਇਆ ਹੈ। ਉਹ ਹੈ ਬ੍ਰਹਮ ਸਤਿ, ਜਗਤ ਮਿਥਿਆ, ਜੀਵ ਬ੍ਰਹਮ ਭਾਵ ਕੇਵਲ ਬ੍ਰਹਮ ਸਤਿ ਹੈ, ਸੰਸਾਰ ਮਿਥਿਆ ਹੈ, ਜੀਵ ਬ੍ਰਹਮ ਹੈ, ਬ੍ਰਹਮ ਤੋਂ ਬਿਨ੍ਹਾਂ ਏਥੇ ਹੋਰ ਕੋਈ ਹੈ ਹੀ ਨਹੀਂ। ਸਾਰੀ ਫਿਲੌਸਫੀ ਦਾ ਆਧਾਰ ਇਹ ਹੀ ਹੈ। ਵੇਦਾਂਤ ਦੀ ਫਿਲੌਸਫੀ ਦਾ ਅਧਾਰ, ਉਹ ਛੇ ਵਾਕ ਜਿਹੜੇ ਮੈਂ ਪਹਿਲਾਂ ਦੱਸ ਚੁਕਿਆ ਹਾਂ ਉਨ੍ਹਾਂ ਨੂੰ ਬਾਰ-ਬਾਰ ਪੜ੍ਹੋ, ਉਨ੍ਹਾਂ ਵਿਚੋਂ ਤੁਹਾਨੂੰ ਵੇਦਾਂਤ ਦੀ ਫਿਲੌਸਫੀ ਦਾ ਸਾਰ ਪਤਾ ਲੱਗੇਗਾ। ਜੇ ਤੁਸੀਂ ਹੋਰ ਅੱਗੇ ਜਾਣਾ ਚਾਹੁੰਦੇ ਹੋ ਤਾਂ ਅੰਤਮ ਸੱਚ ਕੇਵਲ ਬ੍ਰਹਮਾ ਹੀ ਹੈ, ਨਾ ਕੋਈ ਗੁਣ ਹਨ, ਨਾ ਕਾਰਨ, ਨਾ ਸਮਾਂ, ਨਾ ਥਾਂ। ਬ੍ਰਹਮ ਨਾਲ ਇਕ ਹੋਣ ਵਾਸਤੇ ਹੀ ਯੋਗੀ ਘੰਟਿਆਂ ਬੱਧੀ, ਦਿਨਾਂ ਬੱਧੀ, ਮਹੀਨਿਆਂ ਬੱਧੀ ਸਮਾਧੀ ਵਿਚ ਲੀਨ ਹੋ ਕੇ ਬੈਠਦੇ ਹਨ ਤਾਂ ਜੋ ਮਾਇਆ ਰੂਪੀ ਪੜਦਾ ਹਟਾ ਕੇ ਬ੍ਰਹਮ ਦੀ ਪ੍ਰਾਪਤੀ ਕਰ ਸਕਣ। ਜਿਹੜੀ ਮਾਇਆ ਏਥੇ ਪਸਰੀ ਹੋਈ ਹੈ, ਇਹ ਸੰਸਾਰ ਦਾ ਜੋ ਭਰਮ ਪਿਆ ਹੋਇਆ ਹੈ, ਇਸ ਵਿਚ ਕੋਈ ਸਚਾਈ ਨਹੀਂ ਹੈ। ਇਥੇ ਕੇਵਲ ਇਕ ਮਾਇਆ ਦਾ ਪਸਾਰਾ ਹੈ, ਇਕ ਭਰਮ ਦਾ ਪਸਾਰਾ ਹੈ, ਸਾਰਾ ਸੰਸਾਰ ਹੀ ਮਾਇਆ ਦੀ ਲਪੇਟ ਵਿਚ ਆਇਆ ਹੋਇਆ ਹੈ ਅਤੇ ਸਤਿ ਦਾ ਭੁਲੇਖਾ ਦਿੰਦਾ ਹੈ, ਅਸਤਿ ਕਈ ਵਾਰੀ ਸਤਿ ਲਗਣ ਲਗ ਪੈਂਦਾ ਹੈ। ਤਿੰਨ ਪ੍ਰਕਾਰ ਦੀ ਸਚਾਈ ਤੁਹਾਡੇ ਸਾਮ੍ਹਣੇ ਆਉਂਦੀ ਹੈ। ਇਨ੍ਹਾਂ ਸਚਾਈਆਂ ਦੀ ਪ੍ਰੋੜ੍ਹਤਾ ਲਈ ਕਈ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਸਿੱਪੀ ਦੀ ਚਮਕ ਜਿਸ ਨੂੰ ਤੁਸੀਂ ਚਾਂਦੀ ਦੀ ਚਮਕ ਸਮਝ ਬੈਠਦੇ ਹੋ; ਮ੍ਰਿਗਤ੍ਰਿਸ਼ਨਾ, ਤੁਸੀਂ ਰੇਤ ਨੂੰ ਚਮਕਦਿਆਂ ਦੇਖ ਕੇ ਪਾਣੀ ਸਮਝ ਬੈਠਦੇ ਹੋ, ਤੁਸੀਂ ਹਨ੍ਹੇਰੇ ਵਿਚ ਰੱਸੀ ਦੇਖ ਕੇ ਸੱਪ ਸਮਝ ਬੈਠਦੇ ਹੋ, ਤੁਸੀਂ ਸੱਪ ਦੇਖਦੇ ਹੋ ਤੇ ਰੱਸੀ ਸਮਝ ਬੈਠਦੇ ਹੋ। ਇਹ ਤਿੰਨ ਪ੍ਰਕਾਰ ਦੀਆਂ ਸਚਾਈਆਂ ਹੁੰਦੀਆਂ ਹਨ, ਪਹਿਲੀ ਹੈ ਪੂਰਨ ਭੁਲੇਖਾ, ਮਾਇਆ ਦਾ ਪਸਾਰਾ, ਜਿਸ ਵਿਚ ਸੱਪ ਨੂੰ ਇਕ ਰੱਸੀ ਸਮਝ ਬੈਠਦੇ ਹਾਂ ਤੇ ਰੱਸੀ ਨੂੰ ਸੱਪ ਸਮਝ ਬੈਠਦੇ ਹਾਂ; ਰੂਹ ਨੂੰ ਗਲਤੀ ਨਾਲ ਔਰਤ ਜਾਂ ਆਦਮੀ ਸਮਝ ਲਿਆ ਜਾਂਦਾ ਹੈ, E lectrons ਅਤੇ Protons ਨੂੰ ਹੀ ਲਕੜੀ, ਲੋਹਾ, ਸੋਨਾ, ਕੰਨ, ਨੱਕ ਸਰੀਰ ਸਮਝ ਲਿਆ ਜਾਂਦਾ ਹੈ, ਛਿੱਲੜ ਨੂੰ ਸੋਹਣਾ ਮੰਨ ਲਿਆ ਜਾਂਦਾ ਹੈ, ਫੇਰ ਹੈ ਤੁਹਾਡੀ ਪ੍ਰਮਾਣਿਕ ਸਚਾਈ, ਉਹ ਇਹ ਕਿ ਜੇ ਸੱਪ ਹੈ ਤਾਂ ਸੱਪ ਹੈ ਅਤੇ ਤੁਸੀਂ ਸੱਪ ਨੂੰ ਉਸ ਤਰ੍ਹਾਂ ਨਹੀਂ ਦੇਖ ਸਕਦੇ ਜਿਵੇਂ ਤੁਸੀਂ ਰੱਸੀ ਨੂੰ ਦੇਖਦੇ ਹੋ ਅਤੇ ਰੱਸੀ ਨੂੰ ਤੁਸੀਂ ਉਸ ਤਰ੍ਹਾਂ ਨਹੀਂ ਮਾਰ ਸਕਦੇ ਜਿਵੇਂ ਤੁਸੀਂ ਸੱਪ ਨੂੰ ਮਾਰਦੇ ਹੋ ਅਤੇ ਸੱਪ ਨਾਲ ਤੁਸੀਂ ਕੋਈ ਚੀਜ਼ ਬੰਨ ਨਹੀਂ ਸਕਦੇ, ਹਰ ਤਰ੍ਹਾਂ ਦੀ ਸਚਾਈ ਹਰ ਪੱਧਰ ਦੀ ਸਚਾਈ ਦਾ ਆਪਣਾ ਮਾਪ ਹੈ, ਆਪਣਾ ਮਿਆਰ ਹੈ, ਨਿਯਮ ਹੈ ਇਕ ਪੱਧਰ ਦੀ ਸਚਾਈ ਦੇ ਨਿਯਮ ਦੂਸਰੇ ਪੱਧਰ ਦੀ ਸਚਾਈ ਤੇ ਨਹੀਂ ਲਾਗੂ ਹੋ ਸਕਦੇ, ਮੈਂ ਤੁਹਾਨੂੰ ਇਕ ਜਗਿਆਸੂ ਤੇ ਹਾਥੀ ਦੀ ਗੱਲ ਪਹਿਲੇ ਦੱਸੀ ਸੀ।

ਤੀਸਰੇ ਪੱਧਰ ਦੀ ਸਚਾਈ ਅਨੁਭਵ ਦੀ ਸਚਾਈ ਹੈ ਜਿਸ ਵਿਚ ਨਾ ਸੱਪ ਹੈ, ਨਾ ਰੱਸੀ ਹੈ, ਨਾ ਦੇਖਣ ਵਾਲਾ ਹੈ, ਉਹ ਹੀ ਬ੍ਰਹਮ ਹੈ, ਉਹ ਹੀ ਅਨੰਤ ਹੈ, ਕੇਵਲ ਇਕ ਉਹ ਹੀ ਸਤਿ ਹੈ। ਉਪਨਿਸ਼ਦ ਕਹਿੰਦੇ ਹਨ One deaf to deaf he goes who sees the many here. ਜਿਹੜਾ ਦਵੰਦ ਦੇਖਦਾ ਹੈ ਉਸ ਦਾ ਉਹ ਹੀ ਹਾਲ ਹੈ, ਜਿਵੇਂ ਅੰਨੇ ਦਾ ਅੰਨਾ ਆਗੂ।

ਜਿਸ ਨੇ ਨਿਰਾਕਾਰ ਪਾ ਲਿਆ, ਚੱਕਰ ਚਿਹਨ ਬਰਨ ਜਾਤਿ ਤੋਂ ਰਹਿਤ ਪਾ ਲਿਆ ਉਹ ਉਸ ਪੱਧਰ ਤੇ ਪਹੁੰਚ ਜਾਂਦਾ ਹੈ ਜਿਥੋਂ ਉਹ ਫੇਰ ਕਦੀ ਵਾਪਸ ਨਹੀਂ ਆਉਂਦਾ ਅਤੇ ਲੋਕੀ ਉਸ ਨੂੰ ਇਸ ਤਰ੍ਹਾਂ ਦੇਖਦੇ ਹਨ ਜਿਵੇਂ ਸਮੁੰਦਰ ਦੇ ਕੰਢੇ ਕੋਈ ਕੰਚ ਹੋਵੇ ਪਰ ਉਹ ਚਾਂਦੀ ਦੀ ਤਰ੍ਹਾਂ ਚਮਕ ਰਿਹਾ ਹੋਵੇ, ਕੰਚ ਕੰਚ ਹੈ, ਚਾਂਦੀ ਨਹੀਂ, ਕੰਚ ਦੀ ਕੀਮਤ ਕੰਚ ਦੀ ਹੈ, ਚਾਂਦੀ ਦੀ ਕੀਮਤ ਚਾਂਦੀ ਦੀ ਹੈ ਪਰ ਇਹ ਮਾਇਆ ਹੈ, ਭੁਲੇਖਾ ਹੈ, ਭਰਮ ਹੈ, ਉਸ ਭਰਮ ਦੇ ਕਾਰਨ ਹੀ ਤੁਹਾਨੂੰ ਉਹ ਕੰਚ ਚਾਂਦੀ ਲਗ ਰਿਹਾ ਸੀ, ਉਸ ਭਰਮ ਦੇ ਕਾਰਣ ਹੀ ਤੁਹਾਨੂੰ ਉਹ ਮ੍ਰਿਗ ਤ੍ਰਿਸ਼ਨਾ ਸੀ ਜਦ ਰੇਤ ਵੀ ਪਾਣੀ ਦਿਸਦਾ ਸੀ। ਸੋ ਇਹ ਇਕ ਗੱਲ ਦੇ ਉਪਰ ਦੂਸਰੀ ਗੱਲ ਦੇ ਥੋਪਣ ਨੂੰ ਅਧਿਆਸ ਕਹਿੰਦੇ ਹਨ, ਸੱਪ ਨੂੰ ਰੱਸੀ ਉਤੇ ਥੋਪਣਾ ਖੂਬਸੂਰਤੀ ਨੂੰ ਬਦਸੂਰਤੀ ਉਤੇ ਥੋਪਣਾ, ਮ੍ਰਿਗ ਤ੍ਰਿਸ਼ਨਾ ਦਾ ਰੜੇ ਮੈਦਾਨ ਉਪਰ ਥੋਪਣਾ, ਵਿਸ਼ਵ ਨੂੰ ਕਿਸੇ ਹੋਰ ਚੀਜ਼ ਉਤੇ ਥੋਪਣਾ ਇਹ ਹਰ ਚੀਜ਼ ਤੋਂ ਉਪਰ ਹੈ, ਪਰ੍ਹੇ ਹੈ। ਅੰਤ ਵਿਚ ਵੇਦਾਂਤ ਸਾਰੇ ਵਿਸ਼ਵ ਦੀ ਹੀ ਨਖੇਧੀ ਕਰਦਾ ਹੈ, ਭਾਵਨਾਵਾਂ ਦੀ ਵੀ ਨਖੇਦੀ ਕਰਦਾ ਹੈ। ਅੰਤ ਵਿਚ ਨਾ ਉਥੇ ਕੋਈ

ਬੋਲਣਾ ਹੈ, ਨਾ ਸੁਣਨਾ ਹੈ ਅਤੇ ਇਹ ਤੁਹਾਨੂੰ ਦੋਨਾਂ ਵਿਚੋਂ ਕੱਢ ਕੇ ਚੇਤਨਤਾ ਦੇ ਧਿਆਨ ਵਿਚ ਲੈ ਜਾਂਦਾ ਹੈ ਇਹ ਪੁਸਤਕ ਦਾ ਹੀ ਵਿਚਾਰ ਹੈ।

ਗਿਆਨ ਯੋਗ ਬਾਰੇ ਸਭ ਤੋਂ ਵੱਧ ਜੋ ਵੀ ਮਹੱਤਵ ਪੂਰਨ ਹੈ ਉਹ ਹੀ ਵੇਦਾਂਤ ਲਈ ਜ਼ਰੂਰੀ ਹੈ, ਉਹ ਹੈ ਕਿ ਮੈਂ ਤੇ ਮੇਰੀ ਬਾਰੇ ਕੋਈ ਗੱਲ ਨਹੀਂ ਹੁੰਦੀ, ਇਹ ਉਸ ਪੱਧਰ ਤੋਂ ਗੱਲ ਕਰਦੇ ਹਨ ਜਿਥੇ ਕੋਈ ਸਿਮਰਨ ਨਹੀਂ, ਇਹ ਉਥੋਂ ਸ਼ੁਰੂ ਹੁੰਦੀ ਹੈ ਜਿਥੇ ਤੁਸੀਂ ਇਹ ਸਾਂਝ ਪਾਉਂਦੇ ਹੋ, ਮੈਂ ਬੈਠ ਕੇ ਸਿਮਰਨ ਕਰਨਾ ਚਾਹੁੰਦਾ ਹੈ। ਬਹੁਤ ਸਾਰਿਆਂ ਨੇ ਵੇਦਾਂਤ ਤੋਂ ਕਈ ਵਾਕ ਲਏ ਹਨ, ਕਈਆਂ ਨੇ ਤਾਂ ਸਿਮਰਨ ਛੱਡ ਹੀ ਦਿਤਾ ਹੈ। ਮੈਂ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਜਦੋਂ ਤਕ ਤੁਸੀਂ ਧਿਆਨ ਵਿਚ ਹੋ, ਉਚੇ ਨੀਵੇਂ ਹੁੰਦੇ ਰਹੋਗੇ, ਉਦੋਂ ਤਕ ਤੁਸੀਂ ਸਿਮਰਨ ਨਾਲ ਬੱਝੇ ਹੋਏ ਹੋ, ਤੁਸੀਂ ਹਾਲੇ ਵੀ ਉਸ ਪੈਂਡੂਲਮ ਦੀ ਤਰ੍ਹਾਂ ਹੋ ਜਿਹੜਾ ਕਦੇ ਸਤਿ ਵਲ ਜਾਂਦਾ ਹੈ, ਕਦੇ ਅਸਤਿ, ਕਦੇ ਮਾਇਆ ਵਲ ਕਦੇ ਸਤਿ ਵਲ, ਪਰ ਜਦੋਂ ਤੁਸੀਂ ਉਥੇ ਪਹੁੰਚ ਜਾਂਦੇ ਹੋ ਜਿਥੇ ਸਤਿ ਅਸਤਿ ਇਕ ਹੋ ਜਾਂਦਾ ਹੈ, ਮਾਇਆ ਦਾ ਭੁਲੇਖਾ ਹਟ ਕੇ ਸਭ ਇਕ ਹੋ ਜਾਂਦਾ ਹੈ। ਇਕੋ ਹੀ ਦਿਸਣ ਲਗ ਪੈਂਦਾ ਹੈ, ਜਦੋਂ ਤੁਸੀਂ ਅੰਤਮ ਸਤਿ ਜਾਣ ਲੈਂਦੇ ਹੋ, ਚੌਥੀ ਅਵਸਥਾ ਤੇ ਪੁੱਜ ਜਾਂਦੇ ਹੋ ਅਤੇ ਤਿੰਨਾਂ ਪੱਧਰਾਂ ਦਾ ਅਨੁਭਵ ਜਿਨ੍ਹਾਂ ਨੂੰ ਜਾਗਣਾ, ਸੌਣਾ, ਸੁਪਨਾ ਕਹਿੰਦੇ ਹਨ, ਉਹ ਸਾਰੇ ਭੇਦ ਮਿਟ ਜਾਂਦੇ ਹਨ ਅਤੇ ਉਸ ਅਵਸਥਾ ਤੇ ਪਹੁੰਚ ਜਾਂਦੇ ਹੋ ਜਿਸ ਨੂੰ ਪਰਮ ਚੇਤਨ ਅਵਸਥਾ ਕਹਿੰਦੇ ਹਨ। ਉਥੇ ਸਾਰੇ ਭੇਦ ਖਤਮ ਹੋ ਜਾਂਦੇ ਹਨ। ਯੋਗੀ ਸਦਾ ਹੀ ਸਿਮਰਨ ਦੀ ਅਵਸਥਾ ਵਿਚ ਰਹਿੰਦਾ ਹੈ, ਉਹ ਕਦੀ ਵੀ ਉਸ ਤੋਂ ਬਾਹਰ ਨਹੀਂ ਹੁੰਦਾ, ਉਸ ਸਮੇਂ ਕੋਈ ਪਰਮ ਚੇਤਨਤਾ ਨਹੀਂ ਹੁੰਦੀ, 'ਪਰਮ' ਸ਼ਬਦ ਦਾ ਅਰਥ ਹੈ ਪਰ੍ਹੇ, ਉਤੇ। ਵਾਸਤਵ ਵਿਚ ਕੋਈ ਵੀ ਪਰ੍ਹੇ ਅਤੇ ਉਤੇ ਨਹੀਂ ਹੈ, ਉਸ ਅਵਸਥਾ ਵਿਚ ਸਭ ਕੁਛ ਮਿਟ ਕੇ ਇਕ ਹੀ ਹੋ ਜਾਂਦਾ ਹੈ, ਇਸ ਕਾਰਣ ਪਰਮ ਸ਼ਬਦ ਦੀ ਕੋਈ ਮਹੱਤਤਾ ਹੀ ਨਹੀਂ ਰਹਿ ਜਾਂਦੀ, ਪਰਮ ਚੇਤਨ ਸਿਮਰਨ, ਧਿਆਨ ਦੀ ਵੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ, ਯੋਗੀ ਲਈ ਕੋਈ ਬੰਧਨ ਹੀ ਨਹੀਂ ਰਹਿ ਜਾਂਦਾ, ਕੋਈ ਸੁਤੰਤਰਤਾ ਨਹੀਂ, ਕੋਈ ਬੰਧਨ ਨਹੀਂ, ਪੂਰਾ ਸਤਿ ਉਸ ਪੂਰਨ ਸਮਾਧੀ ਦੇ ਅਨੁਭਵ ਦਾ ਹੀ ਸਤਿ ਹੈ। ਫੇਰ ਦੋ ਪਾਸੇ ਦੀ ਕ੍ਰਿਆ ਸ਼ੁਰੂ ਹੁੰਦੀ ਹੈ, ਇਕ ਉਹ ਕ੍ਰਿਆ ਜਿਹੜੀ ਸਭ ਤੋਂ ਉਪਰ ਦੀ ਅਵਸਥਾ ਤੋਂ ਆਉਂਦੀ ਹੈ, ਜਿਹੜੀ ਪਰੰਮਪਰਾਵਾਂ ਤੋਂ ਆਉਂਦੀ ਹੈ, ਦੀਖਿਆ ਸਮੇਂ ਦਿਤੇ ਗਏ ਮੰਤਰ ਤੋਂ ਆਉਂਦੀ ਹੈ, ਯੋਗੀ ਸਥਿਰ ਹੋ ਕੇ ਬੈਠ ਜਾਂਦਾ ਹੈ ਤੇ ਜੇ ਉਹ ਚਾਹੇ ਉਹ ਤੁਹਾਨੂੰ ਸਮਾਧੀ ਦੀ ਅਵਸਥਾ ਵਿਚ ਲੈ ਜਾਂਦਾ ਹੈ, ਉਹ ਤੁਹਾਡੇ ਹੀ ਗੁਣਾਂ ਦੇ ਬਲ ਤੇ ਤੁਹਾਨੂੰ ਉਚੇਰੀ ਅਵਸਥਾ ਵਿਚ ਲੈ ਜਾਂਦਾ ਹੈ, ਤੁਹਾਨੂੰ ਅਨੁਭਵ ਕਰਾਉਂਦਾ ਹੈ ਅਤੇ ਤੁਹਾਡੀ ਝੋਲੀ ਵਿਚ ਓਨਾ ਕੁਝ ਪਾ ਦਿੰਦਾ ਹੈ ਜਿਹੜਾ ਤੁਸੀਂ ਸਮੇਟ ਸਕੋ। ਦੂਸਰੀ ਕ੍ਰਿਆ ਯੋਗੀ ਜਿਹੜੀ ਕਰਦਾ ਹੈ ਉਹ ਹੈ ਪ੍ਰੇਮ ਦੀ ਕ੍ਰਿਆ, ਜਿਹੜਾ ਪ੍ਰੇਮ ਯੋਗੀ ਦਿੰਦੇ ਹਨ ਉਹ ਸੰਵੇਗ ਦੇ ਰੂਪ ਵਿਚ ਨਹੀਂ, ਉਹ ਤਾਂ ਯੋਗੀ ਦੇ ਦਿਲ ਵਿਚੋਂ ਆਉਂਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਕਿਹਾ ਜਾਂਦਾ ਹੈ, ਇਹ ਪ੍ਰੇਮ ਕੇਵਲ ਉਹ ਹੀ ਕਰ ਸਕਦਾ ਹੈ ਜਿਹੜਾ ਚੌਥੀ ਅਵਸਥਾ ਤੇ ਪੁੱਜਾ ਹੋਵੇ। ਬਾਕੀ ਸਾਰੇ ਸੁਆਰਥੀ ਹਨ, ਕੇਵਲ ਚੌਥੀ ਅਵਸਥਾ ਤੇ ਪੁਜਿਆ ਹੋਇਆ ਹੀ ਹੋਂਦ ਨੂੰ ਜਾਣਦਾ ਹੈ, ਉਹ ਜਾਣਦਾ ਹੈ ਕਿ ਇਥੇ ਉਸ ਇਕ ਤੋਂ ਬਿਨਾਂ ਕੋਈ ਨਹੀਂ। ਉਸ ਦੀ ਸਹਿਜ ਪ੍ਰਵਿਰਤੀ ਆਤਮ ਸੰਭਾਲ ਪ੍ਰਵਿਰਤੀ ਵਿਚ ਸਾਰੀ ਸੰਭਾਲ ਆ ਜਾਂਦੀ ਹੈ, ਨਾ ਕੋਈ ਆਪਾ ਰਹਿੰਦਾ ਹੈ, ਨਾ ਕੋਈ ਹਸਤੀ, ਨਾ ਕੋਈ ਮੈਂ, ਨਾ ਕੋਈ ਮੇਰਾ, ਨਾ ਕੋਈ ਹਸਤੀ, ਨਾ ਹੀ ਕੋਈ ਹੋਰ, ਦੂਸਰੇ ਪਾਸੇ ਸਾਰੇ ਹੀ ਆਪਾ, ਸਵੈ ਆਤਮਾ ਬਣ ਜਾਂਦੇ ਹਨ। ਜਦੋਂ ਉਹ ਸਵੈ ਸੰਭਾਲ ਦੀ ਗੱਲ ਕਰਦਾ ਹੈ ਤਾਂ ਕੌਣ ਹੈ ਜੋ ਸੰਭਾਲ ਕਰਦਾ ਹੈ? ਆਤਮਾ ਇਕ ਹੈ, ਉਸ ਨੂੰ ਡਰਨ ਦੀ ਕੋਈ ਲੋੜ ਨਹੀਂ, ਕੋਈ ਸੁਰੱਖਿਆ ਦੀ ਲੋੜ ਨਹੀਂ। ਉਹ ਕਿਸੇ ਨੂੰ ਕੁਝ ਦਿੰਦਾ ਨਹੀਂ ਕਿਉਂਕਿ ਕੋਈ ਹੈ ਹੀ ਨਹੀਂ ਜਿਸ ਨੂੰ ਉਹ ਦੇਵੇ। ਜਦੋਂ ਤੁਹਾਡੇ ਇਕ ਹੱਥ ਵਿਚੋਂ ਖੂਨ ਨਿਕਲ ਰਿਹਾ ਹੋਵੇ ਤੇ ਤੁਸੀਂ ਦੂਸਰੇ ਹੱਥ ਨਾਲ ਉਸ ਨੂੰ ਪਕੜਦੇ ਹੋ, ਕੌਣ ਕਿਸ ਨੂੰ ਆਰਾਮ ਦੇ ਰਿਹਾ ਹੈ, ਮੈਂ ਕੇਵਲ ਆਪਣਾ ਹੀ ਹੱਥ ਪਕੜਿਆ ਹੋਇਆ ਹੈ, ਕੋਈ ਮੈਨੂੰ ਮਾਰਨ ਆਉਂਦਾ ਹੈ ਮੈਂ ਆਪਣਾ ਬਚਾਅ ਕਰਦਾ ਹਾਂ ਅਤੇ ਉਸ ਨੂੰ ਮਾਰਦਾ ਹਾਂ, ਮੈਂ ਆਪਣੇ ਆਪ ਨੂੰ ਧੋਖਾ ਦੇ ਰਿਹਾ ਹਾਂ ਕਿਉਂਕਿ ਉਸ ਨੂੰ ਮਾਰਨ ਵਿਚ ਵੀ ਮੈਂ ਆਪਣੇ ਆਪ ਨੂੰ ਹੀ ਮਾਰ ਰਿਹਾ ਹਾਂ। ਦੂਸਰੇ ਪਾਸੇ ਜੇ ਆਪਣੇ ਸਰੀਰ ਦਾ ਬਚਾਅ ਨਹੀਂ ਕਰਦਾ ਤਾਂ ਵੀ ਉਹੀ ਸਮਸਿਆ ਹੈ। ਸੋ ਮੇਰੇ ਲਈ ਅਹਿੰਸਾ ਦੇ ਗੁਣ ਦੀ ਮਹਾਰਤ ਹਾਸਲ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਇਸ ਧਰਤੀ ਤੇ ਹਰ ਮਨ ਫਟ ਕੇ ਕਈ ਹਿਸਿਆਂ ਵਿਚ ਵੰਡਿਆ ਗਿਆ ਹੈ, ਹਰ ਦਿਮਾਗ ਫਟ ਕੇ ਕਈ ਹਿੱਸਿਆ ਵਿਚ ਵੰਡਿਆ ਹੋਇਆ ਹੈ ਸਭਿਆਚਾਰ, ਸਭਿਆਚਾਰ ਨਾਲ ਵੰਡਿਆ ਹੋਇਆ ਹੈ, ਮਨੁੱਖ ਮਨੁੱਖ ਨਾਲ ਵੰਡਿਆ ਪਿਆ ਹੈ, ਮਨੁੱਖ ਆਪਣੇ ਵਿਚ ਵੀ ਵੰਡਿਆ ਪਿਆ ਹੈ, ਇਹ ਸਭ ਮਾਇਆ ਦੀ ਹੀ ਖੇਡ ਹੈ, ਸਭ ਮਾਇਆ ਹੀ ਪਸਰੀ ਪਈ ਹੈ, from deaf to deaf he goes who sees the memon here.

ਇਸਦੀ ਸਭ ਤੋਂ ਵੱਡੀ ਕ੍ਰਿਆ ਹੈ, ਪਿਆਰ> ਇਹ ਇਕ ਦਾ ਦੂਸਰੇ ਨਾਲ ਪਿਆਰ ਨਹੀਂ ਹੈ, ਕੋਈ ਕਹਿੰਦਾ ਹੈ ਮੈਂ ਤੈਨੂੰ ਪਿਆਰ ਕਰਦਾ ਹਾਂ ਪਰ ਕੀ ਤੁਸੀਂ ਉਸ ਨੂੰ ਪਿਆਰ ਕਰਦੇ ਹੋ? ਜੇ ਤੁਸੀਂ ਮੈਨੂੰ ਪਿਆਰ ਕਰਨਾ ਚਾਹੁੰਦੇ ਹੋ ਤਾਂ ਮੈਂ ਵੀ ਤੁਹਾਡੇ ਨਾਲ ਪਿਆਰ ਕਰਨਾ ਚਾਹੁੰਦਾ ਹਾਂ, ਇਹ ਸੰਭਵ ਨਹੀਂ ਹੈ ਕਿਉਂਕਿ ਹੋਰ ਤਾਂ ਕੋਈ ਹੈ ਹੀ ਨਹੀਂ। ਇਹ ਉਸ ਦੇ ਪਿਆਰ ਦਾ ਹੀ ਪ੍ਰਗਟਾਵਾ ਸੀ, ਬਿਲਕੁਲ ਹੋਰ ਤਰ੍ਹਾਂ ਦੇ ਪਿਆਰ ਦਾ ਪ੍ਰਗਟਾਵਾ। ਬਹੁਤ ਸਾਰੇ ਲੋਕੀ ਜਿਹੜੇ ਯੋਗੀਆਂ ਤੋਂ ਪਿਆਰ ਦੀ ਆਸ ਰਖਦੇ ਹਨ, ਉਹ ਆਪਣੀਆਂ ਸ਼ਰਤਾਂ ਦੇ ਅਨੁਸਾਰ ਪਿਆਰ ਚਾਹੁੰਦੇ ਹਨ, ਉਥੇ ਪਹੁੰਚ ਕੇ ਹੀ ਸਾਰਾ ਸਬੰਧ ਖਤਮ ਹੋ ਜਾਂਦਾ ਹੈ, ਉਹ ਭਾਵੁਕ ਅਤੇ ਸੰਵੇਗਕ ਸਬੰਧ ਦੀ ਆਸ ਰਖਦੇ ਹਨ, ਯੋਗੀ ਦਾ ਪਿਆਰ ਮਨ ਅਤੇ ਹਿਰਦੇ ਦਾ ਨਹੀਂ। ਉਹ ਤਾਂ ਇਕ ਹੋਂਦ ਦਾ ਪਿਆਰ ਹੈ।

ਯੋਗੀ ਦੀ ਤੀਸਰੀ ਕ੍ਰਿਆ ਹੁੰਦੀ ਹੈ - ਸਤ ਕਰਨੀ ਜੋ

ਕਿ ਉਸ ਦੇ ਪ੍ਰੇਮ ਤੋਂ ਪੈਦਾ ਹੁੰਦੀ ਹੈ, ਜਦੋਂ ਤੁਸੀਂ ਸਮਾਧੀ ਦੀਆਂ ਡੂੰਘਾਈਆਂ ਅਤੇ ਉਚਾਈਆਂ ਤਕ ਪਹੁੰਚਦੇ ਹੋ ਤੁਸੀਂ ਸਤਿ ਦੀ ਕਰਨੀ ਤੇ ਪਹੁੰਚਦੇ ਹੋ ਅਤੇ ਉਸ ਕਰਨੀ ਨੂੰ ਇਕ ਯੋਗੀ ਦੀ ਤਰ੍ਹਾਂ ਹੀ ਦੇਖਦੇ ਹੋ ਤੇ ਸਿਖਦੇ ਹੋ। ਚੌਥੀ ਕਿਰਿਆ ਅਨੁਭਵ ਮੰਡਲ ਤੋਂ ਫਿਲੌਸਫੀ ਹੈ। ਫਿਲੌਸਫੀ ਕੀ ਹੈ? ਸੰਸਕ੍ਰਿਤ ਵਿਚ ਫਿਲੌਸਫੀ ਨੂੰ ਦਰਸ਼ਨ ਕਹਿੰਦੇ ਹਨ ਭਾਵ ਦੇਖਣਾ ਨਹੀਂ, ਭਾਵ ਹੈ ਦ੍ਰਿਸ਼ਟੀ ਪਰਿਕਲਪਨਾ ਨਹੀਂ, ਦਰਸ਼ਨ ਉਹ ਦਰਸ਼ਨ ਜੋ ਉਸ ਨੇ ਦੇਖਿਆ ਅਤੇ ਵਰਨਣ ਕੀਤਾ, ਉਹ ਨਹੀਂ ਜੋ ਅਨੁਮਾਨ ਲਗਾਇਆ। ਜੋ ਉਸ ਨੇ ਚੌਥੇ ਪੱਧਰ ਤੇ ਅਨੁਭਵ ਕੀਤਾ ਉਸ ਨੇ ਵਰਨਣ ਕੀਤਾ, ਉਹ ਫਿਲੌਸਫੀ ਬਣ ਗਈ। ਵੇਦਾਂਤ ਫਿਲੌਸਫੀ ਵਾਸਤਵ ਵਿਚ ਗੀਤਾ, ਉਪਨਿਸ਼ਦ ਅਤੇ ਬ੍ਰਹਮ ਸੂਤਰ ਦੀ ਵਿਆਖਿਆ ਹੈ, ਉਹ ਵਿਆਖਿਆ ਜਿਹੜੀ ਸ਼ੰਕਰਾਚਾਰੀਆ ਨੇ ਕੀਤੀ ਹੈ ਅਤੇ ਉਨ੍ਹਾਂ ਦੀ ਪਰੰਪਰਾ ਨੇ ਕੀਤੀ ਹੈ। ਸੰਸਾਰ ਵਿਚ ਸਭ ਕੁਝ ਇਕੱਠੇ ਰਹਿੰਦੇ ਹਨ ਸਭ ਦੀ ਸਹਿ ਹੋਂਦ ਹੈ। ਮੇਰੇ ਮਨ ਵਿਚ ਵੀ ਬਹੁਤ ਸਾਰੇ ਵਿਚਾਰ ਇਕੱਠੇ ਚਲਦੇ ਹਨ, ਸੰਸਾਰ ਕੇਵਲ ਵਿਚਾਰਾਂ ਦਾ ਹੀ ਅਧਾਰ ਹੈ, ਤੁਸੀਂ ਸੋਚਦੇ ਹੋ ਘਰ ਹੈ ਤਾਂ ਘਰ ਹੈ। ਵਿਚਾਰ ਖਤਮ ਹੁੰਦਾ ਹੈ ਤੇ ਹਿਰਦੇ ਵਿਚ ਰੁਕ ਜਾਂਦਾ ਹੈ। ਉਹ ਚੀਜ਼ ਉਨੀ ਦੇਰ ਤਕ ਹੀ ਰਹਿੰਦੀ ਹੈ ਜਦੋਂ ਤਕ ਉਹ ਚੀਜ਼ ਰਹਿੰਦੀ ਹੈ। ਕਈ ਵਿਚਾਰ ਐਨੇ ਡੂੰਘੇ ਹੁੰਦੇ ਹਨ ਕਿ ਉਹ ਇਕ ਤੋਂ ਦੂਸਰੇ ਜਨਮ ਤਕ, ਦੂਸਰੇ ਤੋਂ ਤੀਸਰੇ ਅੱਗੇ ਤੋਂ ਅੱਗੇ ਚਲੀ ਜਾਂਦੇ ਹਨ, ਇਹ ਵਿਅਕਤੀਗਤ ਸੁਪਨਾ ਇਕ ਸਮੁੱਚੇ ਸੁਪਨੇ ਦਾ ਭਾਗ ਬਣ ਜਾਂਦਾ ਹੈ, ਇਹ ਸਮੁੱਚਾ ਸੁਪਨਾ ਯੋਗ ਵਸ਼ਿਸ਼ਟ ਵਿਚ ਦਿਤਾ ਹੋਇਆ ਹੈ।

ਹੁਣ ਅਸੀਂ ਗਿਆਨ ਦੀ ਗੱਲ ਕਰਦੇ ਹਾਂ, ਸਾਨੂੰ ਦੋ ਜਾਂ ਤਿੰਨ ਵੱਖ-ਵੱਖ, ਚਾਰ ਜਾਂ ਰਸਤੇ ਦਿਤੇ ਗਏ ਹਨ। ਜਿਹੜਾ ਮਾਰਗ ਮੰਤਰ ਦੀਕਸ਼ਾ ਨਾਲ ਦਿਤਾ ਜਾਂਦਾ ਹੈ ਉਸ ਨੂੰ ਧਿਆਨ ਯੋਗ ਕਿਹਾ ਜਾਂਦਾ ਹੈ। ਇਹ ਮਾਰਗ ਅਨੁਭਵ ਦਾ ਸੁਤੰਤਰ ਮਾਰਗ ਹੈ ਇਹ ਕਿਸੇ ਚੀਜ਼ ਤੇ ਨਿਰਭਰ ਨਹੀਂ, ਇਹ ਸੁਤੰਤਰ ਪ੍ਰੇਮ ਦਾ ਮਾਰਗ ਹੈ, ਫਿਲੌਸਫੀ ਦਾ ਮਾਰਗ ਹੈ, ਬੁੱਧੀ ਦਾ ਮਾਰਗ ਹੈ, ਬੁੱਧੀ ਅਤੇ ਅਨੁਭਵ ਦੇ ਮੇਲ ਦਾ ਮਾਰਗ ਹੈ, ਇਹ ਧਿਆਨ ਦਾ, ਸਮਾਧੀ ਦਾ ਅਨੁਭਵ ਹੋਵੇਗਾ ਅਤੇ ਇਹ ਅਨੁਭਵ ਇਕ ਜਗ੍ਹਾ ਹੀ ਇਕੱਤਰ ਹੋਵੇਗਾ। ਚਾਰ ਵੱਖ-ਵੱਖ ਦਿਸ਼ਾ ਹਨ ਜਿਹੜੀਆਂ ਬਾਹਰ ਦੇ ਪਾਸੇ ਜਾਂਦੀਆਂ ਹਨ, ਤੁਹਾਡੀ ਭਾਵੁਕ ਪਿਆਰ, ਤੁਹਾਡਾ ਕ੍ਰਿਆਸ਼ੀਲ ਪਿਆਰ, ਤੁਹਾਡਾ ਬੁੱਧੀ ਦੇ ਪੱਧਰ ਤੇ ਪਿਆਰ। ਅਸੀਂ ਪਹਿਲੇ ਦੇਖ ਆਏ ਹਾਂ ਕਿ ਵੇਦਾਂਤ ਫਿਲੌਸਫੀ ਦਾ ਇਕ ਆਧਾਰ ਹੈ 'ਨੇਤਿ ਨੇਤਿ'। ਇਹ ਨਹੀਂ, ਉਹ ਨਹੀਂ, ਇਹ ਉਹ ਮਾਰਗ ਹੈ ਜਿਸ ਰਾਹੀਂ ਤੁਸੀਂ ਵਸਤੂਆਂ ਦੀ ਵਿਚਾਰਾਂ ਦੀ ਨਿਖੇਦੀ ਕਰਕੇ ਅੱਗੇ ਵਧਦੇ ਹੋ। ਇਹ ਧਿਆਨ ਦਾ ਮਾਰਗ ਨਹੀਂ ਹੈ, ਇਹ ਵਿਚਾਰ ਅਤੇ ਧਿਆਨ ਦਾ ਮਾਰਗ ਹੈ, ਯੋਗ ਦੇ ਮਾਰਗ ਤੇ ਜੋ ਸਥਾਨ ਧਿਆਨ ਦਾ ਹੈ, ਉਹ ਹੀ ਸਥਾਨ ਵਿਚਾਰ ਦਾ ਵੇਦਾਂਤ ਵਿਚ ਹੈ। ਮੈਂ ਤੁਹਾਨੂੰ ਵਿਚਾਰ ਬਾਰੇ ਹੀ ਦਸਣਾ ਚਾਹੁੰਦਾ ਹਾਂ, ਧਿਆਨ ਅਤੇ ਵਿਚਾਰ ਦੋਨਾਂ ਬਾਰੇ ਹੀ ਦਸਣਾ ਚਾਹੁੰਦਾ ਹਾਂ। ਮੈਂ ਇਸ ਨੂੰ ਕਿਸ ਤਰ੍ਹਾਂ ਦੇਖਦਾ ਹਾਂ, ਕੀ ਇਹ ਅੰਤਮ ਸਤਿ ਹੈ? ਇਹ ਹੀ ਸਤਿ ਹੈ, ਇਹ ਹੀ ਪੂਰਨ ਸਤਿ ਹੈ, ਜੋ ਮੈਂ ਦੇਖਦਾ ਹਾਂ, ਉਹ ਹੀ ਮੈਂ ਮਹਿਸੂਸ ਕਰਦਾ ਹਾਂ, ਇਹ ਮੇਰੀ ਪ੍ਰਾਪਤੀ ਹੈ, ਅੱਜ ਤੋਂ 10,000 ਸਾਲ ਪਹਿਲਾਂ ਇਹ ਸੀ ਅਤੇ ਆਉਣ ਵਾਲੇ 10, 000 ਸਾਲ ਬਾਦ ਇਹ ਹੋਵੇਗੀ, ਕੀ ਇਹ ਸੱਚ ਹੈ, ਕੀ ਇਹ ਅਨੰਤ ਹੈ, ਇਹ ਸਤਿ ਹੈ ਕੇਵਲ ਹੁਣ ਹੀ ਨਹੀਂ, ਇਹ ਸਦੈਵ ਸਤਿ ਹੈ ਇਹ ਸੁਪਨਾ ਨਹੀਂ ਹੈ? ਇਹ ਹੀ ਸਮਾਂ ਹੁਣ ਹੈ ਇਥੇ ਹੈ, ਅਗਲੀ ਘੜੀ ਦਾ ਕੋਈ ਪਤਾ ਨਹੀਂ, ਇਹ ਮਨੁੱਖ ਮੇਰੇ ਲਈ ਉਤਮ ਹੈ, ਮੈਂ ਉਸ ਮਨੁੱਖ ਨੂੰ ਪਿਆਰ ਕਰਦਾ ਹਾਂ, ਜਦੋਂ ਕੋਈ ਇਹ ਕਹਿੰਦਾ ਹੈ, ਇਹ ਇਸ ਘੜੀ ਲਈ ਹੀ ਸੱਚ ਹੁੰਦਾ ਹੈ, ਕੁਝ ਦੇਰ ਬਾਦ ਤੁਸੀਂ ਪੁਛੋ ਇਹ ਬਦਲਿਆ ਹੋਵੇਗਾ, ਇਹ ਸੱਚ ਨਾਲ ਖਿਲਵਾੜ ਹੈ। ਬਹੁਤ ਵਾਰੀ ਕਲਪਿਤ ਸ਼ਬਦ ਕਿਸੇ ਗਹਿਰੀ ਸਚਾਈ ਵਿਚੋਂ ਹੀ ਨਿਕਲਦੇ ਹਨ, ਇਸ ਤਰ੍ਹਾਂ ਸੀ, ਇਸ ਤਰ੍ਹਾਂ ਹੈ, ਇਸ ਤਰ੍ਹਾਂ ਹੋਵੇਗਾ, ਇਹ ਹੀ ਬ੍ਰਹਮ ਲਈ ਕਿਹਾ ਜਾ ਸਕਦਾ ਹੈ। ਸਚਾਈ ਜਦੋਂ ਤਕ ਸਥਾਈ ਨਾ ਹੋਵੇ, ਸਤਿ ਨਾ ਹੋਵੇ, ਭੂਤ ਭਵਿੱਖ ਦੀਆਂ ਹੱਦਾਂ ਤੋਂ ਪਰ੍ਹੇ ਨਾ ਹੋਵੇ, ਅਟਲ ਨਾ ਹੋਵੇ, ਉਸ ਨੂੰ ਸਤਿ ਨਹੀਂ ਕਿਹਾ ਜਾ ਸਕਦਾ ਹੈ। ਕਦੀ ਕੋਈ ਚਲਾ ਜਾਂਦਾ ਹੈ, ਗੁਰੂ ਸ਼ੰਕਰਾਚਾਰੀਆ ਨੇ ਕਿਹਾ ਸੀ, ਦਵੰਦ ਹੈ, ਮੈਂ ਇਹ ਦਵੰਦ ਮੰਨ ਕੇ ਚਲਦਾ ਹਾਂ, ਸਵੇਰੇ ਮੈਂ ਜਾਗਦਾ ਹਾਂ, ਦੇਖਦਾ ਹਾਂ, ਮੈਂ ਰਾਜਾ ਹਾਂ, ਰਾਤ ਨੂੰ ਸੌਂਦਾ ਹਾਂ, ਦੇਖਦਾ ਹਾਂ, ਭਿਖਾਰੀ ਹਾਂ, ਕਹਿਣ ਤੋਂ ਭਾਵ ਹੈ ਕਿ ਸੁਪਨੇ ਦੀ ਸਚਾਈ ਅਤੇ ਜਾਗਣ ਦੀ ਸਚਾਈ ਦੋਨੋਂ ਹੀ ਇਕ ਦੂਸਰੇ ਤੋਂ ਉਲਟ ਹਨ। ਜੇ ਅਸੀਂ ਦੋਨਾਂ ਨੂੰ ਹੀ ਖੰਡਨ ਕਰਕੇ, ਸਤਿ ਤੇ ਪਹੁੰਚਣ ਦੀ ਕੋਸ਼ਿਸ਼ ਕਰਾਂਗੇ ਜੋ ਕਿ ਚੌਥੀ ਅਵਸਥਾ ਹੈ।

ਹੁਣ ਅਸੀਂ ਵਿਚਾਰ ਦਾ ਮਾਰਗ ਲੈਂਦੇ ਹਾਂ, ਧਿਆਨ ਦਾ ਮਾਰਗ ਲੈਂਦੇ ਹਾਂ, ਚਿੰਤਨ ਦਾ ਮਾਰਗ ਲੈਂਦੇ ਹਾਂ। ਚਿੰਤਨ ਦਾ ਮਾਰਗ ਉਹ ਹੈ ਜਿਸ ਵਿਚ ਤੁਸੀਂ ਵੇਦਾਂਤ ਦੇ ਉਹ ਛੇ ਵਾਕ ਜਿਹੜੇ ਪਹਿਲਾਂ ਦੱਸੇ ਜਾ ਚੁੱਕੇ ਹਨ ਉਨ੍ਹਾਂ ਨੂੰ ਆਪਣਾ ਆਧਾਰ ਬਣਾ ਲੈਂਦੇ ਹੋ। ਹੋ ਸਕਦਾ ਹੈ ਕਿ ਤੁਹਾਡੀ ਸਾਰੀ ਸੋਚ ਇਨ੍ਹਾਂ ਛੇ ਪੂਰਵ ਨਿਰਧਾਰਿਤ ਸਿਟਿਆਂ ਤੇ ਲੈ ਜਾਵੇ, ਹੋ ਸਕਦਾ ਹੈ ਤੁਹਾਨੂੰ ਇਹੋ ਜਿਹੇ ਸਾਧਨ ਲੱਭ ਜਾਣ ਜੋ ਇਨ੍ਹਾਂ ਪੂਰਵ ਨਿਰਧਾਰਿਤ ਸਿਟਿਆਂ ਦੇ ਪਹੁੰਚਾ ਦੇਣ। ਏਸ ਵੇਲੇ ਮੈਂ ਮਾਈਕਰੋਫੋਨ ਦਾ ਅਨੁਭਵ ਕਰ ਰਿਹਾ ਹਾਂ ਅਤੇ ਸ਼ਬਦਾਂ ਦਾ ਅਨੁਭਵ ਕਰ ਰਿਹਾ ਹਾਂ, ਇਨ੍ਹਾਂ ਵਿਚ ਬ੍ਰਹਮ ਕਿਥੋਂ ਆ ਗਿਆ, ਵਾਹਿਗੁਰੂ ਕਿਥੋਂ ਆ ਗਿਆ, ਜੇ ਇਥੇ ਸ੍ਵੈ ਤੋਂ ਬਿਨਾਂ ਕੁਝ ਹੈ ਹੀ ਨਹੀਂ, ਮੈਂ ਦੂਸਰੇ ਨੂੰ ਪਿਆਰ ਕਿਸ ਤਰ੍ਹਾਂ ਕਰ ਸਕਦਾ ਹਾਂ, ਮੈਂ ਦੂਸਰੇ ਕੋਲੋਂ ਕੋਈ ਆਸ ਕਿਵੇਂ ਰੱਖ ਸਕਦਾ ਹਾਂ, ਸਾਰੇ ਦਿਨ ਦੀ ਚੌਕਸੀ ਦੇ ਨਾਲ-ਨਾਲ ਤੁਹਾਨੂੰ ਵਿਚਾਰ ਵੀ ਕਰਨਾ ਪਵੇਗਾ, ਚਿੰਤਨ ਵੀ ਕਰਨਾ ਪਵੇਗਾ ਅਤੇ ਹਰ ਕਿਸੇ ਵਿਚ ਬ੍ਰਹਮ ਦੇਖਣਾ ਪਵੇਗਾ, ਸੋਚਣਾ ਪਵੇਗਾ ਬ੍ਰਹਮ ਕਿਥੇ ਹੈ? ਸਤਿ ਕਿਥੇ ਹੈ? ਜੇ ਮਾਈਕਰੋਫੋਨ ਦੀ ਇਹ ਸ਼ਕਲ ਸੂਰਤ ਖਤਮ ਹੋ ਜਾਵੇ ਤਾਂ ਕੀ ਰਹਿ ਜਾਵੇਗਾ? ਮਾਈਕਰੋਫੋਨ ਬਣਨ ਤੋਂ ਪਹਿਲਾਂ ਇਹ ਕੀ ਸੀ? ਮੈਂ ਕਿਥੇਂ ਸੀ? ਮੈਂ ਕੌਣ ਸੀ? ਜਿਸ ਨੂੰ ਮੈਂ ਪਿਆਰ ਕਰਦਾ ਹਾਂ ਉਹ ਕਿਥੇ ਸੀ? ਮੇਰੇ ਸਾਰੇ ਸਾਕ ਸਬੰਧੀ ਕਿਥੇ ਸੀ? ਕੌਣ ਸਨ? ਇਸ ਤੋਂ ਬਾਦ ਸਾਰੇ

ਕਿਥੇ ਜਾਣਗੇ ਤੇ ਕੀ ਹੋਣਗੇ? ਸੋ ਵੇਦਾਂਤ ਦਾ ਸਭ ਤੋਂ ਉਤਮ ਕਥਨ ਹੈ ਕਿ ਪ੍ਰਤੱਖਤਾ ਦਾ ਕੋਈ ਸਥਾਨ ਹੀ ਨਹੀਂ।

ਜਦੋਂ ਅਸੀਂ ਵਿਚਾਰ ਦੀ ਗੱਲ ਕਰਦੇ ਹਾਂ ਤਾਂ ਹਰ ਅਨੁਭਵ ਨੂੰ ਪਰਖਿਆ ਜਾਂਦਾ ਹੈ, ਪਰ ਕੋਈ ਵੀ ਅਨੁਭਵ ਸੁੰਨ ਵਿਚ ਨਹੀਂ ਪਰਖਿਆ ਜਾ ਸਕਦਾ, ਤਰਕ ਕਰ ਸਕਦੇ ਹੋ, ਅਨੁਭਵ ਨੂੰ ਕਿਸੇ ਵਸਤੂ ਵਿਸ਼ੇ ਦੇ ਸਬੰਧ ਵਿਚ ਹੀ ਪਰਖਿਆ ਜਾ ਸਕਦਾ ਹੈ ਜਿਵੇਂ ਕੋਈ ਪੁਸਤਕ ਲਿਖ ਰਿਹਾ ਹੋਵੇ, ਉਹ ਪੁਸਤਕ ਉਸ ਦੇ ਦਿਮਾਗ ਵਿਚ ਹੀ ਹੁੰਦੀ ਹੈ, ਦਿਮਾਗ ਵਿਚੋਂ ਹੀ ਹਰ ਗੱਲ ਹਰ ਵਾਦ ਵਿਵਾਦ ਨਿਕਲਦਾ ਹੈ, ਉਹ ਉਨ੍ਹਾਂ ਨੂੰ ਤਰਤੀਬਵਾਰ ਕਰਦਾ ਹੈ ਅਤੇ ਅੰਤ ਵਿਚ ਜਾ ਕੇ ਉਸ ਦਾ ਨਚੋੜ ਕੱਢਦਾ ਹੈ ਇਸ ਤਰ੍ਹਾਂ ਹੀ ਤੁਸੀਂ ਆਪਣੇ ਜੀਵਨ ਦੀ ਪੁਸਤਕ ਲਿਖ ਰਹੇ ਹੋ, ਜੇ ਤੁਸੀਂ ਵਿਚਾਰ ਕਰਕੇ ਲਿਖ ਰਹੇ ਹੋ ਤਾਂ ਤੁਸੀਂ ਪੂਰਵ ਨਿਰਧਾਰਿਤ ਸਿੱਟੇ ਕੱਢ ਕੇ ਲਿਖ ਰਹੇ ਹੋ, ਇਹ ਸਿੱਟੇ ਬੁੱਧੀ ਅਨੁਭਵ ਦੇ ਸਿੱਟੇ ਨਹੀਂ ਹੋਣੇ ਚਾਹੀਦੇ। ਇਹ ਅੰਤਰ ਦਾ ਨਿਚੋੜ ਆਤਮ ਮਾਰਗ ਅਨੁਭਵ ਬਣ ਜਾਣਾ ਚਾਹੀਦਾ ਹੈ। ਸੋ ਬੋਧਿਕ ਅਨੁਭਵ ਆਤਮ ਅਨੁਭਵ ਬਣ ਜਾਣਾ ਚਾਹੀਦਾ ਹੈ, ਧਿਆਨ ਸਮਾਧੀ ਇਕ ਬੁੱਧੀ ਤੋਂ ਪਰ੍ਹੇ ਦਾ ਅਨੁਭਵ ਹੈ ਜਿਹੜਾ ਸਾਨੂੰ ਅਧਿਆਤਮਕ ਅਨੁਭਵ ਤਕ ਪਹੁੰਚਾਉਂਦਾ ਹੈ। ਚਿੰਤਨ ਉਹ ਬੋਧਿਕ ਤਰੀਕਾ ਹੈ ਜਿਸ ਨਾਲ ਸਤਿ ਤਕ ਪਹੁੰਚਿਆ ਜਾ ਸਕਦਾ ਹੈ, ਅਧਿਆਤਮਕ ਅਨੁਭਵ ਤਕ ਪਹੁੰਚਿਆ ਜਾ ਸਕਦਾ ਹੈ, ਕੋਈ ਵੀ ਵਿਚਾਰ ਇਕ ਤੱਤ ਤੋਂ ਉਤਪੰਨ ਹੁੰਦਾ ਹੈ ਅਤੇ ਤੁਹਾਡਾ ਬਣ ਕੇ ਰਹਿੰਦਾ ਹੈ। ਗੁੱਸੇ ਵਿਚ ਖਾਲੀ ਮਨ ਵਿਚ ਇਹ ਵਿਚਾਰ ਕਿਥੇ ਕਿਸ ਤਰ੍ਹਾਂ ਰਹਿੰਦਾ ਹੈ, ਇਹ ਬਹੁਤ ਛੋਟੀ ਗੱਲ ਹੈ ਪਰ ਇਹ ਬਹੁਤ ਉਚਾ ਰਸਤਾ ਹੈ, ਇਹ ਇਸ ਤਰ੍ਹਾਂ ਕਹਿਣਾ ਹੋਵੇਗਾ ਕਿ ਸਮੁੰਦਰ ਦੀ ਕੌਡੀ, ਕੌਡੀ ਨਹੀਂ ਹੈ, ਸਮੁੰਦਰ ਦੀ ਕੌਡੀ ਚਾਂਦੀ ਵੀ ਨਹੀਂ ਹੈ। ਜਿਸ ਸਚਾਈ ਦੇ ਪੱਧਰ ਤੇ ਤੁਸੀਂ ਰਹਿ ਰਹੇ ਹੋ, ਤੁਸੀਂ ਆਪਣਾ ਕੰਮ ਕਰ ਰਹੇ ਹੋ, ਆਮ ਤੌਰ ਤੇ ਗੁਰੂ ਅਧਿਆਤਮ ਅਨੁਭਵ ਦੇਣ ਤੋਂ ਬਾਦ ਕਹਿੰਦੇ ਹੁੰਦੇ ਹਨ। ਮੈਂ ਤੁਹਾਨੂੰ ਅਧਿਆਤਮ ਪੱਖੋਂ ਗਿਆਨ ਦੇ ਦਿਤਾ ਹੈ। ਹੁਣ ਮੈਂ ਤੁਹਾਨੂੰ ਦੁਨਿਆਵੀ ਪੱਖੋਂ ਗਿਆਨ ਦੇਣਾ ਹੈ, ਤੁਹਾਨੂੰ ਇਸ ਪੱਧਰ ਦੀ ਸਚਾਈ ਦਾ ਵੀ ਪਤਾ ਹੋਣਾ ਚਾਹੀਦਾ ਹੈ। ਸੁਪਨਾ ਆਪਣੀ ਗਤੀ ਨਾਲ ਚਲਦਾ ਹੈ, ਨੀਂਦ ਦੀ ਆਪਣੀ ਗਤੀ ਹੈ, ਸੁਚੇਤ ਹੋਣ ਦੀ ਆਪਣੀ ਗਤੀ ਹੈ, ਆਵਾਗਉਣ ਦੀ ਆਪਣੀ ਗਤੀ ਹੈ, ਕਰਮਗਤੀ ਆਪਣੀ ਤਰ੍ਹਾਂ ਹੈ ਪਰ ਸਤਿ ਦੇ ਪੱਧਰ ਤੇ ਇਨ੍ਹਾਂ ਵਿਚੋਂ ਕੋਈ ਵੀ ਨਿਯਮ ਨਹੀਂ ਲਾਗੂ ਹੁੰਦਾ। ਪ੍ਰਸ਼ਨ ਉਠਦਾ ਹੈ ਕਿ ਤੁਹਾਨੂੰ ਇਹ ਜਾਨਣ ਦੀ ਕੀ ਲੋੜ ਹੈ? ਤੁਹਾਨੂੰ ਇਹ ਜਾਨਣ ਦੀ ਲੋੜ ਇਸ ਕਰਕੇ ਹੈ ਕਿਉਂਕਿ ਤੁਸੀਂ ਇਨ੍ਹਾਂ ਨੂੰ ਅਪਣਾਅ ਚੁੱਕੇ ਹੋ। ਜੇ ਤੁਸੀਂ ਪ੍ਰਸ਼ਨ ਕੀਤਾ ਹੈ ਇਸ ਤੋਂ ਭਾਵ ਹੈ ਤੁਸੀਂ ਇਸ ਤੱਤ ਨੂੰ ਅਪਣਾਅ ਚੁੱਕੇ ਹੋ, ਵੇਦਾਂਤ ਦੀ ਫਿਲੌਸਫੀ ਸਿਖਣ ਲਈ ਤੁਹਾਨੂੰ ਪਹਿਲਾ ਸਿਖਿਆ ਹੋਇਆ ਭੁੱਲਣਾ ਪੈਂਦਾ ਹੈ। ਤੁਹਾਡੇ ਬੋਧਿਕ ਪੱਧਰ ਨੇ ਤੁਹਾਨੂੰ ਸਤਿ ਦਾ ਪੱਧਰ ਵੀ ਦਿਤਾ ਹੈ, ਉਸੇ ਰਾਹੀਂ ਤੁਹਾਨੂੰ ਸਭ ਕੁਝ ਭੁੱਲਣਾ ਪਵੇਗਾ। ਤੁਸੀਂ ਸਾਧਨਾ ਰਾਹੀਂ ਵੀ ਭੁੱਲ ਸਕਦੇ ਹੋ, ਪਰ ਬਹੁਤ ਵਾਰੀ ਉਹ ਬਾਰ-ਬਾਰ ਮੁੜ ਯਾਦ ਆ ਜਾਂਦਾ ਹੈ। ਬਹੁਤ ਸਾਰੇ ਮਹਾਂਪੁਰਖ ਸੰਸਾਰ ਪੱਖੋਂ ਅਨਪੜ੍ਹ ਸਨ, ਜਦੋਂ ਤੁਸੀਂ ਉਸ ਪੱਧਰ ਤੇ ਹੁੰਦੇ ਹੋ, ਜਿਥੇ ਗਿਆਨ ਬਹੁਤ ਜ਼ਰੂਰੀ ਹੁੰਦਾ ਹੈ, ਤੁਹਾਨੂੰ ਉਸ ਗਿਆਨ ਦੀ ਪਉੜੀ ਬਣਾ ਕੇ ਹੀ ਗਿਆਨ ਪ੍ਰਾਪਤ ਕਰਨਾ ਪੈਂਦਾ ਹੈ, ਉਸ ਸਮੇਂ ਜੇ ਤੁਸੀਂ ਇਹ ਕਹੋ, ਕੇਵਲ ਬ੍ਰਹਮ ਹੀ ਸਤਿ ਹੈ, ਕੀ ਇਹ ਤੁਹਾਡੇ ਲਈ ਸਤਿ ਹੈ? ਕੀ ਤੁਹਾਡੀ ਪਤਨੀ ਹੈ? ਕੀ ਤੁਹਾਡਾ ਪਤੀ ਹੈ? ਕੀ ਤੁਹਾਡਾ ਘਰ ਹੈ? ਕੀ ਤੁਹਾਡੀ ਨੌਕਰੀ ਹੈ? ਕੀ ਤੁਹਾਨੂੰ ਸਵੇਰੇ ਸ਼ਾਮ ਭੁੱਖ ਲਗਦੀ ਹੈ? ਸੋ ਐਨਾ ਕਹਿ ਰਹੇ ਹਾਂ, ਮੈਂ ਸੋਚਦਾ ਹਾਂ ਕਿ ਸਭ ਬ੍ਰਹਮ ਹੈ, ਮੈਂ ਇਹ ਸੋਚਣ ਦੀ ਕੋਸ਼ਿਸ਼ ਕਿਉਂ ਕਰ ਰਿਹਾ ਹਾਂ। ਇਹ ਕੀ ਤਮਾਸ਼ਾ ਹੈ? ਤੁਸੀਂ ਕੁਝ ਨਿਯਮ ਸਿੱਖਣ ਦੀ ਕੋਸ਼ਿਸ਼ ਕਰ ਰਹੇ ਹੋ, ਤੁਸੀਂ ਆਪਣਾ ਜੀਵਨ ਆਪਣੇ ਲਈ ਸੌਖਾ ਕਰ ਰਹੇ ਹੋ ਅਤੇ ਦੂਸਰਿਆਂ ਲਈ ਲਾਭਕਾਰੀ ਬਣਾ ਰਹੇ ਹੋ। ਵੇਦਾਂਤ ਦੀ ਫਿਲੌਸਫੀ ਪਛੜਿਆਂ ਦੀ ਫਿਲੌਸਫੀ ਨਹੀਂ, ਇਹ ਫਿਲੌਸਫੀ ਸੱਚੇ ਕਰਤਿਆਂ ਲਈ ਹੈ, ਸੱਚੇ ਸੇਵਕ ਜਿਹੜੇ ਬੁੱਧੀਜੀਵੀ ਵੀ ਹੋਣ, ਵਿਚਾਰ ਦੇ ਮਾਰਗ ਤੇ ਚੱਲਣ ਵਾਲੇ ਹੋਣ, ਪਰਖ ਦਾ ਮਾਰਗ, ਪਰਖ ਦਾ ਮਾਰਗ ਸਾਨੂੰ ਸਿੱਖਣ ਦੀ ਲੋੜ ਹੈ। ਜਦੋਂ ਤੁਸੀਂ ਆਪਣਾ ਮਨ ਬਣਾ ਲੈਂਦੇ ਹੋ, ਤੁਹਾਡੇ ਛੇ ਸਿਧਾਂਤ ਤੁਹਾਨੂੰ ਚੰਗੀ ਤਰ੍ਹਾਂ ਸਮਝ ਆ ਜਾਂਦੇ ਹਨ, ਫੇਰ ਤੁਸੀਂ ਹਰ ਅਨੁਭਵ ਨੂੰ ਉਨ੍ਹਾਂ ਵਿਚ ਢਾਲਦੇ ਹੋ ਤੇ ਉਨ੍ਹਾਂ ਅਨੁਭਵਾਂ ਦੀ ਪਰਿਭਾਸ਼ਾ ਦਿੰਦੇ ਹੋ, ਹੁਣ ਤੁਹਾਡਾ ਕੀ ਅਨੁਭਵ ਹੈ? ਜਦੋਂ ਤੁਸੀਂ ਆਪਣੇ ਅਨੁਭਵ ਲਿਖੋਗੇ ਹਰ ਇਕ ਦੇ ਅਨੁਭਵ ਦੂਸਰੇ ਨਾਲੋਂ ਵਖਰੇ ਹੋਣਗੇ।

ਸੰਵੇਦਨਾ ਦੇ ਚਾਰ ਪੱਧਰ ਹੁੰਦੇ ਹਨ, ਤੁਸੀਂ ਉਨ੍ਹਾਂ ਵਿਚੋਂ ਇਕ ਪੱਧਰ ਤੇ ਵਿਚਰ ਰਹੇ ਹੁੰਦੇ ਹੋ। ਮਿਸਾਲ ਵਜੋਂ ਜਾਗਤ ਅਵਸਥਾ, ਸਰੀਰ ਦੀ ਉਹ ਅਵਸਥਾ ਹੈ, ਇਸ ਸਰੀਰਕ ਅਵਸਥਾ ਵਿਚ ਅੰਤ ਦੀ ਅਵਿਵੇਕਤਾ ਹੈ, ਉਹ ਹੀ ਅਵਿਵੇਕਤਾ ਤੁਹਾਡਾ ਨਿਜੀ ਅਨੁਭਵ ਹੈ। ਜਦੋਂ ਤੁਸੀਂ ਵਿਸ਼ਲੇਸ਼ਨ ਕਰਨਾ ਚਾਹੁੰਦੇ ਹੋ ਤਾਂ ਇਸ ਨਿੱਜੀ ਅਨੁਭਵ ਦਾ ਕਰੋ ਅਤੇ ਇਸ ਅਨੁਭਵ ਨੂੰ ਦੇਖੋ। ਦੇਖੋ, ਮੇਰੇ ਅੰਦਰ ਕੀ ਹੋ ਰਿਹਾ ਹੈ? ਜਦੋਂ ਮੈਂ ਇਹ ਮਾਈਕਰੋਫੋਨ ਨੂੰ ਦੇਖ ਰਿਹਾ ਹਾਂ ਤਾਂ ਕੀ ਹੋ ਰਿਹਾ ਹੈ, ਮੇਰੇ ਮਨ ਵਿਚ ਕੀ ਹੋ ਰਿਹਾ ਹੈ, ਅਨੁਭਵ ਮਾਈਕਰੋਫੋਨ ਵਿਚ ਨਹੀਂ ਹੈ, ਅਨੁਭਵ ਕਿਸੇ ਵੀ ਵਸਤੂ ਵਿਚ ਨਹੀਂ ਹੈ। ਇਸ ਮਾਈਕਰੋਫੋਨ ਵਿਚੋਂ ਜਿਹੜੀਆਂ ਕਿਰਨਾਂ ਨਿਕਲ ਰਹੀਆਂ ਹਨ ਉਹ ਲੰਬੀਆਂ ਹਨ, ਕੁਝ ਦੂਰ ਤੋਂ ਇਹ ਸਾਨੂੰ ਲੰਮੀਆਂ ਦਿਸਦੀਆਂ ਹਨ, ਕਿਹੜੀ ਦੂਰੀ ਤੋਂ ਉਹ ਅਸਪਸ਼ਟ ਹੋ ਜਾਂਦੀਆਂ ਹਨ, ਕਿਹੜੇ ਵਿਚਾਰ ਸੂਖਮ ਹਨ, ਜਿਹੜੇ ਹੋਂਦ ਵਿਚ ਹਨ ਹੀ ਨਹੀਂ। ਜਿਹੜੀਆਂ ਕਿਰਨਾਂ ਤਰੰਗਾਂ ਦੇ ਰੂਪ ਵਿਚ ਕ੍ਰਿਆਸ਼ੀਲ ਹੁੰਦੀਆਂ ਹਨ ਉਹ ਨਾ ਤਾਂ ਮਾਪੀਆਂ ਜਾ ਸਕਦੀਆਂ ਹਨ, ਨਾ ਦੇਖੀਆਂ ਜਾ ਸਕਦੀਆਂ ਹਨ। ਕੀ ਇਹ ਸਭ ਕੁਝ ਰੌਲਾ ਗੌਲਾ ਨਹੀਂ ਲਗਦਾ? ਪਰ ਅਸੀਂ ਕਹਿ ਰਹੇ ਹਾਂ ਇਹ ਰੌਲਾ ਗੌਲਾ ਦੇਖੋ, ਇਹ ਸਭ ਕੁਝ ਇਥੇ ਹੀ ਹੈ, ਇਸ ਰੌਲੇ ਗੌਲੇ ਦਾ ਵਿਸ਼ਲੇਸ਼ਨ ਕਰੋ। ਨੇਤਰ ਇਸ ਨੂੰ ਦੇਖਦੇ ਹਨ, ਕੇਵਲ ਜੀਵਤ ਮਨੁੱਖ ਦੇ ਨੇਤਰ ਹੀ ਦੇਖ ਸਕਦੇ ਹਨ, ਮੁਰਦਾ ਸਰੀਰ ਦੇ ਨੇਤਰ ਤਾਂ ਨਹੀਂ ਦੇਖ ਸਕਦੇ। ਜੀਵਤ ਮਨੁੱਖ ਦੇਖ

(ਬਾਕੀ ਪੰਨਾ 62 ਤੇ)

# ਭਗਵਤ ਗੀਤਾ ਦੀ ਚਿਰ-ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAG VAD GITA

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

**ਅਧਿਆਇ ਦੋ ਸਲੋਕ 54**

54. ਇਸ ਪ੍ਰਕਾਰ ਦੇ ਬਚਨ ਸੁਣ ਕੇ, ਅਰਜਨ ਨੇ ਪੁਛਿਆ, "ਹੇ ਕੇਸ਼ਵ! ਸਮਾਧੀ ਵਿਚ ਸਥਿਤ ਸਥਿਰ ਬੁਧ ਵਾਲੇ ਪੁਰਸ਼ ਦਾ ਕੀ ਲੱਛਣ ਹੈ ਅਤੇ ਸਥਿਰ ਬੁਧ ਵਾਲਾ ਪੁਰਸ਼ ਕਿਵੇਂ ਬੋਲਦਾ ਹੈ? ਕਿਵੇਂ ਬੈਠਦਾ ਹੈ? ਕਿਵੇਂ ਚਲਦਾ ਹੈ?

ਸੁਚਿਤਤਾ ਦਾ ਮਾਰਗ ਵਾਹਿਗੁਰੂ ਦੀ ਪ੍ਰਾਪਤੀ ਲਈ ਵਚਨਬਧ ਨਹੀਂ ਹੈ। ਹਾਂ, ਸ਼ਾਂਤੀ ਲਈ, ਸੰਤਾਪ ਤੋਂ ਛੁਟਕਾਰੇ ਲਈ, ਦੁਖ ਨਿਵਾਰਣ ਲਈ ਜ਼ਰੂਰ ਬਚਨਬੱਧ ਹੈ। ਇਸ ਸਲੋਕ ਵਿਚ ਸਥਿਰ ਅੰਤਰ ਦ੍ਰਿਸ਼ਟੀ ਦਾ ਬੜਾ ਡੂੰਘਾ ਅਰਥ ਹੈ। ਅਰਜਨ ਆਪਣੇ ਸਤਿਕਾਰਯੋਗ ਗੁਰੂ ਨੂੰ ਪੁਛਦੇ ਹਨ ਕਿ ਉਸ ਮਨੁੱਖ ਬਾਰੇ ਚੰਗੀ ਤਰ੍ਹਾਂ ਖੋਲ੍ਹ ਕੇ ਦੱਸੋ ਜਿਹੜਾ ਅਡੋਲ ਵਿਵੇਕੀ ਹੋ ਕੇ ਵਿਚਰਦਾ ਹੈ, ਉਹ ਕਿਵੇਂ ਬੋਲਦਾ ਹੈ? ਉਹ ਕਿਵੇਂ ਬੈਠਦਾ ਹੈ? ਉਹ ਕਿਵੇਂ ਤੁਰਦਾ ਫਿਰਦਾ ਹੈ? ਉਹ ਆਪਣੇ ਕੰਮ ਕਾਜ ਕਿਵੇਂ ਕਰਦਾ ਹੈ? ਇਹ ਕਿਵੇਂ ਪਤਾ ਲਗਦਾ ਹੈ ਕਿ ਸਮਤਾ ਅਤੇ ਪੂਰਨਤਾ ਪ੍ਰਾਪਤ ਹੋ ਗਈ ਹੈ।

ਅਰਜਨ ਦੇ ਪ੍ਰਸ਼ਨ ਦਾ ਬੜਾ ਡੂੰਘਾ ਅਰਥ ਹੈ। ਇਹ ਅੱਜ ਦੇ ਮਨੁੱਖ ਲਈ ਵੀ ਉਨੀਂ ਹੀ ਮਹੱਤਤਾ ਰਖਦਾ ਹੈ ਜਿੰਨੀ ਉਦੋਂ ਅਰਜਨ ਲਈ ਸੀ। ਅਰਜਨ ਇਹੋ ਜਿਹੇ ਮਨੁੱਖ ਦੇ ਚਿੰਨ ਜਾਣਨਾ ਚਾਹੁੰਦਾ ਹੈ ਜਿਸ ਤੋਂ ਇਹ ਪਤਾ ਲਗ ਸਕੇ ਕਿ ਸੁਚਿਤਤਾ ਆ ਗਈ ਹੈ। ਸਾਰੇ ਹੀ ਕਥਨੀ ਕਰਨੀ ਨਾਲ ਆਪਣੇ ਆਪ ਨੂੰ ਦਰਸਾਉਂਦੇ ਹਾਂ, ਲਗਭਗ ਬਹੁਤ ਸਾਰਿਆਂ ਦਾ ਆਚਾਰ ਵਿਹਾਰ ਇਕੋ ਜਿਹਾ ਹੀ ਹੁੰਦਾ ਹੈ ਪਰ ਟਿਕੇ ਹੋਏ ਪਹੁੰਚੇ ਹੋਏ ਮਹਾਂਪੁਰਖ ਆਪਣੀ ਸੋਚ, ਸੰਵੇਗ ਅਤੇ ਇਛਾਵਾਂ ਕਿਵੇਂ ਪ੍ਰਗਟ ਕਰਦੇ ਹਨ? ਉਨ੍ਹਾਂ ਦੇ ਮਨ ਦੀ ਸੋਚਣੀ ਕਥਨੀ ਅਤੇ ਕਰਨੀ ਕਿਵੇਂ ਦੂਸਰਿਆਂ ਨਾਲੋਂ ਵੱਖਰੀ ਹੁੰਦੀ ਹੈ ਅਤੇ ਕਿਸ ਤਰ੍ਹਾਂ ਅੰਦਰੋਂ ਉਨ੍ਹਾਂ ਨੂੰ ਆਦੇਸ਼ ਮਿਲਦੇ ਹਨ? ਪੁਰਾਤਨ ਲੋਕਾਂ ਨੇ ਬੜਾ ਡੂੰਘਾ ਵਿਵਹਾਰਕ ਮਨੋਵਿਗਿਆਨ ਚਲਾਇਆ ਸੀ। ਨਾ ਕੇਵਲ ਉਨ੍ਹਾਂ ਨੇ ਵਿਵਹਾਰ ਦੀ ਪ੍ਰੇਰਨਾ ਬਾਰੇ ਹੀ ਖੋਜ ਕੀਤੀ ਸੀ, ਉਨ੍ਹਾਂ ਨੇ ਵੱਖ-ਵੱਖ ਮਾਨਸਿਕ ਸਥਿਤੀ ਦੇ ਵਿਵਹਾਰਿਕ ਚਿੰਨ, ਲੱਛਣ ਵੀ ਦੱਸੇ ਹਨ, ਉਨ੍ਹਾਂ ਨੂੰ ਸੋਧਣ ਦਾ ਤਰੀਕਾ ਵੀ ਦਸਿਆ ਹੈ। ਬਹੁਤ ਵਾਰੀ ਇਹ ਚਿੰਨ, ਲੱਛਣ ਮਾਨਸਿਕ ਸਥਿਤੀ ਪਰਖਣ ਵਿਚ ਸਹਾਇਤਾ ਕਰਦੇ ਹਨ ਪਰ ਹਰ ਕਿਸੇ ਤੇ ਸ਼ਾਇਦ ਇਹ ਲਾਗੂ ਨਾ ਹੋਣ। ਮਿਸਾਲ ਵਜੋਂ ਕੋਈ ਰੋ ਪੈਂਦਾ ਹੈ, ਰੋਣ ਦਾ ਕਾਰਨ, ਬੇਅੰਤ ਪ੍ਰਸੰਨਤਾ ਹੋ ਸਕਦਾ ਹੈ, ਉਹ ਪਿਆਰ ਨਾਲ ਟੁੰਬਿਆ ਗਿਆ ਹੋਵੇ। ਹੋ ਸਕਦਾ ਹੈ ਉਹ ਕਿਸੇ ਦਾ ਦੁਖ ਦੇਖ ਕੇ ਰੋ ਰਿਹਾ ਹੈ, ਸਾਨੂੰ ਉਸ ਦੇ ਰੋਣ ਦਾ ਠੀਕ ਕਾਰਣ ਨਹੀਂ ਪਤਾ ਲਗ ਸਕਦਾ, ਉਸ ਦਾ ਵਿਵਹਾਰ ਦੇਖ ਕੇ ਵੀ ਪਤਾ ਨਹੀਂ ਲਗ ਸਕਦਾ, ਵਿਹਾਰ ਪਰਖਣ ਲਈ ਤੁਹਾਨੂੰ ਸੰਵੇਗਾਂ ਦੇ ਸੋਮੇ ਦੀ ਸਤਾ ਤਕ ਜਾਣਾ ਪਵੇਗਾ।

ਟਿਕੀ ਹੋਈ ਸਥਿਰ ਅਵਸਥਾ ਵਾਲੇ ਦੇ ਕਥਨੀ, ਕਰਨੀ, ਉਠਣੀ ਬੈਠਣੀ ਸਭ ਦੇ ਲੱਛਣ ਅਲੱਗ ਹਨ, ਉਸ ਦਾ ਅੰਤਰ ਸਥਿਰ ਹੈ, ਉਸ ਦੇ ਅੰਦਰ ਸੰਜਮ ਹੈ, ਸੁਚਿਤਤਾ ਹੈ। ਜਿਨ੍ਹਾਂ ਦਾ ਅੰਦਰ ਹਾਲੇ ਟਿਕਿਆ ਨਹੀਂ, ਉਨ੍ਹਾਂ ਦੇ ਲੱਛਣ ਬਿਲਕੁਲ ਵੱਖਰੇ ਹੁੰਦੇ ਹਨ। ਸ਼ਾਂਤ ਮਨ ਸੁਚਿਤ ਹੋਣ ਕਰਕੇ ਇਹੋ ਜਿਹੇ ਮਹਾਂਪੁਰਖ ਬਿਲਕੁਲ ਸਥਿਰ ਬੈਠਦੇ ਹਨ, ਪੂਰੇ ਵਿਸ਼ਵਾਸ਼ ਨਾਲ ਤੁਰਦੇ ਹਨ, ਨਿਰਭੈ ਹੋ ਕੇ, ਬਿਲਕੁਲ ਇਕਾਗਰ ਹੋ ਕੇ ਸਪਸ਼ਟ ਤਰੀਕੇ ਨਾਲ ਬੋਲਦੇ ਹਨ।

ਸਾਰੇ ਮਨੁੱਖਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਉਹ ਜਿਹੜੇ ਸੁਚਿਤਤਾ ਵਾਲੇ ਹਨ, ਦੂਸਰੇ ਜਿਹੜੇ ਬੇਸੁਰੇ ਖਿਲਰੇ ਹੋਏ। ਸੁਚਿਤਤਾ ਵਾਲਾ ਮਨੁੱਖ ਗੀਤਾ ਅਨੁਸਾਰ ਇਕ ਆਦਰਸ਼ਕ ਮਨੁੱਖ ਹੈ। ਉਹ ਹਰ ਸਥਿਤੀ ਵਿਚ ਸ਼ਾਂਤ, ਨਿਰਲਿਪਤ, ਖੁਸ਼ ਖਿੜਿਆ ਰਹਿੰਦਾ ਹੈ, ਬੇਸੁਰਾ ਖਿਲਰਿਆ ਮਨੁੱਖ ਅਨੁਸਾਸ਼ਨ ਹੀਣ, ਸੋਝੀਹੀਣ ਹੁੰਦਾ ਹੈ। ਅੱਜ ਦੇ ਸਮਾਜ ਵਿਚ ਬਹੁਤ ਸਾਰੇ ਲੋਕ ਦੂਸਰੀ ਕਿਸਮ ਦੇ ਹੀ ਹਨ, ਉਹ ਸੰਜਮੀ ਨਹੀਂ ਹਨ, ਸੰਜਮ ਦਾ ਅਭਿਆਸ ਹੀ ਨਹੀਂ ਕਰਦੇ, ਉਨ੍ਹਾਂ ਦਾ ਵਿਵਹਾਰ ਵੀ ਬੇਸੁਰਾ ਹੁੰਦਾ ਹੈ। ਇਸ ਕਰਕੇ ਇਕਸੁਰਤਾ ਆਉਂਦੀ ਹੀ ਨਹੀਂ, ਇਹੋ ਜਿਹੀ ਘਬਰਾਹਟ ਪੂਰਬ ਪੱਛਮ ਦੋਨਾਂ ਵਿਚ ਹੈ। ਸਿਖਿਆ ਦਾ ਸਭ ਤੋਂ ਉਤਮ ਤਰੀਕਾ ਸਵੈ ਸਿਖਿਆ ਹੈ, ਸਵੈ-ਸੋਧ ਹੈ ਪਰ ਅਨੁਸ਼ਾਸ਼ਨ ਸੰਜਮ ਤੋਂ ਬਿਨਾਂ ਸਵੈ-ਸੋਧ ਹੋ ਹੀ ਨਹੀਂ ਸਕਦੀ।

ਭਗਵਤ ਗੀਤਾ ਦਾ ਇਹ ਸ਼ਲੋਕ 'ਮੰਡੂਕ ਉਪਨਿਸ਼ਦ' ਨਾਲ ਸਬੰਧ ਰਖਦਾ ਹੈ 'ਮੰਡੂਕ ਉਪਨਿਸ਼ਦ' ਸੰਸਾਰ ਦੀਆਂ ਬਹੁਤ ਉਤਮ ਪੁਸਤਕਾਂ ਵਿਚੋਂ ਸੋਚਣੀ ਨੂੰ ਹਿਲਾ ਦੇਣ ਵਾਲੀ ਪੁਸਤਕ ਹੈ, ਇਸ ਵਿਚ ਮਨ ਦੀਆਂ ਤਿੰਨ ਸਥਿਤੀਆਂ ਦੱਸੀਆਂ ਗਈਆਂ ਹਨ - ਜਾਗਦਾ ਮਨ, ਸੁਪਨੇ ਲੈਂਦਾ ਮਨ ਅਤੇ ਸੁੱਤਾ ਮਨ। ਇਨ੍ਹਾਂ ਤਿੰਨਾਂ ਦੀ ਵਿਆਖਿਆ 'ਮੰਡੂਕ ਕਾਰਿਕਾ' ਗੋੜਪਦ ਜੋ ਸ਼ੰਕਰਾਚਾਰੀਆ ਦੇ ਗੁਰੂ ਹੋਏ ਹਨ, ਨੇ ਕੀਤੀ ਹੈ। ਸੁਚਿਤਤਾ ਪ੍ਰਾਪਤ ਮਨੁੱਖ ਇਨ੍ਹਾਂ ਤਿੰਨਾਂ ਸਥਿਤੀਆਂ ਨੂੰ ਝਟ ਹੀ ਦੇਖ ਲੈਂਦਾ ਹੈ, ਪਰ ਉਹ ਆਪਣੀ ਤੁਰੀਆ ਅਵਸਥਾ ਓਵੇਂ ਹੀ ਬਣਾਈ ਰਖਦਾ ਹੈ, ਗਾੜ੍ਹੀ ਨੀਂਦ ਤੁਰੀਆ ਅਵਸਥਾ ਦੇ ਬਹੁਤ ਨੇੜੇ ਹੈ, ਫਰਕ ਐਨਾ ਹੈ ਕਿ ਗਾੜ੍ਹੀ ਨੀਂਦ ਵਿਚ ਤੁਹਾਨੂੰ ਕੁਝ ਪਤਾ ਨਹੀਂ ਹੁੰਦਾ ਪਰ ਤੁਰੀਆ ਵਿਚ ਅਭੰਗ ਚੇਤਨਤਾ ਹੁੰਦੀ ਹੈ। ਭਗਵਤ ਗੀਤਾ ਦਾ ਮਨੋਰਥ ਅਰਜਨ ਨੂੰ, ਤੁਰੀਆ ਅਵਸਥਾ ਵਿਚ ਪਹੁੰਚਾਉਣਾ ਹੈ, ਤੁਰੀਆ ਅਵਸਥਾ ਪ੍ਰਾਪਤ ਨੂੰ ਹੀ ਸੁਚਿਤਤਾ ਪ੍ਰਾਪਤ ਕਿਹਾ ਜਾਂਦਾ ਹੈ।

ਅਵਸਥਾਵਾਂ ਆਮ ਆਦਮੀ ਲਈ ਜਾਗਦੇ, ਸੁਪਨੇ ਲੈਂਦੇ ਅਤੇ ਸੁੱਤੇ ਵੱਖ-ਵੱਖ ਸਚਾਈਆਂ ਹਨ। ਚੌਥੀ ਦਾ ਤਾਂ ਉਸ ਨੂੰ ਪਤਾ ਹੀ ਨਹੀਂ ਜਿਸ ਨੇ ਸਮੇਂ ਰਹਿਤ ਸੁਚਿਤਤਾ ਸਥਿਤੀ ਪ੍ਰਾਪਤ ਕਰ ਲਈ, ਉਹ ਸਮੇਂ ਤੋਂ, ਭੂਤ, ਭਵਿੱਖ ਵਰਤਮਾਨ ਤੋਂ ਪਰ੍ਹੇ ਚਲਿਆ ਗਿਆ। ਉਸ ਵਾਸਤੇ ਸਭ ਕੁਝ ਵਰਤਮਾਨ ਹੀ ਹੈ, ਉਹ ਭੂਤ ਭਵਿੱਖ ਵਿਚ ਇਸ ਤਰ੍ਹਾਂ ਵਿਚਰਦੇ ਹਨ ਜਿਵੇਂ ਕੋਈ ਵਰਤਮਾਨ ਵਿਚ ਵਿਚਰਦਾ ਹੈ। ਉਨ੍ਹਾਂ ਵਾਸਤੇ

ਸਭ ਕੁਝ ਹੁਣੇ, ਐਥੇ ਹੀ ਹੈ ਪਰ ਬਹੁਤ ਵਿਰਲੇ ਹੀ ਹਨ ਜੋ ਇਸ ਸਥਿਤੀ ਨੂੰ ਪ੍ਰਾਪਤ ਹੁੰਦੇ ਹਨ ਕਿਉਂਕਿ ਇਹ ਅਭੇਦ ਹੋਣ ਦਾ ਹੀ ਭਾਗ ਹੈ। ਜਦੋਂ ਭੂਤ ਭਵਿੱਖ ਵਿਚ ਵਿਚਰਨਾ ਸੁਭਾਵਿਕ ਹੋ ਜਾਵੇ ਉਸ ਇਕ ਨਾਲ ਅਭੇਦਤਾ ਹੋ, ਜਾਵੇ ਫੇਰ ਬ੍ਰਹਿਮੰਡ ਦਾ ਗਿਆਨ ਉਸ ਦੀ ਝੋਲੀ ਵਿਚ ਹੈ।

ਆਮ ਬੰਦੇ ਜਾਗਣ, ਸੌਣ ਅਤੇ ਸੁਪਨਿਆਂ ਨੂੰ ਵੱਖ-ਵੱਖ ਦੇਖਦੇ ਹਨ ਪਰ ਜਿਹੜੇ ਵਡਭਾਗੇ ਸਥਿਰ ਤੇ ਤੁਰੀਆ ਅਵਸਥਾ ਨੂੰ ਪਹੁੰਚੇ ਹੋਏ ਹਨ ਉਨ੍ਹਾਂ ਲਈ ਇਹ ਤਿੰਨ ਅਵਸਥਾਵਾਂ - ਜਾਗਣਾ, ਸੌਣਾ ਸੁਪਨੇ ਚੇਤਨਤਾ ਦਾ ਲਗਾਤਾਰ ਪਸਾਰਾ ਹੈ। ਸੁਚਿਤਤਾ ਪ੍ਰਾਪਤ ਲਈ ਇਹ ਤਿੰਨੇ ਦਸ਼ਾ ਇਕੋ ਚੇਤਨਤਾ ਦੀ ਪਰਸਪਰ ਸਚਾਈ ਹੈ ਬਿਲਕੁਲ ਉਸ ਤਰ੍ਹਾਂ ਜਿਸ ਤਰ੍ਹਾਂ ਸਵੇਰ, ਦੁਪਹਿਰ ਅਤੇ ਸ਼ਾਮ ਇਕ ਪੂਰੇ ਦਿਨ ਦੇ ਹਿੱਸੇ ਹਨ। ਤੁਛ ਬੁੱਧੀ ਵਾਲੇ, ਸੀਮਤ ਗਿਆਨ ਵਾਲੇ ਤਾਂ ਘਬਰਾਏ ਰਹਿੰਦੇ ਹਨ, ਸੰਸਿਆਂ ਵਿਚ ਪਏ ਰਹਿੰਦੇ ਹਨ, ਉਨ੍ਹਾਂ ਨੂੰ ਜੀਵਨ ਮਨੋਰਥ ਸਮਝ ਹੀ ਨਹੀਂ ਆਉਂਦਾ, ਕਿਉਂਕਿ ਉਹ ਸੰਪੂਰਨ ਜੀਵਨ ਨੂੰ ਜਾਣਦੇ ਹੀ ਨਹੀਂ, ਉਹ ਤਾਂ ਜੀਵਨ ਦੇ ਇਕ ਭਾਗ ਨੂੰ ਹੀ ਜਾਣਦੇ ਹਨ, ਉਨ੍ਹਾਂ ਨੂੰ ਸੰਪੂਰਨਤਾ ਦਾ ਪੂਰਨ ਗਿਆਨ ਹੀ ਨਹੀਂ। ਮਹਾਂਪੁਰਖ ਯੁੱਧ ਦੇ ਮੈਦਾਨ ਵਿਚ ਵੀ ਸ਼ਾਂਤ ਸਥਿਰ ਰਹਿੰਦੇ ਹਨ, ਉਨ੍ਹਾਂ ਨੇ ਜੀਵਨ ਰਹੱਸ ਨੂੰ ਅੰਦਰੋਂ ਬਾਹਰੋਂ ਜਾਣ ਲਿਆ ਹੈ, ਅਟੱਲ, ਨਾਸ਼ਵਾਦੀ ਨੂੰ ਜਾਣ ਲਿਆ ਹੈ, ਇਹੋ ਜਿਹਾ ਯੋਗੀ ਸਦਾ ਹੀ, ਹਰ ਹਾਲਾਤ, ਹਰ ਦਸ਼ਾ ਵਿਚ ਵਿਜੈਤਾ ਹੀ ਹੁੰਦਾ ਹੈ।

ਸੁਪਨੇ ਦੀ ਦਸ਼ਾ ਅਸੰਤੁਸ਼ਟੀ ਦੀ ਦਸ਼ਾ ਹੈ, ਪਰ ਇਸ ਦਸ਼ਾ ਦਾ ਚਿਕਿਤਸਕ ਪੱਖੋਂ ਲਾਭ ਹੈ ਕਿਉਂਕਿ ਇਸ ਵਿਚ ਸਾਰੀਆਂ ਅਪੂਰਨ ਇਛਾਵਾਂ ਪੂਰਨ ਹੋ ਜਾਂਦੀਆਂ ਹਨ, ਦਬੀਆਂ ਹੋਈਆਂ ਭਾਵਨਾ ਨੂੰ ਨਿਕਲ ਕੇ ਪ੍ਰਗਟ ਹੋਣ ਦਾ ਅਵਸਰ ਮਿਲ ਜਾਂਦਾ ਹੈ। ਸੁਪਨਿਆਂ ਨੂੰ ਪਰਖ ਕੇ ਅਸੀਂ ਦੋਨੋਂ ਜੀਵਨ ਜਾਣ ਸਕਦੇ ਹਾਂ, ਇਕ ਸੁਚੇਤ ਜੀਵਨ ਜਿਹੜਾ ਅਸੀਂ ਜੀਉਂਦੇ ਹਾਂ ਦੂਸਰਾ ਅਚੇਤ ਭੁਲਿਆ ਹੋਇਆ ਜੀਵਨ। ਅਸੀਂ ਸੋਚਦੇ ਹਾਂ ਕਿ ਸਾਡੀ ਭੁੱਲੀ ਹੋਈ ਜ਼ਿੰਦਗੀ, ਅਚੇਤ, ਸਾਡੇ ਸੁਚੇਤ ਉਤੇ ਪ੍ਰਭਾਵ ਨਹੀਂ ਪਾਉਂਦੀ, ਇਹ ਗਲਤ ਹੈ, ਸੁਪਨੇ ਸਾਡੇ ਭੁੱਲੇ ਹੋਏ, ਪਾਸੇ ਕੀਤੇ ਹੋਏ, ਅਧੂਰੇ ਕੰਮ ਇਛਾਵਾਂ, ਸਾਡੇ ਅਚੇਤ ਵਿਚ ਸੁੱਤੀਆਂ ਰਹਿੰਦੀਆਂ ਹਨ, ਪਰ ਜਦੋਂ ਹੀ ਅਵਸਰ ਮਿਲੇ ਬਾਹਰ ਆ ਜਾਂਦੀਆਂ ਹਨ।

ਸੁਚੇਤ ਮਨ ਸੰਪੂਰਨ ਮਨ ਦਾ ਕੇਵਲ ਇਕ ਚੌਥਾਈ ਭਾਗ ਹੀ ਹੁੰਦਾ ਹੈ। ਸੋ ਇਹ ਸਮੁੱਚੇ ਮਨ ਨੂੰ ਨਹੀਂ ਸਮਝ ਸਕਦਾ। ਸਾਡੇ ਅੱਜ ਦੇ ਸਿਖਿਆ ਦੇ ਤਰੀਕੇ ਬੜੇ ਅਧੂਰੇ ਹਨ ਉਹ ਕੇਵਲ ਕੁਝ ਹਿੱਸਿਆਂ ਬਾਰੇ ਹੀ ਦਸਦੇ ਹਨ। ਸਮੁੱਚੇ ਅੰਤਰ ਬਾਰੇ ਉਨ੍ਹਾਂ ਕੋਲ ਦੱਸਣ ਨੂੰ ਕੁਝ ਵੀ ਨਹੀਂ ਹੈ। ਇਹ ਹੀ ਅੱਜ ਦੀ ਸਿਖਿਆ ਪ੍ਰਣਾਲੀ ਦਾ ਖੋਖਲਾਪਨ ਅਤੇ ਦੁਖਾਂਤ ਹੈ ਇਹੋ ਹੀ ਅੱਜ ਦੇ ਸੰਸਾਰ ਦੇ ਸੰਤਾਪ ਦਾ ਕਾਰਨ ਹੈ। ਅਸੀਂ ਆਪਾ ਚੀਨਣ ਦੇ ਤਰੀਕੇ ਕਿਉਂ ਨਹੀਂ ਕੱਢੇ? ਕਿਉਂ ਅਸੀਂ ਅੰਦਰ ਜਾਨਣ ਦੇ ਤਰੀਕੇ ਨਹੀਂ ਬਣਾਏ? ਤਾਂ ਜੋ ਹਰ ਕੋਈ ਅੰਦਰ ਝਾਕ ਸਕੇ, ਆਪਾ ਚੀਨ ਸਕੇ। ਇਹੋ ਜਿਹੀ ਸਿਖਿਆ ਪੁਰਾਣੇ ਸਮਿਆਂ ਵਿਚ ਉਪਲਬਧ ਸੀ ਪਰ ਉਹ ਭੁੱਲੀ ਜਾ ਚੁਕੀ ਹੈ। ਅੱਜ ਦੇ ਮਨੋਵਿਗਿਆਨਕ ਸੁਪਨੇ ਦੀ ਸਥਿਤੀ ਦੀ ਜਾਂਚ ਤਾਂ ਕਰਨ ਲਗ ਪਏ ਹਨ ਪਰ ਉਨ੍ਹਾਂ ਦੀਆਂ ਖੋਜਾਂ ਹਾਲੇ ਬਹੁਤ ਹੀ ਪ੍ਰਾਰੰਭਿਕ ਪੱਧਰ ਉਤੇ ਹਨ, ਇਸ ਲਈ ਹੋਰ ਤਰ੍ਹਾਂ ਦੇ ਤਰੀਕਿਆਂ ਦੀ ਲੋੜ ਹੈ। ਉਨ੍ਹਾਂ ਕੋਲ ਕੋਈ ਵਿਦਿਆ ਨਹੀਂ, ਕੋਈ ਪ੍ਰੈਕਟੀਕਲ ਸਿਖਿਆ ਨਹੀਂ ਜਿਸ ਨਾਲ ਉਹ ਅਚੇਤ ਮਨ ਨੂੰ ਖੋਜ ਸਕਣ। ਭਗਵਤ ਗੀਤਾ ਇਕ ਐਸਾ ਗ੍ਰੰਥ ਹੈ ਜਿਹੜਾ ਅੱਜ ਦੀ ਚਿਕਿਤਸਾ ਨੂੰ ਉਸ ਅਗਿਆਤ ਬਾਰੇ ਜਾਣੂ ਕਰਾ ਸਕਦਾ ਹੈ।

ਅਰਜਨ ਦੇ ਪ੍ਰਸ਼ਨ ਤੋਂ ਪਤਾ ਲਗਦਾ ਹੈ ਕਿ ਉਹ ਆਪਣੀ ਉਪਰਾਮਤਾ ਤੋਂ ਨਿਕਲ ਆਇਆ ਹੈ, ਛੁਟਕਾਰਾ ਪਾ ਚੁੱਕਾ ਹੈ, ਉਹ ਸ੍ਰੀ ਕ੍ਰਿਸ਼ਨ ਜੀ ਦੀ ਸਿਖਿਆ ਲੈ ਕੇ ਮੰਨਣ ਨੂੰ ਤਿਆਰ ਹੈ, ਅੰਤਰ ਦੀਆਂ ਦਸ਼ਾਵਾਂ ਨੂੰ ਦੇਖਣ ਨੂੰ ਨਰੀਖਣ ਕਰਨ ਨੂੰ ਤਿਆਰ ਹੈ। ਕ੍ਰਿਸ਼ਨ ਜੀ ਨੇ ਅਰਜਨ ਨੂੰ ਬਿਲਕੁਲ ਢਹਿੰਦੀ ਕਲਾ ਤੋਂ ਉਪਰਾਮਤਾ ਤੋਂ ਸਥਿਰਤਾ, ਸਤੁੰਲਨਤਾ ਵਿਚ ਲੈ ਆਂਦਾ ਹੈ। ਅਰਜਨ ਦੀ ਸੋਚਣੀ, ਕਥਨੀ ਅਤੇ ਕਰਨੀ ਨੂੰ ਜਾਂਚ ਕੇ ਇਹ ਕਿਹਾ, ਦੇਖਿਆ ਜਾ ਸਕਦਾ ਹੈ ਕਿ ਦੋ ਅਵਸਥਾਵਾਂ ਕਿੰਨੀਆਂ ਫਰਕ ਵਾਲੀਆਂ ਹਨ, ਪਹਿਲੀ ਅਵਸਥਾ ਵਿਚ ਅਰਜਨ ਅਗਿਆਨੀ ਸੀ, ਉਦਾਸ ਸੀ, ਦੁਰਬਲ ਸੀ, ਭੈ ਭੀਤ ਸੀ, ਵਿਆਕੁਲ ਸੀ ਪਰ ਉਸ ਦਾ ਪ੍ਰਸ਼ਨ ਹੁਣ ਇਹ ਦਸਦਾ ਹੈ ਕਿ ਉਹ ਗਿਆਨ ਦੇ ਮਾਰਗ ਉਤੇ ਆ ਗਿਆ ਹੈ ਅਤੇ ਆਤਮ ਰੂਪਾਂਤਰਣ ਲਈ ਤਿਆਰ ਹੈ, ਉਹ ਬਿਲਕੁਲ ਬਦਲਿਆ ਹੋਇਆ ਹੈ।

ਜਦੋਂ ਤੁਸੀਂ ਸਾਧਨਾ ਕਰਦੇ ਹੋ, ਕਾਇਆ ਕਲਪ ਹੋ ਜਾਂਦਾ ਹੈ, ਜਗਿਆਸੂ ਦਾ ਵਿਵਹਾਰ ਬਦਲ ਜਾਂਦਾ ਹੈ, ਕਾਇਆ ਕਲਪ ਸਾਡਾ ਸਭ ਤੋਂ ਮਹੱਤਵਪੂਰਨ ਮਾਨਵੀ ਸਾਧਨ ਹੈ, ਸਰੋਤ ਹੈ ਜੇ ਇਕ ਵੀ ਮਨੁੱਖ ਦਾ ਰੂਪਾਂਤਰਣ ਹੋ ਸਕਦਾ ਹੈ ਤਾਂ ਸਾਰੀ ਮਾਨਵਤਾ ਦਾ ਕਾਇਆ ਕਲਪ ਹੋ ਜਾਵੇਗਾ? ਇਹ ਉਦੋਂ ਹੀ ਸੰਭਵ ਹੋਵੇਗਾ ਜਦੋਂ ਸਿਖਿਆ ਪ੍ਰਣਾਲੀ ਵਿਚ ਸਵੈ ਅਨੁਸ਼ਾਸ਼ਨ, ਸੰਜਮ ਦੇ ਤਰੀਕਿਆਂ ਨਾਲ ਆਤਮਾ ਨੂੰ ਸੁਤੰਤਰ ਕਰਕੇ ਸੁਚਿਤਤਾ ਪ੍ਰਾਪਤ ਕਰਨੀ ਦੱਸੀ ਜਾਵੇਗੀ।

55. ਹੇ ਅਰਜਨ! ਜਿਸ ਸਮੇਂ ਇਹ ਪੁਰਸ਼ ਮਨ ਵਿਚ ਸਥਿਤ ਸੰਪੂਰਨ ਵਾਸ਼ਨਾਵਾਂ ਨੂੰ ਤਿਆਗ ਦਿੰਦਾ ਹੈ, ਉਸ ਸਮੇਂ ਅੰਦਰੋਂ ਹੀ ਆਤਮਾ ਤੋਂ ਹੀ ਆਤਮਾ ਵਿਚ ਸੰਤੁਸ਼ਟ ਹੋਇਆ ਸਥਿਰ ਬੁੱਧੀ ਵਾਲਾ ਕਿਹਾ ਜਾਂਦਾ ਹੈ।

56. ਦੁਖ ਵਿਚ ਜੋ ਦੁਖ ਨਹੀਂ ਮੰਨਦਾ ਅਤੇ ਸੁਖ ਪ੍ਰਾਪਤੀ ਨਾਲ ਸਨੇਹ ਨਹੀਂ ਹੈ ਜਿਸਦਾ, ਅਤੇ ਨਸ਼ਟ ਹੋ ਗਏ ਹਨ ਰਾਗ, ਭੈ ਅਤੇ ਕ੍ਰੋਧ ਜਿਸਦੇ, ਐਸਾ ਪੁਰਸ਼ ਸਥਿਰ ਬੁੱਧੀ ਵਾਲਾ ਕਿਹਾ ਜਾਂਦਾ ਹੈ।

57. ਜਿਹੜਾ ਪੁਰਸ਼ ਸਨੇਹ ਰਹਿਤ ਹੋ ਗਿਆ, ਜੋ ਸੁਭ ਅਤੇ ਅਸ਼ੁਭ ਵਸਤੂਆਂ ਨੂੰ ਪ੍ਰਾਪਤ ਹੋ ਕੇ ਨਾ ਹੀ ਪ੍ਰਸੰਨ ਹੁੰਦਾ ਹੈ ਅਤੇ ਨਾ ਹੀ ਦ੍ਵੈਸ਼ ਕਰਦਾ ਹੈ, ਉਸ ਦੀ ਬੁੱਧੀ ਸਥਿਰ ਹੈ।

ਜਦੋਂ ਜਗਿਆਸੂ ਇਹ ਮਹਿਸੂਸ ਕਰਦਾ ਹੈ ਕਿ ਸੰਸਾਰ ਪ੍ਰਮਾਤਮਾ ਦਾ ਹੀ ਪਸਾਰਾ ਹੈ ਇਹ ਭਾਵੇਂ ਸੱਚ ਪ੍ਰਤੀਤ ਹੁੰਦਾ ਹੈ, ਪਰ ਹੈ ਨਹੀਂ। ਸੋ ਸੰਸਾਰਕ ਪਦਾਰਥ ਉਸ ਲਈ ਕੋਈ ਮਹੱਤਵ ਨਹੀਂ ਰਖਦੇ, ਉਸ ਨੂੰ ਪਹਿਲੀ ਵਾਰੀ 'ਆਤਮ ਮਾਰਗ' ਤੇ ਤੁਰਦਿਆਂ ਸੁਤੰਤਰਤਾ ਦਾ ਅਭਿਆਸ ਹੁੰਦਾ ਹੈ, ਇਹੋ ਜਿਹਾ ਮਨੁੱਖ ਆਪਾ ਚੀਨਦਿਆਂ ਸੰਜਮ, ਸਬਰ, ਸੰਤੋਖ ਤਕ ਪਹੁੰਚ ਕੇ ਸਵੈ ਨੂੰ ਪਹਿਚਾਣ ਜਾਂਦਾ ਹੈ। ਸ੍ਵੈ ਨੂੰ ਸ੍ਵੈ ਹੀ ਜਾਣ ਸਕਦਾ ਹੈ, ਸ੍ਵੈ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ। ਜਦੋਂ ਕੋਈ

ਇਸ ਸ੍ਵੈ ਗਿਆਨ ਦੀ ਪ੍ਰੈਕਟੀਕਲ ਵਰਤੋਂ ਕਰਦਾ ਹੈ, ਉਹ ਪੂਰੀ ਤਰ੍ਹਾਂ ਨਿਰਲਿਪਤ ਹੋ ਜਾਂਦਾ ਹੈ। ਉਸ ਨੂੰ ਚੰਗਾ, ਮੰਦਾ, ਲੋਭ, ਘ੍ਰਿਣਾ ਕੁਝ ਵੀ ਬੰਨ੍ਹ ਨਹੀਂ ਸਕਦਾ, ਉਹ ਸਾਰੇ ਭਾਵਾਂ ਤੋਂ, ਇਛਾਵਾਂ ਤੋਂ, ਲੋਭ ਤੋਂ ਮੁਕਤ ਹੋ ਜਾਂਦਾ ਹੈ ਇਹੋ ਜਿਹੀ ਸਮਤਾ ਇਸ ਰਸਤੇ ਲਈ ਬੜੀ ਜ਼ਰੂਰੀ ਹੈ, ਕੋਈ ਤਾਕਤ ਇਸ ਨੂੰ ਤੁਹਾਡੇ ਕੋਲੋਂ ਖੋਹ ਨਹੀਂ ਸਕਦੀ।

ਇਕ ਸੂਝਵਾਨ ਜਗਿਆਸੂ ਹੀ ਪਹੁੰਚਿਆ ਹੋਇਆਂ ਦੇ ਹਾਵ ਭਾਵ, ਵਿਚਾਰ, ਕਥਨੀ ਅਤੇ ਕਰਨੀ ਸਮਝ ਸਕਦਾ ਹੈ। ਸਭ ਤੋਂ ਵੱਡਾ ਚਿੰਨ ਇਹੋ ਜਿਹੇ ਮਹਾਂਪੁਰਖਾਂ ਦਾ ਹੁੰਦਾ ਹੈ - ਮਨ ਦੀ ਸ਼ਾਂਤੀ ਅਤੇ ਬਿਲਕੁਲ ਇੱਛਾ ਰਹਿਤ ਹੋਣਾ। ਇਹੋ ਜਿਹੇ ਮਹਾਂਪੁਰਖ ਇਕ ਮਿਸਾਲ ਹੁੰਦੇ ਹਨ, ਉਹ ਇਸ ਤਰ੍ਹਾਂ ਰਹਿੰਦੇ ਹਨ ਜਿਵੇਂ ਸ਼ੀਸ਼ੇ ਦੇ ਘਰ ਵਿਚ ਰਹਿੰਦੇ ਹੋਣ ਜਿਸ ਵਿਚੋਂ ਉਹ ਸਾਰਿਆਂ ਨੂੰ ਦੇਖ ਸਕਦੇ ਹਨ, ਸਾਰੇ ਉਨ੍ਹਾਂ ਨੂੰ ਦੇਖਦੇ ਹਨ। ਇਹ ਸਥਿਤੀ ਹੌਲੀ-ਹੌਲੀ ਸਾਧਨਾ ਕਰਨ ਨਾਲ ਆਉਂਦੀ ਹੈ ਜਿਸ ਵਿਚ ਜਗਿਆਸੂ ਆਪਣੀ ਸੋਚਣੀ ਸੰਵੇਗ, ਇਛਾਵਾਂ ਨੂੰ ਠੀਕ ਤਰ੍ਹਾਂ ਵਰਤਦਾ ਹੈ, ਕੇਵਲ ਉਹ ਇਛਾਵਾਂ ਹੀ ਰਖਦਾ ਹੈ, ਉਹ ਸੋਚਣੀ ਸੰਵੇਗ ਹੀ ਵਰਤਦਾ ਹੈ ਜਿਹੜੇ ਉਸ ਲਈ ਸਹਾਇਕ ਹੋਣ, ਬਾਕੀ ਉਹ ਛੱਡ ਦਿੰਦਾ ਹੈ। ਇਸ ਤੋਂ ਅਗਲੀ ਸਥਿਤੀ ਉਤੇ ਉਹ ਚੰਗਾ ਮੰਦਾ ਦੋਨੋਂ ਹੀ ਛੱਡ ਦਿੰਦਾ ਹੈ। ਫੇਰ ਉਹ ਕੇਵਲ ਇਹ ਦ੍ਰਿਸ਼ ਹੀ ਦੇਖ ਰਿਹਾ ਹੁੰਦਾ ਹੈ ਭਾਵੇਂ ਉਹ ਸੰਸਾਰ ਵਿਚ ਹੋਵੇ ਭਾਵੇਂ ਕੁਦਰਤ ਵਿਚ ਭਾਵੇਂ ਸਮਾਜ ਦਾ ਹੋਵੇ।

ਇਛਾਵਾਂ ਦਾ ਮੁੱਢ ਪ੍ਰਾਰੰਭਕ ਜ਼ਰੂਰਤਾਂ ਜਿਵੇਂ ਭੁੱਖ, ਸੌਣਾ, ਲਿੰਗ ਵਾਸ਼ਨਾ, ਜਦੋਂ ਮਨੁੱਖ ਇਨ੍ਹਾਂ ਪ੍ਰਾਕ੍ਰਿਤਕ ਜ਼ਰੂਰਤਾਂ ਨੂੰ ਸੋਧ ਲੈਂਦਾ ਹੈ, ਇਛਾਵਾਂ ਆਪਣਾ ਬਲ ਉਸ ਮਨੁੱਖ ਉਤੇ ਛੱਡ ਦਿੰਦੀਆਂ ਹਨ, ਫੇਰ ਇਛਾਵਾਂ ਉਸ ਦੀਆਂ ਦਾਸੀਆਂ ਬਣ ਜਾਂਦੀਆਂ ਹਨ, ਉਸ ਦੀਆਂ ਮਾਲਕ ਨਹੀਂ ਰਹਿੰਦੀਆਂ। ਬਹੁਤ ਸਾਰੇ ਨਵੇਂ-ਨਵੇਂ ਸ਼ਿਸ਼ ਇਹ ਸੋਚਦੇ ਹਨ ਕਿ ਸੰਸਾਰਕ ਪਦਾਰਥ ਤਿਆਗ ਦੇਣੇ ਚਾਹੀਦੇ ਹਨ, ਛੱਡ ਦੇਣੇ ਚਾਹੀਦੇ ਹਨ ਪਰ ਇਥੇ ਭਾਵ ਕੁਝ ਹੋਰ ਹੈ। ਸੰਸਾਰਕ ਪਦਾਰਥ ਦਾ ਭਾਵ ਤਿਆਗ ਤੋਂ ਨਹੀਂ, ਇਛਾਵਾਂ ਤੋਂ ਹੈ। ਇਹ ਇਛਾਵਾਂ ਬੰਧਨ ਰੂਪ ਹਨ ਅਤੇ ਮਨ ਨੂੰ ਬਾਰ-ਬਾਰ ਉਧਰ ਖਿਚਦੀਆਂ ਹਨ।

ਇਹ ਇਛਾਵਾਂ ਦਾ ਖਿਲਵਾੜ ਕੇਵਲ ਜਾਗਦੀ ਅਤੇ ਸੁਪਨਿਆਂ ਦੀ ਹਾਲਤ ਵਿਚ ਹੀ ਹੁੰਦਾ ਹੈ, ਇਛਾਵਾਂ ਵੀ ਨੀਂਦ ਦੇ ਦੌਰਾਨ ਸੁੱਤੀਆਂ ਰਹਿੰਦੀਆਂ ਹਨ ਪਰ ਸਾਨੂੰ ਪਤਾ ਨਹੀਂ ਹੁੰਦਾ। ਜਦੋਂ ਤੁਸੀਂ ਸਮਾਧੀ ਵਿਚ ਹੁੰਦੇ ਹੋ, ਤਾਂ ਤੁਸੀਂ ਜਾਗਣ ਦੀ, ਸੁਪਨਿਆਂ ਦੀ, ਨੀਂਦ ਦੀ ਸਥਿਤੀ ਤੋਂ ਬਹੁਤ ਉਚੇ ਹੁੰਦੇ ਹੋ, ਤੁਸੀਂ ਪੂਰੀ ਤਰ੍ਹਾਂ ਸੁਚੇਤ ਹੁੰਦੇ ਹੋ, ਜਿਸ ਵਿਚ ਇਛਾਵਾਂ ਪੂਰੀ ਤਰ੍ਹਾਂ ਨਾਲ ਗੈਰਹਾਜ਼ਰ ਹੁੰਦੀਆਂ ਹਨ। ਸਮਾਧੀ ਦੀ ਚੇਤਨਤਾ, ਸਾਡੇ ਜਾਗਣ ਦੀ ਚੇਤਨਤਾ ਤੋਂ ਬਹੁਤ ਫਰਕ ਹੈ, ਜਾਗਦੀ ਚੇਤਨਾ ਸੰਪੂਰਨ ਚੇਤਨਾ ਦੀ ਕੇਵਲ ਇਕ ਚੌਥਾਈ ਹੈ। ਸਮਾਧੀ ਦੀ ਚੇਤਨਾ ਤਾਂ ਅਨੰਤ ਹੈ, ਸਮਾਂ, ਸਥਾਨ ਸਭ ਤੋਂ ਉਚੇ ਸਭ ਤੋਂ ਪਰ੍ਹੇ ਗਿਆਨ ਦੀ ਸਥਾਈ ਸੀਮਾ ਹੈ। ਹੇਠਾਂ ਦੀਆਂ ਤਿੰਨ ਦਸ਼ਾ, ਜਾਗਦੀ, ਸੁਪਨਿਆਂ ਦੀ ਅਤੇ ਸੌਣ ਦੀ ਇਹ ਤਾਂ ਸਾਰਿਆਂ ਦੀਆਂ ਸਾਂਝੀਆਂ ਹਨ। ਚੌਥੀ ਉਪਰਲੀ ਦਸ਼ਾ ਸ਼ਾਂਤੀ ਦੀ ਸਥਿਤੀ ਕੇਵਲ ਸੱਚਾ ਜਗਿਆਸੂ ਹੀ ਪ੍ਰਾਪਤ ਕਰ ਸਕਦਾ ਹੈ।

□□□□□□□

(ਪੰਨਾ 59 ਦੀ ਬਾਕੀ)

ਰਿਹਾ ਹੈ ਉਸ ਦੀ ਦੇਖਣ ਵਾਲੀ ਨਾੜੀ ਕੰਮ ਕਰ ਰਹੀ ਹੈ, ਇਹ ਨਾੜੀ ਤਾਕਤ ਸਮੇਟ ਕੇ ਉਤੇਜਿਤ ਕਰਦੀ ਹੈ, ਜੇ ਰੋਸ਼ਨੀ ਨਾੜੀ ਵਿਚੋਂ ਨਹੀਂ ਲੰਘ ਰਹੀ ਤਾਂ ਦਿਮਾਗ ਤਕ ਕਿਸ ਤਰ੍ਹਾਂ ਪਹੁੰਚੇਗੀ, ਸੋ ਰੋਸ਼ਨੀ ਪਹਿਲਾਂ ਦੇਖਣ ਦੀ ਨਾੜੀ ਵਿਚ ਜਾਵੇਗੀ, ਫੇਰ ਹੀ ਦਿਮਾਗ ਵਿਚ ਪਹੁੰਚੇਗੀ, ਇਹ ਇਕ ਆਪਣੀ ਤਰ੍ਹਾਂ ਦਾ ਹੀ ਪ੍ਰਵਾਹ ਹੈ ਜਿਹੜਾ ਦਿਮਾਗ ਵਿਚ ਜਾਂਦਾ ਹੈ, ਇਹ ਨਾੜੀਆਂ ਦੇ ਪ੍ਰਵਾਹ ਤੋਂ ਵੱਖ ਹੈ। ਦਿਮਾਗ ਦਾ ਆਪਣੇ ਮਨੋਵੇਗ ਹੈ। ਸਾਡੀ ਸਾਰੀ ਦ੍ਰਿਸ਼ਟੀ ਹੀ ਬਦਲ ਜਾਂਦੀ ਹੈ, ਦ੍ਰਿਸ਼ਟੀ ਜਿਹੜੀ ਪੁਲਾੜ ਵਿਚੋਂ ਲੰਘਦੀ ਹੈ, ਉਹ ਤਰੰਗਾਂ ਜੋ ਦਿਸਦੀਆਂ ਨਹੀਂ, ਜਿਹੜੀਆਂ ਕੋਈ ਥਾਂ ਨਹੀਂ ਲੈਂਦੀਆਂ, ਕੋਈ ਵਜ਼ਨ ਨਹੀਂ ਜਿਨ੍ਹਾਂ ਦਾ ਹੁੰਦਾ। ਸਾਡਾ ਉਹ ਦਿਮਾਗ ਸ਼ੁਰੂ ਤੋਂ ਕਿਸੇ ਨਾ ਕਿਸੇ ਤਰ੍ਹਾਂ, ਕਈ ਚੀਜ਼ਾਂ ਲਈ, ਗੱਲਾਂ ਲਈ ਸਿਖਿਅਤ ਹੋ ਜਾਂਦਾ ਹੈ, ਸਾਨੂੰ ਦਸ ਦਿਤਾ ਜਾਂਦਾ ਹੈ, ਸਾਨੂੰ ਸਿਖਾ ਦਿਤਾ ਜਾਂਦਾ ਹੈ ਕਿ ਇਹ ਚਾਨਣ ਹੈ, ਇਹ ਨੀਲਾ ਰੰਗ ਹੈ, ਇਨ੍ਹਾਂ ਸਾਰੇ ਸ਼ਬਦਾਂ ਦੇ ਦਿਮਾਗ ਵਿਚ ਹੋਣ ਕਾਰਨ ਹੀ ਮਨੁੱਖ ਕਹਿੰਦਾ ਹੈ ਮੈਂ ਚਾਨਣ ਦੇਖਦਾ ਹਾਂ, ਚਾਨਣ ਕੌਣ ਦੇਖਦਾ ਹੈ, ਇਹ ਮਹਿਸੂਸ ਹੁੰਦਾ ਹੈ। ਚਾਨਣ ਅੱਖਾਂ ਤੋਂ ਅੱਗੇ ਲੰਘਦਾ ਹੀ ਨਹੀਂ, ਇਸ ਤਰ੍ਹਾਂ ਲਗਦਾ ਹੈ ਜਿਵੇਂ ਦ੍ਰਿਸ਼ਟੀ ਦਾ ਸਾਰਾ ਅਨੁਭਵ ਹੀ ਖਤਮ ਹੋ ਰਿਹਾ ਹੋਵੇ।

ਭਾਵੇਂ ਇਹ ਸਭ ਕੁਝ ਇਕ ਵਿਗਿਆਨਕ ਤੱਤ ਤੇ ਖਤਮ ਕੀਤਾ ਜਾਂਦਾ ਹੈ ਪਰ ਅਫਸੋਸ ਏਸ ਗੱਲ ਦਾ ਹੈ ਖਤਮ ਕੁਝ ਵੀ ਨਹੀਂ ਹੁੰਦਾ, ਤੁਸੀਂ ਮਾਈਕਰੋਫੋਨ ਆਪਣੇ ਸਾਮ੍ਹਣੇ ਦੇਖ ਰਹੇ ਹੋ। ਇਸ ਸਾਰੀ ਕਿਰਿਆ ਨੂੰ 'ਮੋਹ' ਕਹਿੰਦੇ ਹਨ, ਭਾਵੇਂ ਤੁਹਾਡੀ ਬੁੱਧੀ ਤੁਹਾਨੂੰ ਭਰੋਸਾ ਦਿਵਾ ਰਹੀ ਹੈ ਕਿ ਮਨ ਕੋਈ ਚਾਨਣ ਨਹੀਂ ਦੇਖ ਰਿਹਾ, ਫੇਰ ਇਹ ਚਾਨਣ ਕਿਸ ਕਿਸਮ ਦਾ ਹੈ। ਮੈਂ ਇਸ ਗੱਲ ਦਾ ਨਿਰਣਾ ਕਰਨ ਦੀ ਸਮਰਥਾ ਨਹੀਂ ਰਖਦਾ ਕਿਉਂਕਿ ਇਹ ਚਾਨਣ ਕਦੀ ਖਤਮ ਨਹੀਂ ਹੋਵੇਗਾ, ਮੇਰੀਆਂ ਅੱਖਾਂ ਤੋਂ ਕਦੇ ਪਰ੍ਹੇ ਨਹੀਂ ਹੋਵੇਗਾ, ਭਾਵੇਂ ਮੈਂ ਕਿੰਨੇ ਜਨਮਾਂ ਵਿਚ ਫਿਰਦਾ ਰਿਹਾ ਹੋਵਾਂ, ਇਹ ਚਾਨਣ ਨਹੀਂ ਬਦਲ ਸਕਦਾ। ਇਹ ਚਾਨਣ ਦਾ ਸਰੋਤ ਜਿਸ ਤਰ੍ਹਾਂ ਸੀ ਉਸ ਤਰ੍ਹਾਂ ਹੀ ਰਹੇਗਾ ਜਿਹੜਾ ਨਾ ਤੋਲਿਆ ਜਾ ਸਕਦਾ ਹੈ, ਨਾ ਕੋਈ ਥਾਂ ਹੀ ਲੈਂਦਾ ਹੈ, ਜੋ ਕੁਝ ਵੀ ਨਹੀਂ ਹੈ ਫੇਰ ਇਥੇ ਬੈਠ ਕੇ ਇਸ ਮਾਈਕਰੋਫੋਨ ਦਾ ਵਜ਼ਨ ਅਤੇ ਲੰਬਾਈ ਨੂੰ ਜਾਂਚ ਸਕਾਂ, ਹੇ ਵਾਹਿਗੁਰੂ! ਮੈਂ ਕੀ ਕਰ ਰਿਹਾ ਹਾਂ? ਪ੍ਰਸ਼ਨ ਉਠਦਾ ਹੈ, ਕੌਣ ਕੀ ਦੇਖਦਾ ਹੈ? ਕਰਨ ਵਾਲੀ ਗੱਲ ਹੁਣ ਇਹ ਹੈ ਕਿ ਛੇ ਵਾਕ ਜਿਹੜੇ ਵੇਦਾਂਤ ਦਾ ਮੁੱਢ ਹਨ, ਉਨ੍ਹਾਂ ਦੇ ਚਾਨਣ ਵਿਚ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਦਿਓ। ਹਰ ਅਨੁਭਵ ਨੂੰ ਪ੍ਰਸ਼ਨ ਉਤਰ ਨਾਲ ਪਰਖੋ, ਹਰ ਗਿਆਨ ਇੰਦਰੇ ਵਿਚੋਂ ਲੰਘਦੇ ਅਨੁਭਵ ਨੂੰ ਪ੍ਰਸ਼ਨ ਕਰੋ, ਬੁੱਧੀ ਦੇ ਹਰ ਅਨੁਭਵ ਨੂੰ ਪ੍ਰਸ਼ਨ ਕਰੋ, ਪਰਖੋ। ਮਨ ਜੋ ਵੀ ਅਨੁਭਵ ਕਰ ਰਿਹਾ ਹੈ, ਉਸ ਨੂੰ ਦੇਖੋ, ਪਰਖੋ। ਇਹ ਦੇਖੋ ਕਿ ਹਰ ਅਨੁਭਵ ਤੱਤ ਦੇ ਕਿੰਨੇ ਨੇੜੇ ਹੈ, ਫੇਰ ਆਪਣੇ ਕਰਮ ਪਰਖੋ, ਆਪਣੀ ਸੋਚ ਪਰਖੋ, ਆਪਣੀ ਨਫਰਤ ਪਰਖੋ ਆਪਣੇ ਮਨੋਭਾਵ ਪਰਖੋ ਅਤੇ ਇਹ ਦੇਖੋ ਕਿ ਇਹ ਸਭ ਕੁਝ ਅਨੁਭਵ ਅਤੀਤ ਦੇ ਕਿੰਨੇ ਨੇੜੇ ਹੈ।

□□□□□□□

(ਪੰਨਾ 27 ਦੀ ਬਾਕੀ)

ਕਿਉਂਕਿ ਉਨ੍ਹਾਂ ਨੂੰ ਅਜਿਹੀ ਅਵਸਥਾ ਪ੍ਰਾਪਤ ਨਹੀਂ ਹੋਇਆ ਕਰਦੀ ਜਿਥੇ ਜਾ ਕੇ ਸਹਿਜ ਸਮਾਧ ਲੱਗੀ ਰਹੇ। ਹੁੰਦਾ ਇਹ ਹੈ ਕਿ ਇਕਾਗਰਤਾ ਨਾਲ ਰਿੱਧੀਆਂ-ਸਿੱਧੀਆਂ ਦੀਆਂ ਸ਼ਕਤੀਆਂ ਪ੍ਰਾਪਤ ਹੋ ਜਾਇਆ ਕਰਦੀਆਂ ਹਨ, ਉਹ ਕਿਸੇ ਨੂੰ ਪੁੱਤਰ ਦਿੰਦੇ ਹਨ, ਕਿਸੇ ਨੂੰ ਨੌਕਰੀ ਦਿੰਦੇ ਹਨ ਇਥੋਂ ਤਕ ਕਿ ਜਾਦੂ ਟੂਣੇ ਕਰਕੇ ਭੂਤਾਂ ਪ੍ਰੇਤਾਂ ਨੂੰ ਵਸ ਕਰਕੇ ਆਪਣਾ ਮਾਣ ਕਰਾਈ ਜਾਂਦੇ ਹਨ। ਇਹ ਲੋਕ ਸਾਧੂ ਨਹੀਂ ਹੋਇਆ ਕਰਦੇ, ਸਾਧੂ ਦੀ ਬਿਰਤੀ ਤਾਂ ਬਹੁਤ ਹੀ ਉਚੀ ਹੁੰਦੀ ਹੈ, ਇਹ ਇਕ ਤਰ੍ਹਾਂ ਦੇ ਤਾਂਤਰੀ ਹੁੰਦੇ ਹਨ, ਇਹ ਤਵੀਤਾਂ, ਮੰਤ੍ਰਾਂ, ਜੰਤ੍ਰਾਂ, ਧਾਗੇ, ਜਾਦੂ, ਟੂਣੇ, ਫੂਕਾਂ, ਮੁਠਾਂ, ਝਾੜੇ, ਸਰੋਂ, ਜਵੈਣ ਮੰਤ੍ਰਾ ਕੇ, ਵਰ ਸਰਾਪ ਦਾ ਭੈ ਦਿਖਾ ਕੇ ਲੋਕਾਂ ਨੂੰ ਧੋਖਾ ਦਿਆ ਕਰਦੇ ਹਨ। ਉਹ ਪੈਸੇ ਬਟੋਰਦੇ ਹਨ, ਕਬਰਾਂ, ਮੜੀਆਂ ਨੂੰ ਮੱਥੇ ਟਿਕਾਉਂਦੇ ਹਨ। ਉਜਾੜਾਂ ਤੇ ਮਸਾਣਾਂ ਦੀ ਖਾਕ ਛਾਣਦੇ ਫਿਰਦੇ ਹਨ। ਪਹਿਲਾਂ-ਪਹਿਲਾਂ ਉਹ ਚੱਲੇ ਤਾਂ ਪ੍ਰਭੂ ਮਿਲਣ ਨੂੰ ਹੀ ਸਨ ਪਰ ਉਨ੍ਹਾਂ ਦੇ ਚੇਲੇ ਚਪਟੇ ਐਨੇ ਉਨ੍ਹਾਂ ਦੇ ਦੁਆਲੇ ਇਕੱਠੇ ਹੋ ਗਏ ਕਿ ਉਨ੍ਹਾਂ ਨੂੰ ਆਪਣਾ ਮਾਰਗ ਹੀ ਭੁੱਲ ਜਾਂਦਾ ਹੈ ਅਤੇ ਪ੍ਰਭੂ ਗਿਆਨ ਤੋਂ ਕ੍ਰੋੜਾਂ ਕੋਹਾਂ ਦੂਜੇ ਪਾਸੇ ਨੂੰ ਚਲੇ ਜਾਂਦੇ ਹਨ। ਮੁਕਤੀ ਦੀ ਆਸਾ ਛੱਡ ਕੇ ਦੁਨੀਆਂ ਵਿਚ ਮਹਿਮਾ ਲਈ ਜਿਉਂਦੇ ਹਨ ਅਤੇ ਲੋਭ ਵਿਚ ਫਸ ਕੇ ਅਮੁਲਾਂ ਨਾਮ ਹੀਰਾ ਗੁਆ ਬੈਠਦੇ ਹਨ। ਗਿਆਨੀ ਮੋਹਨ ਸਿੰਘ ਜੀ ਨੇ ਜਿਨ੍ਹਾਂ ਨੇ ਰੂਹਾਨੀ ਸੰਦੇਸ਼ ਲਿਖਿਆ ਹੈ, ਇਕ ਥਾਂ ਲਿਖਦੇ ਹਨ –

***ਬਾਰਹ ਬਰਸ ਹਮ ਕਾਸੀ ਬਾਸੀ ਹੋਇ ਕਰ,***
***ਦਧੀ ਜਿਉਂ ਬਿਲੋਏ ਬੇਦ ਕਸਰ ਨ ਰਾਈ ਹੈ।***
***ਪੂਰਬ ਮੀਮਾਂਸਾ ਪੁਨ ਉਤਰ ਮੀਮਾਂਸਾ ਪੜ੍ਹਿਓ,***
***ਐਸੀ ਕੌਣ ਬਾਤ ਹੈ ਜੋ ਹਮ ਕੋ ਨ ਆਈ ਹੈ।***
***ਨਿਆਇ ਮੇ ਨ ਬੋਲਣੇ ਦੇਊਂ ਬ੍ਰਹਮਾ ਕਿਉਂ ਨ ਹੋਵੇ ਭਾਵੇਂ,***
***ਸਾਂਖ ਔ ਪਤੰਜਲ ਕੀ ਧੂੜ ਸੀ ਉਡਾਈ ਹੈ।***
***ਕਹੇ ਤੋ ਮੁਕੰਦ ਏਕ ਲੋਭ ਖੂਬੀ ਬਲੀ ਦੇਖਿਓ,***
***ਧਨੀ ਅਗੇ ਕੂਕਰ ਜੈਸੀ ਪੂੰਛਰੀ ਹਿਲਾਈ ਹੈ।***

ਇਹ ਸਾਰੀਆਂ ਲਾਲਸਾਵਾਂ ਮੋਖ ਪੰਥ ਦੀਆਂ ਵੈਰਨਾਂ ਹੋਇਆ ਕਰਦੀਆਂ ਹਨ ਪਰ ਸੰਤ ਮਹਾਰਾਜ ਜੀ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉਪਰ ਲੰਘ ਗਏ ਸਨ। ਜਦੋਂ ਦੀਰਘ ਵਿਚਾਰ ਕਰੀਦੀ ਹੈ ਤਾਂ ਇਹੀ ਅਨੁਭਵ ਹੁੰਦਾ ਹੈ ਕਿ ਆਪ ਧੁਰੋਂ ਦਰਗਾਹ ਤੋਂ ਭੇਜੇ ਗਏ ਸਨ ਅਤੇ ਲੱਖਾਂ ਜੀਵਾਂ ਦੇ ਦਿਲਾਂ ਨੂੰ ਜਿੱਤ ਕੇ ਪ੍ਰਭੂ ਭਗਤੀ ਵਲ ਲਾਇਆ। ਜਿਸ ਅਵਸਥਾ ਵਿਚ ਆਪ ਲੰਘ ਰਹੇ ਸਨ ਉਹ ਬਹੁਤ ਹੀ ਉਤਸ਼ਾਹਜਨਕ ਸੀ, ਘਾਲ ਕਮਾਈ ਕਰਦਿਆਂ ਆਪ ਇਕੋ ਹੀ ਲਗਨ ਵਿਚ ਲੱਗੇ ਹੋਏ ਸਨ ਕਿ ਵਸਲ (ਮਿਲਾਪ) ਤੋਂ ਉਰ੍ਹੇ ਕਿਸੇ ਥਾਂ ਠਹਿਰਨਾ ਨਹੀਂ ਹੈ। ਭਾਈ ਵੀਰ ਸਿੰਘ ਜੀ ਦੀ ਕਵਿਤਾ ਇਥੇ ਸਾਕਾਰ ਰੂਪ ਧਾਰਨ ਕਰ ਰਹੀ ਸੀ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਓਹ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓਹ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ -***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

***ਭਾਈ ਵੀਰ ਸਿੰਘ ਜੀ***

□□□□□□□□

***'ਚਲਦਾ'***

## ਕਬਿੱਤ

***ਸੰਤ ਕਲਿਆਣ ਦਾਸ ਜੀ***

ਨੀਤੀ ਮੈਂ ਨਿਪੁੰਨ ਬੜੇ, ਬੁਧਿ ਕੇ ਮਹਾਨ ਕੋਸ਼
ਬਾਣੀ ਸੁਰਤਿ ਸਿਮਰਤੀ, ਵਿਦਿਆ ਕੇ ਭੰਡਾਰ ਹੈਂ।
ਗਰੀਬੁਲ ਨਿਵਾਜਬੜੇ, ਮਹਾਂਧਨੀ ਲੰਗਰ ਕੇ,
ਕਿਸੂ ਕੇ ਵਿਰੋਧੀ ਨਾਹਿ, ਮਿਤ੍ਰਤਾ ਅਗਾਰ ਹੈਂ।
ਰਸ ਭਿੰਨਾ ਕੀਰਤਨ, ਗੁਰੂ ਗਿਰਾ ਵਖਿਆਨ,
ਹਸਮੁੱਖ ਮੋਹਿ ਲੇਤ, ਸੁੰਦਰ ਦੀਦਾਰ ਹੈਂ।
ਦ੍ਵੈਤ ਕੇ ਮਿਟਾਣਹਾਰੇ, ਪਿਆਰੇ ਬੜੇ ਸਾਧੂਆਂ ਕੇ,
ਕਲਿਆਣ ਪਿਆਰ ਕਰੈ, ਨਿਰੇ ਰੂਪ ਪਿਆਰ ਹੈਂ।

### ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – ਸਮਾਂ ਸਵੇਰੇ 12.00 ਵਜੇ ਤੋਂ ਬਾਦ ਦੁਪਿਹਰ 4.00 ਵਜੇ ਤੱਕ – 1, 8, 15, 22 ਫਰਵਰੀ, ਕੋਠੀ ਨੰ: 781, 3ਬੀ1 ਮੋਹਾਲੀ।

**ਪੂਰਨਮਾਸ਼ੀ** – 11 ਫਰਵਰੀ, ਦਿਨ ਬੁੱਧਵਾਰ, ਰਤਵਾੜਾ ਸਾਹਿਬ

**ਸੰਗਰਾਂਦ** - 12 ਫਰਵਰੀ, ਦਿਨ ਵੀਰਵਾਰ, ਰਤਵਾੜਾ ਸਾਹਿਬ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** - 26 ਫਰਵਰੀ, ਦਿਨ ਵੀਰਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

### ਬਾਹਰਲੇ ਦੇਸ਼ਾਂ ਵਿਚ ਮਿਸ਼ਨ ਦੇ ਕੇਂਦਰ ਜਿਥੋਂ 'ਆਤਮ ਮਾਰਗ' ਤੇ ਵੀਡੀਓ ਕੈਸਟਾਂ ਉਪਲਬਧ ਹਨ

| **ਅਮਰੀਕਾ:** | **ਫੋਨ ਨੰ:** |
|---|---|
| ਸ. ਮਹਿੰਦਰ ਸਿੰਘ ਗਿੱਲ | 209-667-5536 |
| | 209-632-0592 |
| ਸ. ਸਤਨਾਮ ਸਿੰਘ ਅਟਵਾਲ | 408-263-1844 |
| **ਕੈਨੇਡਾ:** | |
| ਸ. ਜਸਵੀਰ ਸਿੰਘ ਰਾਨੂੰ | 604-589-9189 |
| ਸ. ਸਰਮੁਖ ਸਿੰਘ ਪੰਨੂੰ | 604-433-0480 |
| **ਇੰਗਲੈਂਡ** : | |
| ਸ. ਸੁਖਜਿੰਦਰ ਸਿੰਘ ਖੈਹਰਾ | 01922-641-320 |
| | 01922-610-671 |
| ਫੈਕਸ : | 0121-502 3954 |
| ਬੀਬੀ ਸੁਖਦੇਵ ਕੌਰ ਚੀਮਾ | 01234-76-7602 |
| **ਆਸਟਰੇਲੀਆ** : | |
| ਸ. ਜੀਵਨ ਸਿੰਘ | 03-436-6898 |
| **ਹਾਲੈਂਡ** : | |
| ਸ. ਜਗੀਰ ਸਿੰਘ | 010-2124-608 |

# ਇਕ ਵਿਲੱਖਣ ਭੇਟ

ਪ੍ਰਧਾਨ ਮੰਤਰੀ ਗੁਜਰਾਲ ਅਤੇ ਮੁੱਖ ਮੰਤਰੀ ਬਾਦਲ ਦੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਤੇ ਮੁਖੀ ਨਾਲ ਹੋਈ ਭੇਂਟ ਦਾ ਸਾਰੰਸ਼

ਜਦ ਤੋਂ ਅੰਗ੍ਰੇਜ਼ੀ ਅਖਬਾਰ ਟ੍ਰਿਬਿਊਨ ਮਿਤੀ ਦਸੰਬਰ 22, 1997 ਵਿਚ ਸੰਤ ਮਹਾਰਾਜ ਜੀ ਦੀ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨਾਲ ਹੋਈ ਭੇਂਟ ਦੀ ਖਬਰ ਫੋਟੋ ਸਣੇ ਛਪੀ ਹੈ, ਤਦ ਤੋਂ ਸਾਨੂੰ ਅਨੇਕ ਸੰਗਤਾਂ ਦੇ ਟੈਲੀਫੋਨ ਆ ਰਹੇ ਹਨ ਅਤੇ ਇਸ ਬਾਰੇ ਜਾਣਕਾਰੀ ਮੰਗੀ ਜਾ ਰਹੀ ਹੈ। ਅਸੀਂ ਪਾਠਕਾਂ ਦੀ ਜਾਣਕਾਰੀ ਹਿਤ ਇਸ ਮੁਲਾਕਾਤ ਦਾ ਸਾਰੰਸ਼ ਹੇਠ ਦੇ ਰਹੇ ਹਾਂ।

ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨੇ ਮਿਤੀ 17-12-97 ਨੂੰ ਚੰਡੀਗੜ੍ਹ ਅਤੇ ਮੋਹਾਲੀ ਆਉਣਾ ਸੀ ਅਤੇ ਪੰਜ ਥਾਵਾਂ ਤੇ ਉਨ੍ਹਾਂ ਨੇ ਕਾਰਜ-ਪੂਰਤੀਆਂ ਲਈ ਪੁੱਜਣਾ ਸੀ। ਇਨ੍ਹਾਂ ਵਿਚੋਂ ਇਕ ਥਾਂ ਸੀ, CRRID ਜਿਥੇ ਉਨ੍ਹਾਂ ਨੇ Centre for Creative Arts ਦਾ ਉਦਘਾਟਨ ਕਰਨਾ ਸੀ। ਇਸ ਕੇਂਦਰ ਦੇ ਡਾਇਰੈਕਟਰ ਸ੍ਰੀ ਰਛਪਾਲ ਮਲਹੋਤਰਾ, ਜੋ ਸੰਤ ਮਹਾਰਾਜ ਜੀ ਦੇ ਅੰਨਿਨ ਸੇਵਕ ਹਨ ਨੇ ਆਪ ਜੀ ਨੂੰ CRRID ਵਲੋਂ ਦਰਸ਼ਨ ਦੇਣ ਅਤੇ 3-4 ਮਿੰਟ ਲਈ ਸਰੋਤਿਆਂ ਨੂੰ ਸੰਬੋਧਨ ਕਰਨ ਲਈ ਬੇਨਤੀ ਕੀਤੀ। ਆਪ ਜੀ ਨੇ ਜਾਣਾ ਪ੍ਰਵਾਨ ਕਰ ਲਿਆ। ਆਪ ਜੀ ਇਕ ਵੱਖਰੇ ਕਮਰੇ ਵਿਚ ਸ਼ੋਭਨੀਕ ਸਨ ਜਦ ਕਿ ਸ੍ਰੀ ਗੁਜਰਾਲ ਜੀ ਨੇ ਆਪ ਜੀ ਦੇ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਸ੍ਰੀ ਗੁਜਰਾਲ ਜੀ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੀ ਸੰਤ ਜੀ ਦੇ ਦਰਸ਼ਨ ਕਰਨ ਅਤੇ ਅਸੀਸ ਲੈਣ ਆਏ। ਆਪਣੀ ਸ਼ਰਧਾ ਅਤੇ ਸਤਿਕਾਰ ਭੇਂਟ ਕਰਨ ਉਪਰੰਤ ਉਹ ਕੁਝ ਚਿਰ ਲਈ ਓਥੇ ਹੀ ਬੈਠ ਗਏ ਅਤੇ ਕੁਝ ਪ੍ਰਵਚਨ ਸੁਣਨ ਦੀ ਇੱਛਾ ਪ੍ਰਗਟ ਕੀਤੀ। ਉਨ੍ਹਾਂ ਨੂੰ ਸੰਤ ਮਹਾਰਾਜ ਜੀ ਬਾਰੇ ਪਹਿਲਾਂ ਹੀ ਇਹ ਜਾਣਕਾਰੀ ਪ੍ਰਾਪਤ ਸੀ ਕਿ ਆਪ ਜੀ ਪੁਸਤਕਾਂ ਰਾਹੀਂ, ਆਤਮ-ਮਾਰਗ ਮੈਗਜ਼ੀਨ ਰਾਹੀਂ ਅਤੇ ਆਡੀਓ ਵੀਡੀਓ ਫਿਲਮਾਂ ਰਾਹੀਂ ਮਾਨਵਤਾ, ਸੱਚ, ਧਰਮ, ਨੇਕੀ, ਨਾਮ ਸਿਮਰਨ ਦਾ ਪ੍ਰਚਾਰ ਬਿਨਾਂ ਕਿਸੇ ਪੱਖ ਪਾਤ ਤੋਂ ਬੜੇ ਵਿਗਿਆਨਕ ਢੰਗ ਨਾਲ ਕਰ ਰਹੇ ਹਨ। ਇਸ ਲਈ ਗੱਲਬਾਤ ਦਾ ਵਾਤਾਵਰਣ ਪਿਆਰ ਤੇ ਸ਼ਰਧਾ ਭਰਿਆ ਸੁਹਾਵਣਾ ਵਾਤਾਵਰਣ ਸੀ।

ਸੰਤ ਮਹਾਰਾਜ ਨੇ ਬੜੇ ਸੰਖੇਪ ਪਰ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਰਾਜੇ, ਸਾਸ਼ਕ, ਹਕੂਮਤ ਕਰਨ ਵਾਲੇ ਦਾ ਧਰਮੀ ਹੋਣਾ ਆਵਸ਼ਕ ਹੈ ਤਾਂ ਹੀ ਉਹ ਲੋਕਾਂ ਨਾਲ ਪਿਆਰ ਅਤੇ ਹਮਦਰਦੀ ਰਖੇਗਾ, ਉਨ੍ਹਾਂ ਦੇ ਦੁਖ ਸੁਖ ਦਾ ਭਾਈਵਾਲ ਹੋਵੇਗਾ, ਉਨ੍ਹਾਂ ਦੀਆਂ ਮੁਸ਼ਕਲਾਂ ਹਲ ਕਰੇਗਾ ਅਤੇ ਉਨ੍ਹਾਂ ਨਾਲ ਅੰਦਰੋਂ ਸਹਾਨਭੂਤੀ ਰਖੇਗਾ। ਜਿਹੜਾ ਧਰਮੀ ਨਹੀਂ, ਸੱਚ ਦਾ ਧਾਰਨੀ ਨਹੀਂ, ਰੱਬ ਦੇ ਭੈ ਵਿਚ ਨਹੀਂ, ਉਹ ਸਾਸ਼ਕ ਅਧਰਮੀ ਚੋਰ ਅਤੇ ਠੱਗ ਹੋ ਨਿਬੜਦਾ ਹੈ, ਪਾਪ ਕਮਾਉਂਦਾ ਹੈ, ਰਿਸ਼ਵਤਾਂ ਅਤੇ ਵੱਢੀਆਂ ਲੈਂਦਾ ਹੈ ਅਤੇ ਸਕੈਮਾ ਵਿਚ ਉਲਝ ਜਾਂਦਾ ਹੈ। ਸੰਤ ਮਹਾਰਾਜ ਜੀ ਨੇ ਦਸਿਆ ਕਿ 'ਧਰਮ' ਅਤੇ ਮਜ਼ਹਬ ਵਿਚ ਬਹੁਤ ਅੰਤਰ ਹੈ। ਧਰਮ ਤਾਂ ਯੂਨੀਵਰਸਲ ਕਰੈਕਟਰ ਹੈ ਜਿਸ ਦੇ ਅੰਗ ਹਨ, ਸੱਚ, ਦਇਆ, ਖਿਮਾ, ਸੰਤੋਖ, ਧੀਰਜ, ਸ਼ੀਲ, ਸੌਚ, ਅਹਿੰਸਾ, ਮਿੱਠਾ ਬੋਲਣਾ, ਛਲ ਕਪਟ ਤੋਂ ਦੂਰ ਰਹਿਣਾ, ਪਰਉਪਕਾਰੀ ਹੋਣਾ, ਬਚਨਾਂ ਦਾ ਪੱਕਾ ਹੋਣਾ, ਦੂਜਿਆਂ ਦੇ ਦੁਖ ਦਰਦ ਨੂੰ ਵੰਡਾਉਣਾ, ਹਉਮੈ ਤੋਂ ਮੁਕਤ ਹੋਣਾ, ਪ੍ਰਾਪਤ ਹੋਈ ਪਦਵੀ ਤੇ ਸ਼ਕਤੀ ਨੂੰ ਪਰਮਾਤਮਾ ਦੀ ਦਾਤ ਮੰਨ ਕੇ ਲੋਕ ਭਲਾਈ ਦੇ ਕੰਮ ਕਰਨੇ ਆਦਿ। ਮਜ਼ਹਬ ਤਾਂ ਸੰਪਰਦਾ ਹੁੰਦੀ ਹੈ ਜਿਸ ਵਿਚ ਮਨੁੱਖ ਰਹੁਰੀਤਾਂ ਅਤੇ ਕਰਮਕਾਂਡਾਂ ਵਿਚ ਸੀਮਤ ਹੋ ਕੇ ਰਹਿ ਜਾਂਦਾ ਹੈ ਅਤੇ ਸਰਬ ਮਨੁੱਖਤਾ ਦੇ ਪਿਆਰ ਤੋਂ ਟੁੱਟ ਜਾਂਦਾ ਹੈ। ਰਿਲਿਜਨ ਸ਼ਬਦ ਸੰਪਰਦਾ ਲਈ ਵਰਤਿਆ ਜਾਂਦਾ ਹੈ, ਧਰਮ ਬਹੁਤ ਉਚੀ ਸੁੱਚੀ ਵਸਤੂ ਹੈ।

ਬਾਬਾ ਜੀ ਨੇ ਦਸਿਆ ਕਿ ਰਾਜਾ ਜਨਕ, ਮਹਾਰਾਜਾ ਅਸ਼ੋਕ, ਮਹਾਰਾਜਾ ਬਿਕਰਮਾਜੀਤ, ਮਹਾਰਾਜਾ ਅਕਬਰ ਅਤੇ ਮਹਾਰਾਜਾ ਰਣਜੀਤ ਸਿੰਘ ਧਰਮੀ ਰਾਜੇ ਸਨ, ਉਨ੍ਹਾਂ ਨੂੰ ਲੋਕੀ ਹੁਣ ਤਕ ਯਾਦ ਕਰਦੇ ਹਨ। ਪਰ ਅੱਜ ਦੇ ਸਾਸ਼ਕ ਧਰਮੀ ਨਾ ਹੋ ਕੇ ਬਚਨਾਂ ਦੇ ਕੱਚੇ, ਅਤੇ ਨੀਵੀਂ ਬਿਰਤੀ ਵਾਲੇ ਬਣ ਗਏ ਹਨ। ਮਹਾਰਾਜ ਜੀ ਨੇ ਦਸਿਆ ਕਿ ਉਨ੍ਹਾਂ ਦਾ ਮਾਰਗ ਵਿਲੱਖਣ ਅਤੇ ਵਖਰਾ ਹੈ। ਅੱਜ ਦੇ ਸਾਸ਼ਕਾਂ ਵਿਚੋਂ ਉਹ ਤਿੰਨ ਵਿਅਕਤੀਆਂ ਨੂੰ ਰੱਬੀ ਪਿਆਰ ਵਾਲੇ ਧਰਮੀ ਪੁਰਸ਼ ਮੰਨਦੇ ਹਨ ਜੋ ਮਨੁੱਖਤਾ ਦੀ ਸੇਵਾ ਵਿਚ ਲੱਗੇ ਹੋਏ ਹਨ ਅਤੇ ਮੈਂ ਉਨ੍ਹਾਂ ਲਈ ਅਰਦਾਸ ਕਰਦਾ ਹਾਂ। ਉਹ ਹਨ ਡਾ. ਮਨਮੋਹਣ ਸਿੰਘ ਜੀ, ਸਾਬਕਾ ਵਿਤ ਮੰਤਰੀ ਜਿਨ੍ਹਾਂ ਨੇ ਭਾਰਤ ਦੀ ਡੁੱਬ ਰਹੀ ਆਰਥਕਤਾ ਨੂੰ ਬਚਾਇਆ। ਦੂਜੇ ਹਨ ਸ੍ਰੀ ਇੰਦਰ ਕੁਮਾਰ ਗੁਜਰਾਲ, ਜਿਨ੍ਹਾਂ ਨੇ ਪੰਜਾਬ ਨਾਲ ਸੱਚੇ ਦਿਲੋਂ ਪਿਆਰ ਕੀਤਾ ਅਤੇ ਸਾਰੀ ਮਨੁਖਤਾ ਦੀ ਸੇਵਾ ਵਿਚ ਲੱਗੇ ਹੋਏ ਹਨ। ਉਨ੍ਹਾਂ ਨੇ ਪੰਜਾਬ ਦੇ 8000 ਕ੍ਰੋੜ ਦੇ ਖਰਚੇ ਦਾ ਕੇਂਦਰ ਵਲੋਂ ਭੁਗਤਾਨ ਕਰਨ ਦੀ ਪ੍ਰਸੰਸਾਜਨਕ ਗੱਲ ਕੀਤੀ ਹੈ। ਤੀਜੇ ਹਨ ਸ. ਪ੍ਰਕਾਸ਼ ਸਿੰਘ ਬਾਦਲ ਜੋ ਪੰਜਾਬ ਅਤੇ ਹਿੰਦੁਸਤਾਨ ਹੀ ਨਹੀਂ, ਸਾਰੀ ਮਨੁੱਖਤਾ ਨੂੰ ਪਿਆਰ ਕਰਦੇ ਹਨ ਅਤੇ ਪੰਜਾਬ ਦੇ ਸੁਚੱਜੇ ਸਾਸ਼ਕ ਪ੍ਰਸਿੱਧ ਹੋ ਰਹੇ ਹਨ। ਇਨ੍ਹਾਂ ਤਿੰਨਾਂ ਧਰਮੀ ਬੰਦਿਆਂ ਨੂੰ ਯੂਨੀਵਰਸਲ ਰਿਲਿਜਨ ਅਰਥਾਤ ਧਰਮ ਦੇ ਧਾਰਨੀ ਅਤੇ ਪ੍ਰਤੀਨਿਧ ਕਿਹਾ ਜਾ ਸਕਦਾ ਹੈ। ਪ੍ਰਮਾਤਮਾ ਨੇ ਇਨ੍ਹਾਂ ਨੂੰ ਲੋਕ ਸੇਵਾ ਦਾ ਅਵਸਰ ਬਖਸ਼ਿਆ ਹੈ। ਮੇਰੀ ਅਰਦਾਸ ਹੈ ਕਿ ਵਾਹਿਗੁਰੂ ਇਨ੍ਹਾਂ ਦੀ ਲੋਕ ਸੇਵਾ ਦੇ ਮਹਾਨ ਕਾਰਜਾਂ ਵਿਚ ਸਹਾਇਤਾ ਕਰਨ, ਇਹ ਹੋਰ ਬੁਲੰਦੀਆਂ ਛੂਹਣ ਅਤੇ ਲੋਕ ਇਨ੍ਹਾਂ ਨੂੰ ਹਜ਼ਾਰਾਂ ਸਾਲ ਯਾਦ ਕਰਨ।

ਨੀਚੇ ਅਸੀਂ ਅੰਗ੍ਰੇਜ਼ੀ ਟ੍ਰਿਬਿਊਨ ਮਿਤੀ 22 ਦਸੰਬਰ 1997 ਵਿਚ ਛਪੀ ਖਬਰ ਪ੍ਰਦੇਸਾਂ ਵਿਚ ਵਸਦੇ ਪਾਠਕਾਂ ਦੀ ਜਾਣਕਾਰੀ ਹਿਤ ਸੰਖੇਪ ਰੂਪ ਵਿਚ ਅੰਗ੍ਰੇਜ਼ੀ ਵਿਚ ਛਾਪ ਰਹੇ ਹਾਂ।

The Tribune, Monday, December, 22 1997

The visit of Prime Minister Inder Kumar Gujral to the city and SAS Nagar last week was hectic. He not only attended all five functions as scheduled but had to axtend his stay overnight in the city, thanks to weather.

Inauguration of the Centre for Creative Arts at the Sector 19 CRRID Centre was the next venue for the Prime Minister. It was here that he had an opportunity to pay his obeisance to Sant Waryam Singh of Ratwara

Sahib (See photo by Manoj Mahajan). Before he entered the conference hall, the Director of CRRID asked him whether he would like to meet Sant Waryam Singh. The Prime Minister expressed spontaneous desire as he had heard a great deal about this crusader of secular, scientific and humanistic movement of Santji through his journal 'Atam Marg'. Mr Gujral was followed by Mr Parkash Singh Badal.

Sant Waryam Singh in his brief remarks made a clear distinction between 'mazhab' and 'religion' and talked about the essence of religion or "dharma".

Sant Waryam Singh concluded by saying that great Kings like Raja Janak and Maharaja Ranjit Singh are still respected and remembered. Today's leadership was full of thieves and unprincipled individuals.

"Since our path is different, I was, therefore, here to offer my prayers for three Godsmen whom I hold in great esteem and they are Dr Manmohan Singh, Mr Inder Kumar Gujral and S. Parkash Singh Badal. They have the opportunity to serve the state and the society as representatives of universal religion, that is, 'dharma', Sant Waryam Singh concluded.

ਇਸ ਵਿਲੱਖਣ ਭੇਂਟ ਸਬੰਧੀ ਮਿਲੇ ਸੰਦੇਸ਼ਾਂ ਵਿਚ ਇਕ ਸੰਦੇਸ਼ ਦਾ ਸੰਖੇਪ ਅਸਲ ਰੂਪ ਵਿਚ ਨਿਮਨ ਦਿਤਾ ਜਾਂਦਾ ਹੈ ਜੋ Shri I.S. Dosanjh, Zonal Manager, Bank of India, Chandigarh ਵਲੋਂ ਸ੍ਰੀ ਮਲਹੋਤਰਾ ਜੀ ਨੂੰ ਪ੍ਰਾਪਤ ਹੋਇਆ –

Respected Shri Malhotra

Thank you very Much for inviting me to join the august gathering during the Prime Minister's visit to your institute.

I must compliment you for the excellent arrangements and wonderful presentation. Maharaj Ji's short speech was very impressive and soul searching.

Thank you once again for the opportunity given to me to hear Maharaj Ji's as well as Shri I.K. Gujral, Prime Minister of India.

With kind regards,

***Sincerely yours,***
***(I.S. Dosanjh)***

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਵਰਿਆਮ ਸਿੰਘ ਜੀ ਵਲੋਂ

# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

### ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 30/- |
| 3. ਬਾਤ ਅਗੰਮ ਕੀ - ਛੇ ਭਾਗਾਂ ਵਿਚ | ਭੇਟਾ 125/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਹੋਵੈ ਅਨੰਦੁ ਘਣਾ | ਭੇਟਾ 25/- |
| 7. ਸੁਰਤਿਆਂ ਉਪਜੈ ਚਾਉ | ਭੇਟਾ 40/- |
| 8. ਬਾਬਾਣੀਆਂ ਕਹਾਣੀਆਂ | ਭੇਟਾ 50/- |
| 9. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 10. ਵਿਸਾਖੀ (ਇੰਗਲਿਸ਼ ਵਿਚ) | ਭੇਟਾ 5/- |
| ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| ਸਾਰੇ ਸੈਟ ਦੀ ਭੇਟਾ | 485/- |

### ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਛੇ ਭਾਗਾਂ ਵਿਚ | ਭੇਟਾ 185/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਹੋਵੈ ਅਨੰਦੁ ਘਣਾ | ਭੇਟਾ 30/– |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 10/- ਅਤੇ ਸਾਰਾ ਸੈਟ ਲੈਣ ਲਈ 25/- ਡਾਕ ਖਰਚਾ ਵੀ ਭੇਜਣ ਦੀ ਕਿਰਪਾਲਤਾ ਕਰੋ ਜੀ।

### - : ਮਿਲਣ ਦਾ ਪਤਾ : -

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**

(ਪਬਲੀਕੇਸ਼ਨ ਬਰਾਂਚ)

**ਐਸ.ਸੀ.ਐਫ 72, ਫੇਸ 7, ਐਸ. ਏ. ਐਸ ਨਗਰ,**

**ਮੋਹਾਲੀ - 160055**

**ਟੈਲੀਫੋਨ : (0172) 676608, 220972**

## ਪਾਠਕਾਂ ਦੇ ਸਹਿਯੋਗ ਹਿਤ ਯਾਚਨਾ

ਸਤਿਕਾਰਯੋਗ ਆਤਮ-ਮਾਰਗ ਦੇ ਪਾਂਧੀਓ! ਤੁਸੀਂ ਨਿਰਸੰਦੇਹ ਵਡਭਾਗੀ ਹੋ ਜੋ ਮਹਾਂਪੁਰਸ਼ਾਂ ਦੀ ਅਸੀਸ ਦੇ ਪਾਤਰ ਬਣੇ ਹੋ ਅਤੇ ਸਤਿਗੁਰੂ ਦੀਆਂ ਖੁਸ਼ੀਆਂ ਮਾਣ ਰਹੇ ਹੋ, 'ਧੁਰ ਕੀ ਬਾਣੀ' ਦੇ ਗੁਹਜ ਭਾਵ ਅਨੁਭਵੀ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਰਾਹੀਂ ਪੜ੍ਹ ਰਹੇ ਹੋ ਅਤੇ ਅਗੰਮ ਅਗੋਚਰ ਦੇ ਗੁਹਜ ਭਾਵ 'ਆਤਮ ਮਾਰਗ' ਰਾਹੀਂ ਆਪ ਪਾਸ ਪੁੱਜ ਰਹੇ ਹਨ। ਮਿਸ਼ਨ ਇਸ ਸਿਲਸਲੇ ਨੂੰ ਨਿਰੰਤਰ ਜਾਰੀ ਰਖਣਾ ਚਾਹੁੰਦਾ ਹੈ ਅਤੇ ਇਸ ਕਾਰਜ ਲਈ ਆਪ ਜੀ ਦੇ ਇਕ ਸਹਿਯੋਗ ਦੀ ਆਸ ਕਰਦਾ ਹੈ। 'ਆਤਮ ਮਾਰਗ' ਦਾ ਮੈਟਰ ਤਾਂ ਸਰਵੋਤਮ ਹੈ ਹੀ, ਪਰ ਨਾਲ ਹੀ ਕਾਗਜ਼, ਪ੍ਰਿੰਟ, ਫੋਟੋ, ਦਿਖ ਸਭ ਪੱਖੋਂ ਸਰਵੋਤਮਤਾ ਹੀ ਸਾਡਾ ਨਿਸ਼ਾਨਾ ਹੈ। ਮਿਸ਼ਨ ਨੇ ਖਰਚੇ ਦਾ ਕਦੀ ਧਿਆਨ ਨਹੀਂ ਕੀਤਾ, ਪ੍ਰਚਾਰ ਹੀ ਸਾਡਾ ਨਿਸ਼ਾਨਾ ਤੇ ਮੰਤਵ ਰਿਹਾ ਹੈ। ਇਹ ਘਾਟਾ ਕਿਤੇ ਵਿਘਨ ਨਾ ਬਣ ਜਾਵੇ, ਇਸ ਆਸ਼ੇ ਨੂੰ ਮੁੱਖ ਰਖਦਿਆਂ ਮਿਸ਼ਨ ਨੇ ਫੈਸਲਾ ਕੀਤਾ ਹੈ ਕਿ ਅਪ੍ਰੈਲ 1998 ਤੋਂ ਆਤਮ ਮਾਰਗ ਦਾ ਮੁੱਲ 15/- ਤੋਂ ਵਧਾ ਕੇ 20/- ਰੁਪਏ ਪ੍ਰਤੀ ਕਾਪੀ ਅਤੇ ਸਾਲ ਦਾ ਚੰਦਾ 200/- ਰੁ: ਪ੍ਰਤੀ ਸਾਲ ਕਰ ਦਿਤਾ ਜਾਵੇ। ਲਾਈਫ ਮੈਂਬਰਸ਼ਿਪ ਲਈ 2000/- ਰੁਪਏ ਭੇਟਾ ਹੋਵੇਗੀ। ਪਿਛਲੇ ਪ੍ਰਾਪਤ ਚੰਦਿਆਂ ਵਿਚ ਵਾਧਾ ਨਹੀਂ ਹੋਵੇਗਾ ਪ੍ਰੰਤੂ ਅਪ੍ਰੈਲ 1998 ਤੋਂ ਹੋਣ ਵਾਲੇ ਰਿਨਿਊਲ ਅਤੇ ਨਵੀਂ ਮੈਂਬਰਸ਼ਿਪ ਦੀ ਦਰ 200/- ਰੁ: ਪ੍ਰਤੀ ਸਾਲ ਹੋਵੇਗੀ। ਆਸ ਹੈ ਆਪ ਜੀ ਖੁਸ਼ੀ-ਖੁਸ਼ੀ ਸਹਿਯੋਗ ਦੇ ਕੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦੇ ਪਾਤਰ ਬਣੋਂਗੇ। ਅਦਾਰਾ 'ਆਤਮ ਮਾਰਗ' ਆਪ ਜੀ ਦਾ ਦਿਲੋਂ ਰਿਣੀ ਹੈ।

*ਮੁੱਖ ਸੰਪਾਦਕ*

## ਬਾਹਰਲੇ ਦੇਸ਼ਾਂ ਵਿਚ ਮਿਸ਼ਨ ਦੇ ਕੇਂਦਰ ਜਿਥੋਂ 'ਆਤਮ ਮਾਰਗ' ਤੇ ਵੀਡੀਓ ਕੈਸਟਾਂ ਉਪਲਬਧ ਹਨ

| **ਅਮਰੀਕਾ:** | **ਫੋਨ ਨੰ:** |
|---|---|
| ਸ. ਮਹਿੰਦਰ ਸਿੰਘ ਗਿੱਲ | 209-667-5536 |
| | 209-632-0592 |
| ਸ. ਸਤਨਾਮ ਸਿੰਘ ਅਟਵਾਲ | 408-263-1844 |
| **ਕੈਨੇਡਾ:** | |
| ਸ. ਜਸਵੀਰ ਸਿੰਘ ਰਾਨੂੰ | 604-589-9189 |
| ਸ. ਸਰਮੁਖ ਸਿੰਘ ਪੰਨੂੰ | 604-433-0480 |
| **ਇੰਗਲੈਂਡ :** | |
| ਸ. ਸੁਖਜਿੰਦਰ ਸਿੰਘ ਖੈਹਰਾ | 01922-641-320 |
| | 01922-610-671 |
| ਫੈਕਸ : | 0121-502 3954 |
| **ਆਸਟਰੇਲੀਆ :** | |
| ਸ. ਜੀਵਨ ਸਿੰਘ | 03-436-6898 |
| **ਹਾਲੈਂਡ :** | |
| ਸ. ਜਗੀਰ ਸਿੰਘ | 010-2124-608 |

ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਦੇਵ ਜੀ

Postal Regd. No. CHD.DIV. 74/98

ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

ਸ੍ਰੀ ਗੁਰੂ ਹਰਿਗੋਬਿੰਦ ਜੀ

Postal Regd. No. CHD.DIV. 74/98

ਸ੍ਰੀ ਗੁਰੂ ਹਰਿਗੋਬਿੰਦ ਜੀ

ਸ੍ਰੀ ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਅਮਰਦਾਸ ਜੀ

ਮੁੱਖ ਪੰਨੇ ਦੀ ਤਸਵੀਰ – ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲ ਵਿਚ ਟਿੰਡ ਦਾ ਸਰ੍ਹਾਣਾ ਰੱਖ ਕੇ ਪ੍ਰਭੂ 'ਮਿਤਰ ਪਿਆਰੇ' ਦੀ ਰਜ਼ਾ ਵਿਚ (ਲੇਖ ਪੰਨਾ 31 ਤੇ)